SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 9 ISSUE - 44
February 10, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਕਿਸਾਨ ਅੰਦੋਲਨ ਵਿਚ ਮੁੜ ਜਾਨ ਫੂਕਣ ਲਈ ਪੰਚਾਇਤਾਂ ਆਰੰਭ

### ਮੁੜ ਗੱਲਬਾਤ ਦਾ ਸੱਦਾ- ਸਰਕਾਰ, ਮੋਦੀ ਨੂੰ ਹਟਾਉਣ ਤੱਕ ਜਾਰੀ ਰਹੇਗਾ ਅੰਦੋਲਨ/ਮੋਰਚਾ



**ਨਵੀਂ ਦਿੱਲੀ- (ਬਿਊਰੋ)** ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦਾ ਧਰਨਾ ਪ੍ਰਦਰਸ਼ਨ ਬੁੱਧਵਾਰ ਨੂੰ 77ਵੇਂ ਦਿਨ ਵੀ ਜਾਰੀ ਹੈ। ਮਿਲੀ ਜਾਣਕਾਰੀ ਅਨੁਸਾਰ, ਕਿਸਾਨ ਅੰਦੋਲਨ ਬਾਰੇ ਸੰਯੁਕਤ ਮੋਰਚੇ ਦੀ ਬੈਠਕ, ਜਿੱਥੇ ਅੰਦੋਲਨ ਦੀ ਅਗਲੀ ਰਣਨੀਤੀ ਬਣਾਈ ਜਾਵੇਗੀ। ਲੋਕ ਸਭਾ ਅਤੇ ਰਾਜ ਸਭਾ ਵਿਚ ਪ੍ਰਧਾਨ ਮੰਤਰੀ ਅਤੇ ਖੇਤੀ ਮੰਤਰੀ ਦੇ ਖੇਤੀ ਕਾਨੂੰਨਾਂ ਬਾਰੇ ਦਿੱਤੇ ਸਪਸ਼ਟੀਕਰਨ ਤੋਂ ਬਾਅਦ ਸਰਕਾਰ ਨੇ ਇਕ ਵਾਰ ਫਿਰ ਕਿਹਾ ਹੈ ਕਿ ਕਿਸਾਨ ਆ ਕੇ ਗੱਲਬਾਤ ਕਰਨ, ਹਿੰਸਾ ਜਾਂ ਭੜਕਾਊ ਕਾਰਵਾਈਆਂ ਨਾਲ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਪਰ ਕਿਸਾਨਾਂ ਨੇ ਫਿਲਹਾਲ

(ਬਾਕੀ ਸਫਾ 9 'ਤੇ)

## ਬਰਮਾ 'ਚ ਸਥਿਤੀ ਤਣਾਅਪੂਰਨ ਜਨਤਕ ਰੋਹ ਹੋਰ ਵਧਿਆ



**ਰੰਗੂਨ (ਬਿਊਰੋ)** ਬਰਮਾ ਯਾਨਿ ਮਿਆਂਮਾਰ 'ਚ ਫੌਜੀ ਤਖ਼ਤਾਪਲਟ ਖ਼ਿਲਾਫ਼ ਲੋਕਾਂ ਦਾ ਗੁੱਸਾ ਘੱਟਣ ਦਾ ਨਾਂ ਨਹੀਂ ਲੈ ਰਿਹਾ ਹੈ। ਫੌਜ ਸਰਕਾਰ ਦੇ ਅੰਦੋਲਨ ਨੂੰ ਕੁਚਲਣ ਦੇ ਯਤਨਾਂ ਦੇ ਬਾਵਜੂਦ ਹਜ਼ਾਰਾਂ ਲੋਕ ਸੜਕਾਂ 'ਤੇ ਆ ਕੇ ਤਖ਼ਤਪਲਟ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਹਨ। ਇਹੀ ਨਹੀਂ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਭਜਾਉਣ ਲਈ ਦੰਗਾ ਕੰਟਰੋਲ ਹਥਿਆਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜਿਸ ਨਾਲ ਕਈ ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਪੁਲਿਸ ਨੇ ਹਵਾ 'ਚ ਫਾਈਰਿੰਗ ਕਰਨ ਦੇ ਨਾਲ ਹੀ ਰੱਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਹੈ। ਹੁਣ ਤਕ 100 ਤੋਂ ਜ਼ਿਆਦਾ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

'ਦਿ ਮਿਆਂਮਾਰ ਟਾਈਮਜ਼' ਮੁਤਾਬਕ ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਦੇ ਮੇਅਰ ਯੂ ਯੈਵਿਨ ਸਣੇ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਹਾਲਾਂਕਿ ਉਨ੍ਹਾਂ ਦੀ ਗ੍ਰਿਫਤਾਰੀ ਦਾ ਕਾਰਨ ਹਾਲੇ ਸਪੱਸ਼ਟ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ ਯੈਵਿਨ ਨੇ ਇੰਟਰਨੈੱਟ ਮੀਡੀਆ ਅਕਾਊਂਟ ਤੋਂ ਫੌਜ ਦੀ ਅਗਵਾਈ ਵਾਲੀ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ ਸੀ, ਜਿਸ ਕਾਰਨ ਉਨ੍ਹਾਂ ਦੀ ਗ੍ਰਿਫਤਾਰੀ ਹੋਈ ਹੈ।

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!




Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# 6 ਰਿਪਬਲੀਕਨ ਮੈਂਬਰਾਂ ਵੱਲੋਂ ਡੈਮੋਕਰੈਟਸ ਨਾਲ ਵੋਟਾਂ ਪਾਉਣ ਉਪਰੰਤ ਟਰੰਪ ਵਿਰੁੱਧ ਮਹਾਂਦੋਸ਼ ਮਾਮਲਾ ਸੰਵਿਧਾਨਕ ਤੌਰ 'ਤੇ ਜਾਇਜ਼ ਕਰਾਰ , ਸੈਨੇਟ ਵਿਚ ਮੁੱਢਲੀ ਬਹਿਸ ਮੁਕੰਮਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੈਨੇਟ ਵਿਚ ਬਹੁਗਿਣਤੀ ਨਾਲ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਂਦੋਸ਼ ਚਲਾਉਣ ਦਾ ਮਾਮਲਾ ਸੰਵਿਧਾਨਕ ਤੌਰ 'ਤੇ ਉਚਿੱਤ ਕਰਾਰ ਦੇ ਦਿੱਤਾ ਗਿਆ।

ਮਹਾਂਦੋਸ਼ ਕਾਰਵਾਈ ਜਾਇਜ਼ ਕਰਾਰ ਦੇਣ ਦੇ ਹੱਕ ਵਿਚ 54 ਤੇ ਵਿਰੋਧ ਵਿਚ 44 ਵੋਟਾਂ ਪਈਆਂ। 6 ਰਿਪਬਲੀਕਨ ਮੈਂਬਰਾਂ ਨੇ ਵੀ ਟਰੰਪ ਦੇ ਵਿਰੁੱਧ ਵੋਟਾਂ ਪਾਈਆਂ ਤੇ ਉਨ੍ਹਾਂ ਨੇ ਡੈਮੋਕਰੈਟਸ ਦਾ ਸਾਥ ਦਿੱਤਾ। ਲੰਘੇ ਦਿਨ ਸੈਨੇਟ ਵਿਚ ਮਹਾਂਦੋਸ਼ ਸਬੰਧੀ ਮੁੱਢਲੀ ਬਹਿਸ ਮੁਕੰਮਲ ਹੋ ਗਈ ਤੇ ਹੁਣ ਗਵਾਹੀ ਭੁਗਤਣਗੀਆਂ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਦੇ ਵਕੀਲਾਂ ਨੇ ਕਿਹਾ ਕਿ ਸਮੁੱਚੀ ਬਹਿਸ ਤੇ ਵਿਚਾਰ ਵਟਾਂਦਰਾ ਗੈਰ ਸੰਵਿਧਾਨ ਹੈ ਤੇ ਮਹਾਂਦੋਸ਼ ਲਈ ਲੋੜੀਂਦੀ ਪ੍ਰਕ੍ਰਿਆ ਨਹੀਂ ਅਪਣਾਈ ਗਈ। ਟਰੰਪ ਦੇ ਵਕੀਲਾਂ ਡੇਵਿਡ ਸ਼ੋਨ ਤੇ ਬਰੂਸਕੈਸਟਰ ਨੇ ਦਲੀਲ ਦਿੱਤੀ ਕਿ ਅਹੁੱਦਾ ਛੱਡ ਗਏ



ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਮੁਕੱਦਮਾ ਚਲਾਉਣਾ ਕਾਨੂੰਨੀ ਤੌਰ 'ਤੇ ਅਣਉਚਿੱਤ ਹੈ। ਉਨ੍ਹਾਂ ਕਿਹਾ ਕਿ ਹਮਲਾ ਖਤਰਨਾਕ ਸੀ ਪਰ ਇਸ ਲਈ ਟਰੰਪ ਜਿੰਮੇਵਾਰ ਨਹੀਂ ਹਨ। ਦੰਗਾਕਾਰੀਆਂ ਵਿਰੁੱਧ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਡੈਮੋਕਰੈਟਸ ਮੈਂਬਰਾਂ ਨੇ ਕਿਹਾ ਕਿ 6 ਜਨਵਰੀ ਨੂੰ ਟਰੰਪ ਵੱਲੋਂ ਆਪਣੇ ਭਾਸ਼ਣ ਵਿਚ ਆਪਣੇ ਸਮਰਥਕਾਂ ਨੂੰ ਹਿੰਸਾ ਲਈ ਉਕਸਾਇਆ ਗਿਆ ਸੀ ਜਿਸ ਤੋਂ ਬਾਅਦ ਉਹ ਹਮਲਾਵਰ ਹੋ ਗਏ ਤੇ ਕੈਪੀਟਲ ਹਿੱਲ ਉਪਰ ਹਮਲਾ ਕਰ ਦਿੱਤਾ। ਬਹੁਤ ਸਾਰੇ ਮੈਂਬਰਾਂ ਨੇ ਕਿਹਾ ਕਿ ਸੈਨੇਟ ਮੁਕੱਦਮਾ ਚਲਾਉਣ ਲਈ ਪਾਬੰਦ ਹੈ ਕਿਉਂਕਿ ਅਹੁੱਦਾ ਛੱਡਣ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਨੂੰ ਪ੍ਰਤੀਨਿੱਧ ਸਦਨ ਨੇ ਮਹਾਂਦੋਸ਼ੀ ਕਰਾਰ ਦੇ ਦਿੱਤਾ ਸੀ।

ਸੈਨਟ ਦੇ ਬਹੁਗਿਣਤੀ ਮੈਂਬਰਾਂ ਨੇ ਸਾਬਕਾ ਰਾਸ਼ਟਰਪਤੀ ਦੇ ਵਕੀਲਾਂ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਮਹਾਂਦੋਸ਼ ਚਲਾਉਣ ਦੀ ਵਕਾਲਤ ਕੀਤੀ।

# ਭਾਰਤ ਦੀ 2022 'ਚ ਜੀਡੀਪੀ. 11 ਫੀਸਦੀ ਰਹਿਣ ਦੀ ਪੇਸ਼ੀਨਗੋਈ

**ਨਵੀਂ ਦਿੱਲੀ –** ਸੰਸਦ ਵਿਚ ਈ-ਫਾਰਮੈਟ ਵਿਚ ਰੱਖੇ ਗਏ ਆਰਥਿਕ ਸਰਵੇਖਣ ਵਿਚ ਅਗਲੇ ਵਿੱਤੀ ਸਾਲ (2022-23) ਵਿਚ ਭਾਰਤ ਦੀ ਵਿਕਾਸ ਦਰ (ਜੀ.ਡੀ.ਪੀ.) 11 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ (ਕਰੋਨਾ) ਮਹਾਮਾਰੀ ਦੇ ਝੰਬੇ ਅਰਥਚਾਰੇ ਵਿਚ 'ਵੀ-ਆਕਾਰ' ਦਾ ਸੁਧਾਰ ਵੇਖਿਆ ਗਿਆ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਸਦਨ ਵਿਚ ਰੱਖੇ ਆਰਥਿਕ ਸਰਵੇਖਣ 2020-21 ਮੁਤਾਬਕ 31 ਮਾਰਚ 2021 ਨੂੰ ਖਤਮ ਹੋ ਰਹੇ ਮੌਜੂਦਾ ਵਿੱਤੀ ਸਾਲ ਵਿਚ ਦੇਸ਼ ਦੀ ਵਿਕਾਸ ਦਰ ਦੇ ਰਿਕਾਰਡ ਮਨਫੀ 7.7 ਫੀਸਦ ਰਹਿਣ ਦੇ ਆਸਾਰ ਹਨ। ਇਸ ਤੋਂ ਪਹਿਲਾਂ ਵਿੱਤੀ ਸਾਲ 1979-80 ਵਿਚ ਭਾਰਤ ਦੀ ਜੀ.ਡੀ.ਪੀ. ਮਨਫੀ 5.2 ਫੀਸਦ ਰਹੀ ਸੀ।

ਆਰਥਿਕ ਸਰਵੇਖਣ ਮੁਤਾਬਕ ਲੌਕਡਾਊਨ ਦੌਰਾਨ ਖੇਤੀ ਸੈਕਟਰ ਹੀ ਇਕੋ-ਇਕ ਅਜਿਹਾ ਖੇਤਰ ਸੀ, ਜਿਥੇ ਤੇਜੀ ਨਾਲ ਵਾਧਾ ਬਰਕਰਾਰ ਰਿਹਾ ਜਦੋਂਕਿ ਸੇਵਾਵਾਂ, ਨਿਰਮਾਣ ਤੇ ਉਸਾਰੀ ਖੇਤਰ ਨੂੰ ਕੋਵਿਡ-19 ਮਹਾਮਾਰੀ ਨੂੰ ਠੱਲ੍ਹ ਪਾਉਣ ਲਈ ਆਇਦ ਤਾਲਾਬੰਦੀ ਦੀ ਸਭ ਤੋਂ ਵੱਧ ਮਾਰ ਪਈ।

ਅਪਰੈਲ ਤੋਂ ਨਵੰਬਰ 2020 ਤੱਕ ਉਪਲਬਧ ਰੁਝਾਨਾਂ ਦੇ ਆਧਾਰ 'ਤੇ ਮੌਜੂਦਾ ਵਿੱਤੀ ਸਾਲ ਦੌਰਾਨ ਵਿੱਤੀ ਘਾਟਾ ਨਿਰਧਾਰਿਤ ਟੀਚੇ ਨਾਲੋਂ ਵੱਧ ਰਹਿਣ ਦਾ ਅਨੁਮਾਨ ਹੈ। ਸਰਵੇਖਣ ਕਹਿੰਦਾ ਹੈ ਕਿ ਵਸਤਾਂ ਤੇ ਸੇਵਾਵਾਂ ਦੀ ਦਰਾਮਦ ਦੇ ਰੁਝਾਨ ਨੂੰ ਵੇਖਦਿਆਂ ਅਜਿਹੀ ਆਸ ਕੀਤੀ ਜਾਂਦੀ ਹੈ ਕਿ 17 ਸਾਲਾਂ ਦੇ ਵਕਫੇ ਮਗਰੋਂ ਮੌਜੂਦਾ ਵਿੱਤੀ ਸਾਲ ਵਿੱਚ ਚਾਲੂ ਖਾਤੇ ਵਿਚ ਸਾਲਾਨਾ ਸਰਪਲੱਸ ਰਹੇਗਾ, ਜੋ ਜੀ.ਡੀ.ਪੀ. ਦਾ ਘੱਟੋ-ਘੱਟ 2 ਫੀਸਦ ਹੋਵੇਗਾ। ਸਰਵੇਖਣ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਵਿੱਤੀ ਸਾਲ ਵਿਚ ਵਿਕਾਸ ਦਰ ਮਨਫੀ 7.7 ਫੀਸਦ ਰਹਿਣ ਦਾ ਮੁੱਖ ਕਾਰਨ ਮਹਾਮਾਰੀ ਕਰਕੇ ਆਮ ਸਰਗਰਮੀਆਂ ਵਿਚ ਪਿਆ ਅੜਿੱਕਾ ਹੈ।

ਸਰਵੇਖਣ ਵਿਚ ਅਗਲੇ ਦੋ ਸਾਲਾਂ ਵਿਚ ਭਾਰਤੀ ਅਰਥਚਾਰੇ ਦੇ ਤੇਜੀ ਨਾਲ ਵਧਣ ਫੁੱਲਣ ਦੀ ਉਮੀਦ ਜਤਾਈ ਗਈ ਹੈ।

ਚੇਤੇ ਰਹੇ ਕਿ ਕੌਮਾਂਤਰੀ ਮੁਦਰਾ ਫੰਡ ਨੇ ਪਿਛਲੇ ਹਫਤੇ ਭਾਰਤ ਦੀ ਵਿਕਾਸ ਦਰ 11.5 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ। ਕੌਮੀ ਅੰਕੜਾ ਦਫਤਰ (ਐਨ.ਐਸ.ਓ.) ਵੱਲੋਂ ਜਾਰੀ ਕੌਮੀ ਆਮਦਨ ਦੇ ਅਗਾਊਂ ਅਨੁਮਾਨਾਂ ਮੁਤਾਬਕ ਭਾਰਤ ਦੀ ਜੀ.ਡੀ.ਪੀ. ਰਿਕਾਰਡ ਮਨਫੀ 7.7 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਉਧਰ, ਕੁਝ ਹੋਰਨਾਂ ਆਲਮੀ ਏਜੰਸੀਆਂ ਵੱਲੋਂ ਲਾਏ ਅਨੁਮਾਨਾਂ ਵਿਚ ਵੀ ਵਿੱਤੀ ਸਾਲ 2020-21 ਵਿਚ ਭਾਰਤ ਦੀ ਆਰਥਿਕ ਵਿਕਾਸ ਦਰ ਸੁੰਗੜਨ ਦਾ ਦਾਅਵਾ ਕੀਤਾ ਗਿਆ ਹੈ।

### ਵਿਅਕਤੀਗਤ ਸਿਹਤ ਸੂਚੀ 'ਚ ਭਾਰਤ ਨੂੰ 10ਵਾਂ ਸਥਾਨ

ਵਿਅਕਤੀਗਤ ਸਿਹਤ ਸੇਵਾ ਦੀ ਤਰੱਕੀ ਨੂੰ ਲੈ ਕੇ ਹਾਲ ਹੀ 'ਚ ਜਾਰੀ ਕੀਤੀ ਗਈ ਏਸ਼ੀਆ-ਪ੍ਰਸ਼ਾਂਤ ਦੇ 11 ਦੇਸ਼ਾਂ ਦੀ ਸੂਚੀ 'ਚ ਭਾਰਤ 10ਵੇਂ ਸਥਾਨ 'ਤੇ ਰਿਹਾ। ਇਕੋਨਮਿਸਟ ਇੰਟੈਲੀਜੈਂਸ ਯੂਨਿਟ (ਈ.ਆਈ.ਯੂ.) ਨੇ ਆਪਣੀ ਏਸ਼ੀਆ-ਪ੍ਰਸ਼ਾਂਤ ਵਿਅਕਤੀਗਤ ਸਿਹਤ ਸੂਚੀ ਰਿਪੋਰਟ 'ਚ ਇਸ ਖੇਤਰ ਦੇ 11 ਮੁਲਕਾਂ ਦੀ ਸਿਹਤ ਸੇਵਾ ਨਾਲ ਸਬੰਧਤ ਤਿਆਰੀਆਂ ਦਾ ਜਾਇਜ਼ਾ ਲਿਆ। ਇਨ੍ਹਾਂ ਮੁਲਕਾਂ 'ਚ ਆਸਟਰੇਲੀਆ, ਚੀਨ, ਜਪਾਨ, ਭਾਰਤ, ਇੰਡੋਨੇਸ਼ੀਆ, ਮਲੇਸ਼ੀਆ, ਸਿੰਗਾਪੁਰ, ਦੱਖਣੀ ਕੋਰੀਆ, ਤਾਇਵਾਨ, ਥਾਈਲੈਂਡ ਅਤੇ ਨਿਊਜੀਲੈਂਡ ਸ਼ਾਮਲ ਹੈ। ਇਸ ਦੌਰਾਨ ਸਹੀ ਸਮੇਂ 'ਤੇ ਸਹੀ ਵਿਅਕਤੀ ਨੂੰ ਢੁਕਵੀਂ ਸਿਹਤ ਸੇਵਾ ਮੁਹੱਈਆ ਕਰਨ ਬਾਰੇ ਮੁਲਾਂਕਣ ਕੀਤਾ ਗਿਆ।

ਰਿਪੋਰਟ ਅਨੁਸਾਰ ਸਿਹਤ ਸੂਚਨਾ ਤਹਿਤ ਭਾਰਤ 41 ਅੰਕਾਂ ਨਾਲ 10ਵੇਂ ਸਥਾਨ 'ਤੇ ਰਿਹਾ ਜਦਕਿ ਸਿਹਤ ਸੇਵਾਵਾਂ ਤਹਿਤ ਭਾਰਤ 24 ਅੰਕਾਂ ਨਾਲ 11ਵੇਂ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਵਿਅਕਤੀਗਤ ਤਕਨੀਕ ਤਹਿਤ ਭਾਰਤ 30 ਅੰਕਾਂ ਨਾਲ 9ਵੇਂ ਸਥਾਨ ਜਦਕਿ ਨੀਤੀ ਸੰਦਰਭ ਤਹਿਤ ਭਾਰਤ 48 ਅੰਕਾਂ ਨਾਲ ਪੰਜਵੇਂ ਸਥਾਨ 'ਤੇ ਰਿਹਾ। ਇਸ ਸੂਚੀ 'ਚ ਪਹਿਲੇ ਸਥਾਨ 'ਤੇ ਸਿੰਗਾਪੁਰ ਜਦਕਿ ਆਖਰੀ ਸਥਾਨ 'ਤੇ ਇੰਡੋਨੇਸ਼ੀਆ ਰਿਹਾ।




# ਉੱਤਰਾਖੰਡ ਤ੍ਰਾਸਦੀ- ਕਿਉਂ ਟੁੱਟਦੇ ਨੇ ਗਲੇਸ਼ੀਅਰ?









**ਚਮੋਲੀ (ਬਿਊਰੋ)–** "ਹਾਈਡਰੋ-ਪਾਵਰ ਪ੍ਰਾਜੈਕਟ ਆਰਥਿਕ ਤੌਰ 'ਤੇ ਜਿਆਦਾ ਖਰਚੀਲਾ ਸੌਦਾ ਹਨ। ਅਜਿਹੇ ਪ੍ਰਾਜੈਕਟਾਂ ਤੋਂ ਜੋ ਬਿਜਲੀ ਬਣਦੀ ਹੈ, ਉਸ ਦੀ ਲਾਗਤ 6 ਰੁਪਏ ਪ੍ਰਤੀ ਯੂਨਿਟ ਪੈਂਦੀ ਹੈ, ਜਦਕਿ ਵਿੰਡ ਅਤੇ ਸੋਲਰ ਐਨਰਜੀ ਤੋਂ ਬਿਜਲੀ ਪੈਦਾ ਕਰਨ ਵਿੱਚ 3 ਰੁਪਏ ਪ੍ਰਤੀ ਯੂਨਿਟ ਦਾ ਖਰਚ ਆਉਂਦਾ ਹੈ ਤਾਂ ਫਿਰ ਕਿਉਂ ਹਾਈਡਰੋ-ਪਾਵਰ ਪ੍ਰਾਜੈਕਟਾਂ ਨੂੰ ਇੱਕ ਤੋਂ ਬਾਅਦ ਇੱਕ ਮਨਜ਼ੂਰੀ ਦਿੱਤੀ ਜਾ ਰਹੀ ਹੈ? "ਉਹ ਵੀ ਉਦੋਂ, ਜਦੋਂ 7 ਸਾਲ ਪਹਿਲਾਂ ਅਜਿਹਾ ਹੀ ਭਿਆਨਕ ਮੰਜ਼ਰ ਉੱਤਰਾਖੰਡ ਵਿੱਚ ਇੱਕ ਵਾਰ ਪਹਿਲਾਂ ਵੀ ਦੇਖ ਚੁੱਕੇ ਹਾਂ।"

ਉੱਤਰਾਖੰਡ ਵਿੱਚ ਐਤਵਾਰ ਨੂੰ ਮਚੀ ਤਬਾਹੀ 'ਤੇ ਗੱਲ ਕਰਦੇ ਹੋਏ ਸਾਊਥ ਏਸ਼ੀਆ ਨੈੱਟਵਰਕਸ ਔਨ ਡੈਮਜ਼, ਰਿਵਰਜ਼ ਐਂਡ ਪੀਪਲ ਦੇ ਕਨਵੀਨਰ ਹਿਮਾਂਸ਼ੂ ਠੱਕਰ ਇਸੀ ਤੱਥ ਨਾਲ ਆਪਣੀ ਨਾਰਾਜ਼ਗੀ ਜ਼ਾਹਿਰ ਕਰਦੇ ਹਨ। ਐਤਵਾਰ ਦੇ ਹਾਦਸੇ ਦੇ ਬਾਅਦ ਲਗਭਗ 170 ਤੋਂ ਵੱਧ ਲੋਕ ਲਾਪਤਾ ਦੱਸੇ ਜਾ ਰਹੇ ਹਨ। ਇਸ ਸਾਰੇ ਨੁਕਸਾਨ ਦੇ ਪਿੱਛੇ ਉੱਤਰਾਖੰਡ ਦੇ ਚਮੋਲੀ ਵਿੱਚ ਚੱਲ ਰਹੇ ਹਾਈਡਰੋਪਾਵਰ ਪ੍ਰਾਜੈਕਟ ਨੂੰ ਇੱਕ ਵੱਡੀ ਵਜ੍ਹਾ ਦੱਸਿਆ ਜਾ ਰਿਹਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਵਜ੍ਹਾ ਨਾਲ ਜੰਗਲ ਕੱਟੇ ਜਾ ਰਹੇ ਹਨ, ਨਦੀਆਂ-ਨਾਲਿਆਂ ਦੇ ਵਹਾਅ ਨੂੰ ਰੋਕਿਆ ਜਾ ਰਿਹਾ ਹੈ। ਕੁਦਰਤ ਨਾਲ ਜਦੋਂ ਇਸ ਤਰ੍ਹਾਂ ਛੇੜਛਾੜ ਹੁੰਦੀ ਹੈ ਤਾਂ ਉਹ ਆਪਣੇ ਤਰੀਕੇ ਨਾਲ ਬਦਲਾ ਲੈਂਦੀ ਹੈ। ਕੇਦਾਰਨਾਥ ਵਿੱਚ ਹੋਏ 2013 ਦੇ ਹਾਦਸੇ ਦੇ ਬਾਅਦ ਉੱਥੋਂ ਚਾਰ ਧਾਮ ਪ੍ਰਾਜੈਕਟ 'ਤੇ ਕੰਮ ਸ਼ੁਰੂ ਹੈ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਇਸ ਪ੍ਰਾਜੈਕਟ ਵਿੱਚ 56 ਹਜ਼ਾਰ ਦਰੱਖਤ ਕੱਟੇ ਜਾਣੇ ਹਨ। ਅਜਿਹੇ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪ੍ਰਾਜੈਕਟਾਂ ਕਾਰਨ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਦੀ ਅਣਦੇਖੀ ਕੀਤੀ ਜਾ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਊਮਾ ਭਾਰਤੀ ਨੇ ਐਤਵਾਰ ਨੂੰ ਟਵੀਟ ਜ਼ਰੀਏ ਇਸੀ ਗੱਲ ਨੂੰ ਦੁਹਰਾਇਆ। ਉਨ੍ਹਾਂ ਨੇ ਲਿਖਿਆ, "ਇਸ ਸਬੰਧ ਵਿੱਚ ਜਦੋਂ ਮੈਂ ਮੰਤਰੀ ਸੀ, ਉਦੋਂ ਆਪਣੇ ਮੰਤਰਾਲੇ ਵੱਲੋਂ ਹਿਮਾਲਿਆ ਉੱਤਰਾਖੰਡ ਦੇ ਬੰਨ੍ਹਾਂ ਬਾਰੇ ਜੋ ਐਫੀਡੇਵਿਟ ਦਿੱਤਾ ਸੀ, ਉਸ ਵਿੱਚ ਇਹੀ ਬੇਨਤੀ ਕੀਤੀ ਸੀ ਕਿ ਹਿਮਾਲਿਆ ਦੀਆਂ ਪਹਾੜੀਆਂ ਬੇਹੱਦ ਸੰਵੇਦਨਸ਼ੀਲ ਹਨ, ਇਸ ਲਈ ਗੰਗਾ ਅਤੇ ਉਸ ਦੀਆਂ ਮੁੱਖ ਸਹਾਇਕ ਨਦੀਆਂ 'ਤੇ ਪਾਵਰ ਪ੍ਰਾਜੈਕਟ ਨਹੀਂ ਬਣਨੇ ਚਾਹੀਦੇ।" ਐਤਵਾਰ ਦੁਪਹਿਰ ਇੱਕ ਵਜੇ ਦੇ ਉਨ੍ਹਾਂ ਦੇ ਇਸ ਟਵੀਟ 'ਤੇ ਸਭ ਦੀ ਨਜ਼ਰ ਗਈ, ਪਰ ਸਾਲਾਂ ਤੋਂ ਉਹ ਜਿਨ੍ਹਾਂ ਪ੍ਰਾਜੈਕਟਾਂ ਬਾਰੇ ਜੋ ਕਹਿ ਰਹੀ ਸੀ, ਉਸ 'ਤੇ ਕਿਸੇ ਦਾ ਧਿਆਨ ਨਹੀਂ ਗਿਆ।

ਇਸ ਲਈ ਹੁਣ ਇਸ 'ਤੇ ਬਹਿਸ ਚੱਲ ਰਹੀ ਹੈ ਕਿ ਕੀ ਉੱਤਰਾਖੰਡ ਵਿੱਚ ਆਈ ਤ੍ਰਾਸਦੀ ਮਨੁੱਖ ਨਿਰਮਤ ਹੈ ਜਾਂ ਫਿਰ ਕੁਦਰਤੀ ਆਫ਼ਤ। ਅਜੇ ਤੱਕ ਇਸ ਗੱਲ 'ਤੇ ਪੁਖ਼ਤਾ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਤ੍ਰਾਸਦੀ ਕਿਵੇਂ ਸ਼ੁਰੂ ਹੋਈ ਹੈ। ਪਰ ਜਾਣਕਾਰ ਇਸ ਗੱਲ 'ਤੇ ਇੱਕ ਰਾਇ ਜ਼ਰੂਰ ਰੱਖਦੇ ਹਨ ਕਿ ਤ੍ਰਾਸਦੀ ਕੁਦਰਤੀ ਹੈ, ਪਰ ਮਨੁੱਖ ਨਿਰਮਤ ਕਾਰਜਾਂ ਨੇ ਇਸ ਨੂੰ ਜਿਆਦਾ ਭਿਆਨਕ ਬਣਾ ਦਿੱਤਾ ਹੈ।

### ਕਿਵੇਂ ਹੋਇਆ ਹਾਦਸਾ?

ਪੁਲਾੜ ਉਪਯੋਗ ਕੇਂਦਰ, ਉੱਤਰਾਖੰਡ ਦੇ ਨਿਰਦੇਸ਼ਕ ਪ੍ਰੋਫੈਸਰ ਮਹੇਂਦਰ ਪ੍ਰਤਾਪ ਸਿੰਘ ਬਿਸ਼ਟ ਕਹਿੰਦੇ ਹਨ, "ਇੱਕ ਹਫ਼ਤਾ ਪਹਿਲਾਂ ਤੱਕ ਉੱਥੋਂ ਦਾ ਜੋ ਡੇਟਾ ਸਾਡੇ ਕੋਲ ਉਪਲੱਬਧ ਹੈ, ਉਸ ਵਿੱਚ ਅਜਿਹਾ ਕੋਈ ਡੇਟਾ ਨਹੀਂ ਹੈ ਜੋ ਇਹ ਦੱਸਦਾ ਹੋਵੇ ਕਿ ਉੱਥੇ ਕੋਈ ਗਲੇਸ਼ੀਅਰ ਲੇਕ ਯਾਨੀ ਗਲੇਸ਼ੀਅਰ ਦੀ ਝੀਲ ਹੋਵੇ। ਉਂਜ ਤਾਂ ਅਜਿਹੀ ਝੀਲ ਕੁਝ ਘੰਟਿਆਂ ਵਿੱਚ ਵੀ ਬਣ ਸਕਦੀ ਹੈ, ਕਈ ਵਾਰ ਕਈ ਸਾਲ ਵੀ ਲੱਗ ਜਾਂਦੇ ਹਨ।" ਪਰ ਉਹ ਮੰਨਦੇ ਹਨ ਕਿ ਰਿਸ਼ੀ ਗੰਗਾ ਪ੍ਰਾਜੈਕਟ ਦੇ ਉੱਪਰ ਕਿਧਰੇ ਕੋਈ ਰੁਕਾਵਟ ਤਾਂ ਬਣੀ ਹੈ ਜੋ ਦੋ-ਚਾਰ ਘੰਟੇ ਤੱਕ ਰਹੀ ਹੈ। ਇਸ ਦੇ ਪਿੱਛੇ ਦੋ ਵਜ੍ਹਾ ਹੋ ਸਕਦੀ ਹੈ- ਬਰਫ਼ਬਾਰੀ ਜਾਂ ਜ਼ਮੀਨ ਦਾ ਖਿਸਕਣਾ। ਪੂਰੀ ਪ੍ਰਕਿਰਿਆ ਨੂੰ ਸਮਝਾਉਂਦੇ ਹੋਏ ਉਹ ਕਹਿੰਦੇ ਹਨ, "ਉੱਪਰੋਂ ਜਾਂ ਤਾਂ ਕਿਸੇ ਤਰ੍ਹਾਂ ਜ਼ਮੀਨ ਖਿਸਕੀ ਹੋਈ ਹੈ ਅਤੇ ਹੇਠ ਦਾ ਇਲਾਕਾ ਸਿੱਧੇ ਤੌਰ 'ਤੇ ਗਹਿਰਾ ਹੈ ਤਾਂ ਬੰਨ੍ਹ ਉਸ ਨੂੰ ਰੋਕ ਨਹੀਂ ਸਕਿਆ ਅਤੇ ਬੰਨ੍ਹ ਨੂੰ ਤੋੜਦੇ ਹੋਏ ਪਾਣੀ ਤੇਜ਼ੀ ਨਾਲ ਬਲਾਸਟ ਕਰਦੇ ਹੋਏ ਹੇਠ ਗਿਆ ਹੋਵੇ।" ਦੂਜਾ ਕਾਰਨ ਗਲੇਸ਼ੀਅਰ ਹੋ ਸਕਦਾ ਹੈ। ਉਸ ਇਲਾਕੇ ਵਿੱਚ ਦੋ ਗਲੇਸ਼ੀਅਰ ਹਨ ਰਾਮਣੀ ਅਤੇ ਹਨੂਮਾਨ ਬਾਂਕ, ਜੋ ਰਿਸ਼ੀ ਗੰਗਾ ਦੇ ਸੱਜੇ ਅਤੇ ਖੱਬੇ ਕਿਨਾਰੇ 'ਤੇ ਤੀਬਰ ਢਲਾਣ 'ਤੇ ਹੈ। ਇਸ ਤੋਂ ਇਲਾਵਾ ਤ੍ਰਿਸ਼ੂਲ ਪਰਬਤ ਤੋਂ ਆਉਣ ਵਾਲੇ ਗਲੇਸ਼ੀਅਰ ਵਿੱਚ ਵੀ ਮਲਬਾ ਜ਼ਿਆਦਾ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਹੋ ਸਕਦਾ ਹੈ ਕਿ ਉੱਪਰ ਬਰਫ਼ਬਾਰੀ ਹੋਈ ਹੋਵੇ ਤਾਂ ਉਹ ਆਪਣੇ ਨਾਲ ਵੱਡਾ ਮਲਬਾ ਲੈਂਦੇ ਹੋਏ ਹੇਠ ਆਇਆ ਹੋਵੇ। ਰਿਸ਼ੀ ਗੰਗਾ ਹਾਈਡਰੋ ਇਲੈੱਕਟ੍ਰਿਕ ਪ੍ਰਾਜੈਕਟ ਮੁੱਖ ਰੂਪ ਨਾਲ ਰੈਣੀ ਪਿੰਡ ਵਿੱਚ ਚਲਾਇਆ ਜਾ ਰਿਹਾ ਹੈ। ਉੱਥੇ ਉਸ ਦਾ ਜਲ ਗ੍ਰਹਿਣ ਖੇਤਰ ਯਾਨਿ ਕੈਚਮੈਂਟ ਏਰੀਆ ਹੈ ਜੋ ਧੌਲੀ ਗੰਗਾ ਵਿੱਚ ਜਾ ਕੇ ਮਿਲਦਾ ਹੈ।

ਉੱਪਰੋਂ ਆਈਆਂ ਢਿੱਗਾਂ ਜਾਂ ਬਰਫ਼ਬਾਰੀ ਦੇ ਪਾਣੀ ਨੇ ਰੈਣੀ ਪਿੰਡ ਦੇ ਬੈਰੀਅਰ ਨੂੰ ਤੋੜਿਆ ਅਤੇ ਪਾਣੀ ਦਾ ਹੜ੍ਹ ਜਿਹਾ ਆਇਆ ਅਤੇ ਮਲਬੇ ਨਾਲ ਪਾਣੀ ਹੇਠਾਂ ਤਪੋਵਨ ਪ੍ਰਾਜੈਕਟ ਦੇ ਟਨਲ ਦੇ ਅੰਦਰ ਤੱਕ ਜਾ ਪਹੁੰਚਿਆ। ਇਸ ਦਾ ਮਤਲਬ ਇਹ ਹੈ ਕਿ ਤ੍ਰਾਸਦੀ ਦੀ ਸ਼ੁਰੂਆਤ ਤਾਂ ਕੁਦਰਤੀ ਤੌਰ 'ਤੇ ਹੋਈ, ਪਰ ਉਸ ਵਿੱਚ ਤੇਜ਼ੀ ਅਤੇ ਗਤੀ ਬੰਨ੍ਹ ਦੀ ਵਜ੍ਹਾ ਨਾਲ ਆਈ। ਉਂਜ ਤਾਂ ਬੰਨ੍ਹ ਪਾਣੀ ਦੀ ਗਤੀ ਨੂੰ ਰੋਕਣ ਲਈ ਬਣਾਏ ਜਾਂਦੇ ਹਨ, ਇਸ ਮਾਮਲੇ ਵਿੱਚ ਉਹ ਬੰਨ੍ਹ ਪਾਣੀ ਦੀ ਗਤੀ ਨੂੰ ਨਹੀਂ ਰੋਕ ਸਕਿਆ ਅਤੇ ਇਸ ਦੇ ਟੁੱਟਣ ਨਾਲ ਤਬਾਹੀ ਜਿਆਦਾ ਹੋਈ। ਇਸ ਲਈ ਸਵਾਲ ਉੱਠ ਰਹੇ ਹਨ ਕਿ ਅਜਿਹੀ ਜਗ੍ਹਾ 'ਤੇ ਹਾਈਡਰੋਪਾਵਰ ਪ੍ਰਾਜੈਕਟ ਨੂੰ ਮਨਜ਼ੂਰੀ ਕਿਉਂ ਦਿੱਤੀ ਗਈ, ਜਿੱਥੇ ਜ਼ਮੀਨ ਖਿਸਕਣ ਅਤੇ ਬਰਫ਼ਬਾਰੀ ਦੇ ਖ਼ਤਰੇ ਬਾਰੇ ਪਹਿਲਾਂ ਤੋਂ ਪਤਾ ਸੀ। ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਪ੍ਰਾਜੈਕਟ ਨੰਦਾ ਦੇਵੀ ਨੈਸ਼ਨਲ ਪਾਰਕ ਦੇ ਮੁਹਾਣੇ 'ਤੇ ਬਣਿਆ ਹੈ ਜਿਸ ਨੂੰ ਵਿਸ਼ਵ ਧਰੋਹਰ ਐਲਾਨਿਆ ਗਿਆ ਹੈ।

### ਗਲੇਸ਼ੀਅਰ ਲੇਕ ਨਾਲ ਕਿੰਨਾ ਨੁਕਸਾਨ?

ਪਦਮਸ਼੍ਰੀ ਨਾਲ ਸਨਮਾਨਤ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਗਲੇਸ਼ੀਅਰੋਲੌਜੀ ਦੇ ਪ੍ਰੋਫੈਸਰ ਰਹੇ ਸਈਦ ਇਕਬਾਲ ਹੁਸੈਨ ਕਹਿੰਦੇ ਹਨ ਕਿ ਉੱਤਰਾਖੰਡ ਦੇ ਗਲੇਸ਼ੀਅਰ ਅਤੇ ਕਸ਼ਮੀਰ ਵਿੱਚ ਮਿਲਣ ਵਾਲੇ ਗਲੇਸ਼ੀਅਰ ਬਿਲਕੁਲ ਅਲੱਗ ਕਿਸਮ ਦੇ ਹੁੰਦੇ ਹਨ। ਕਸ਼ਮੀਰ ਦੇ 'ਨੌਰਥ ਫੇਸਿੰਗ ਗਲੇਸ਼ੀਅਰ' ਵਿੱਚ ਮਲਬਾ ਨਹੀਂ ਹੁੰਦਾ, ਉਹ ਤੇਜ਼ੀ ਨਾਲ ਅੱਗੇ ਵਧਦੇ ਹਨ ਅਤੇ ਕਈ ਵਾਰ ਰਸਤੇ ਵਿੱਚ ਆਉਣ ਵਾਲੇ ਮਲਬੇ ਨੂੰ ਹਟਾਉਂਦੇ ਹੋਏ ਅੱਗੇ ਨਿਕਲ ਜਾਂਦੇ ਹਨ। ਉੱਥੇ ਉੱਤਰਾਖੰਡ ਦੇ 'ਸਾਊਥ ਫੇਸਿੰਗ ਗਲੇਸ਼ੀਅਰ' ਮਲਬੇ ਨਾਲ ਲੱਦੇ ਹੁੰਦੇ ਹਨ ਅਤੇ ਹੌਲੀ-ਹੌਲੀ ਅੱਗੇ ਵਧਦੇ ਹਨ। ਇਸ ਕਾਰਨ ਰਸਤੇ ਵਿੱਚ ਜੋ ਮਲਬਾ ਮਿਲਦਾ ਹੈ, ਉਹ ਉਸ 'ਤੇ ਠਹਿਰ ਜਿਹਾ ਜਾਂਦਾ ਹੈ। ਗਲੇਸ਼ੀਅਰ ਦੇ ਆਖਰੀ ਪੁਆਇੰਟ (ਟੋਂਗ) 'ਤੇ ਆ ਕੇ ਮਲਬਾ ਜਦੋਂ ਜਮ੍ਹਾਂ ਹੋ ਜਾਂਦਾ ਹੈ ਤਾਂ ਹੇਠਾਂ ਵੱਲ ਇੱਕ ਬੰਨ੍ਹ ਦਾ ਰੂਪ ਲੈ ਲੈਂਦਾ ਹੈ। ਤਾਪਮਾਨ ਘੱਟ ਹੋਣ ਕਾਰਨ ਉਸ ਮਲਬੇ ਦੇ ਹੇਠਾਂ ਬਰਫ਼ ਵੀ ਹੁੰਦੀ ਹੈ। ਉਸ ਦੇ ਪਿੱਛੇ ਜੋ ਪਾਣੀ ਜਮ੍ਹਾਂ ਹੁੰਦਾ ਹੈ, ਉਸ ਨੂੰ ਗਲੇਸ਼ੀਅਰ ਲੇਕ ਕਹਿੰਦੇ ਹਨ।

ਜਦੋਂ ਇਹ ਗਲੇਸ਼ੀਅਰ ਲੇਕ ਫਟਦੇ ਹਨ (ਬਰਫ਼ਬਾਰੀ ਜਾਂ ਭੂਚਾਲ ਜਾਂ ਕਿਸੇ ਹੋਰ ਵਜ੍ਹਾ ਨਾਲ) ਤਾਂ ਉਸ ਵਿੱਚ ਕਿਉਂਕਿ ਬਹੁਤ ਮਲਬਾ ਹੁੰਦਾ ਹੈ ਤਾਂ ਉਹ 'ਵਾਟਰ ਕੈਨਨ' ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਤਬਾਹੀ ਕਾਫ਼ੀ ਜ਼ਿਆਦਾ ਹੁੰਦੀ ਹੈ। ਸਈਦ ਇਕਬਾਲ ਕਹਿੰਦੇ ਹਨ ਕਿ "2004 ਵਿੱਚ ਉੱਤਰਾਖੰਡ ਦੇ ਗਲੇਸ਼ੀਅਰ ਲੇਕਸ 'ਤੇ ਵਾਡੀਆ ਇੰਸਟੀਚਿਊਟ ਨੇ ਇੱਕ ਰਿਪੋਰਟ ਤਿਆਰ ਕੀਤੀ ਸੀ ਜਿਸ ਵਿੱਚ ਉਸ ਇਲਾਕੇ ਵਿੱਚ 1400 ਅਜਿਹੇ 'ਗਲੇਸ਼ੀਅਰ ਲੇਕਸ' ਹੋਣ ਦਾ ਜ਼ਿਕਰ ਕੀਤਾ ਸੀ। 16 ਸਾਲ ਬਾਅਦ ਅੱਜ ਜ਼ਾਹਿਰ ਹੈ ਗਲੋਬਲ ਵਾਰਮਿੰਗ ਅਤੇ ਕਲਾਈਮੇਟ ਚੇਂਜ ਕਾਰਨ ਇਨ੍ਹਾਂ ਦੀ ਗਿਣਤੀ ਜ਼ਰੂਰ ਬਦਲੀ ਹੋਵੇਗੀ।"&;ਇਸ ਲਈ ਬਹੁਤ ਜ਼ਰੂਰੀ ਹੈ ਕਿ ਜੇਕਰ ਤੁਸੀਂ ਗਲੇਸ਼ੀਅਰ ਵਾਲੇ ਖੇਤਰ ਵਿੱਚ ਹੇਠਾਂ ਬੰਨ੍ਹ ਬਣਾ ਰਹੇ ਹੋ ਤਾਂ ਉਸ ਦੀ ਮੌਨੀਟਰਿੰਗ ਕਰਦੇ ਰਹੋ। ਇਸ ਲਈ ਹਾਈ ਕੁਆਲਿਟੀ ਸੈਟੇਲਾਈਟ ਇਮੇਜ਼ ਦੀ ਜ਼ਰੂਰਤ ਪੈਂਦੀ ਹੈ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਉਸ ਖੇਤਰ ਦੇ ਗਲੇਸ਼ੀਅਰ ਵਿੱਚ ਕਿਸ ਤਰ੍ਹਾਂ ਦੇ ਬਦਲਾਅ ਹੋ ਰਹੇ ਹਨ। ਜੇਕਰ ਸ਼ੁਰੂਆਤ ਤੋਂ ਇਸ ਨੂੰ ਮੌਨੀਟਰ ਕੀਤਾ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਹ ਗਲੇਸ਼ੀਅਰ ਕਿਸ ਪਾਸੇ ਵਧ ਰਹੇ ਹਨ ਜਾਂ ਸੁੰਗੜ ਰਹੇ ਹਨ ਜਾਂ ਪਾਣੀ ਨਿਕਲ ਰਿਹਾ ਹੈ ਜਾਂ ਨਹੀਂ।

ਜੇਕਰ ਪਹਿਲਾਂ ਪਤਾ ਲੱਗ ਸਕਦਾ ਕਿ ਕਿਸ ਖ਼ਤਰਨਾਕ ਪੱਧਰ ਤੱਕ ਪਾਣੀ ਵਧ ਗਿਆ ਹੈ ਤਾਂ ਪਾਣੀ ਨੂੰ ਬਣਾਉਟੀ ਤਰੀਕੇ ਨਾਲ ਕੱਢਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਸੀ। ਹਸਨੈਨ ਕਹਿੰਦੇ ਹਨ ਕਿ ਦਰਅਸਲ ਸਰਕਾਰ ਤੋਂ ਗ਼ਲਤੀ ਇੱਥੇ ਹੋਈ ਹੈ।

### ਹਾਈਡਰੋਪਾਵਰ ਪ੍ਰਾਜੈਕਟ ਕਾਰਨ ਨੁਕਸਾਨ ਜਿਆਦਾ

ਹਿਮਾਂਸ਼ੂ ਠੱਕਰ ਸਾਊਥ ਏਸ਼ੀਆ ਨੈੱਟਵਰਕਸ ਔਨ ਡੈਮਜ਼, ਰਿਵਰਜ਼ ਐਂਡ ਪੀਪਲ ਦੇ ਕਨਵੀਨਰ ਹਨ। ਬੰਨ੍ਹ, ਨਦੀਆਂ ਅਤੇ ਉਨ੍ਹਾਂ ਦੇ ਅਸਰ 'ਤੇ ਉਨ੍ਹਾਂ ਨੇ ਬਹੁਤ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ, "ਇਸ ਤ੍ਰਾਸਦੀ ਦੀ ਸ਼ੁਰੂਆਤ ਲਈ ਰਿਸ਼ੀ ਗੰਗਾ ਹਾਈਡਰੋਪਾਵਰ ਪ੍ਰਾਜੈਕਟ ਨੂੰ ਜ਼ੰਮਿਵਾਰ ਨਹੀਂ ਮੰਨਿਆ ਜਾ ਸਕਦਾ। ਇਸ ਦੀ ਸ਼ੁਰੂਆਤ ਪਾਵਰ ਪ੍ਰਾਜੈਕਟ ਦੇ ਉੱਪਰੋਂ ਕਿਧਰੇ ਹੋਈ ਹੈ, ਪਰ ਇਸ ਪ੍ਰਾਜੈਕਟ ਕਾਰਨ ਨੁਕਸਾਨ ਜ਼ਿਆਦਾ ਜ਼ਰੂਰ ਹੋਇਆ ਹੈ। ਇਸ ਇਲਾਕੇ ਵਿੱਚ ਨਾ ਸਿਰਫ਼ ਰਿਸ਼ੀ ਗੰਗਾ, ਬਲਕਿ ਉਸ ਦੇ ਹੇਠ ਇਕੱਠੇ ਕਈ ਪ੍ਰਾਜੈਕਟ ਬਣ ਰਹੇ ਹਨ। ਤਪੋਵਨ ਪ੍ਰਾਜੈਕਟ 'ਤੇ ਵੀ ਕੰਮ ਚੱਲ ਰਿਹਾ ਹੈ। ਉਸ ਦੇ ਹੇਠ ਵਿਸ਼ਣੂ ਪ੍ਰਯਾਗ ਪ੍ਰਾਜੈਕਟ ਹੈ, ਉਸ ਦੇ ਹੇਠ ਵਿਸ਼ਣੂ ਪ੍ਰਯਾਗ-ਪੀਪਲ ਕੋਠੀ ਹਾਈਡਰੋ ਪ੍ਰਾਜੈਕਟ ਚੱਲ ਰਿਹਾ ਹੈ। ਇਹ ਕੁਝ ਅਜਿਹੇ ਹੀ ਹਨ ਜਿਵੇਂ ਬੰਪਰ ਨਾਲ ਬੰਪਰ ਮਿਲਾ ਕੇ ਗੱਡੀਆਂ ਚੱਲਦੀਆਂ ਹੋਈਆਂ ਦਿਖਦੀਆਂ ਹਨ, ਇੱਕ ਖ਼ਤਮ ਹੋਇਆ ਨਹੀਂ, ਦੂਜਾ ਪ੍ਰਾਜੈਕਟ ਸ਼ੁਰੂ ਹੈ। ਇਨ੍ਹਾਂ ਪ੍ਰਾਜੈਕਟਾਂ ਕਾਰਨ ਵਾਤਾਵਰਣ ਨੂੰ ਕਿੰਨਾ ਨੁਕਸਾਨ ਹੁੰਦਾ ਹੈ, ਇਸ ਬਾਰੇ ਕੋਈ ਭਰੋਸੇਯੋਗ ਏਜੰਸੀ ਤੋਂ ਰਿਪੋਰਟ ਤਿਆਰ ਨਹੀਂ ਕਰਵਾਈ ਜਾਂਦੀ।&;ਇਸ ਤੋਂ ਇਲਾਵਾ ਇਸ ਵੱਲ ਵੀ ਧਿਆਨ ਨਹੀਂ ਦਿੱਤਾ ਜਾਂਦਾ ਕਿ ਇਨ੍ਹਾਂ ਦੇ ਕੈਚਮੈਂਟ ਏਰੀਆ ਵਿੱਚ ਕਿਸ ਤਰ੍ਹਾਂ ਦਾ ਖਤਰਾ ਹੈ। ਉਂਜ ਵੀ ਉੱਤਰਾਖੰਡ ਦੇ ਇਸ ਇਲਾਕੇ ਵਿੱਚ ਪਹਿਲਾਂ ਤੋਂ ਹਾਈਡਰੋਪਾਵਰ ਪ੍ਰਾਜੈਕਟ ਬਣਾਉਣ ਦੇ ਰਿਸਕ ਜ਼ਿਆਦਾ ਹਨ। ਉਸ ਦੇ ਉੱਪਰੋਂ ਜਦੋਂ ਅਸੀਂ ਇੱਕ ਦੇ ਬਾਅਦ ਇੱਕ ਇਸ ਤਰ੍ਹਾਂ ਦੇ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੰਦੇ ਜਾਂਦੇ ਹਾਂ ਤਾਂ ਖ਼ਤਰਾ ਜ਼ਿਆਦਾ ਵਧ ਜਾਂਦਾ ਹੈ।

ਜਿਵੇਂ ਕਿ ਸ਼ੁਰੂਆਤੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਪਹਿਲਾਂ ਬਰਫ਼ਬਾਰੀ/ਜ਼ਮੀਨ ਖਿਸਕੀ, ਉਸ ਨਾਲ ਗਲੇਸ਼ੀਅਰ ਫਟਿਆ ਅਤੇ ਫਿਰ ਉਹ ਤੇਜ਼ ਗਤੀ ਨਾਲ ਹੇਠ ਹਾਈਡਰੋਪਾਵਰ ਪ੍ਰਾਜੈਕਟ 'ਤੇ ਕਹਿਰ ਬਣ ਕੇ ਟੁੱਟਿਆ। ਇਨ੍ਹਾਂ ਬੰਨ੍ਹਾਂ ਕਾਰਨ ਪਹਿਲਾਂ ਇੱਕ ਰੁਕਾਵਟ ਪੈਦਾ ਹੁੰਦੀ ਹੈ, ਪਰ ਜਦੋਂ

**(ਬਾਕੀ ਅਗਲੇ ਸਫੇ 'ਤੇ)**

# ਮਿਊਂਸਪਲ ਚੋਣਾਂ ਤੋਂ ਪਹਿਲਾਂ ਹਿੰਸਾ, ਦੋ ਅਕਾਲੀ ਸਮਰਥਕਾਂ ਦੀ ਮੌਤ





**ਮੋਗਾ (ਬਿਊਰੋ)-** ਪੰਜਾਬ ਵਿੱਚ 14 ਫਰਵਰੀ ਨੂੰ ਹੋਣ ਜਾ ਰਹੀਆਂ ਲੋਕਲ ਬਾਡੀਜ਼ ਚੋਣਾਂ ਤੋਂ ਪਹਿਲਾਂ ਹੋਈ ਹਿੰਸਾ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ। ਪੰਜਾਬ ਦੇ ਮੋਗਾ ਸ਼ਹਿਰ 'ਚ ਅੱਧੀ ਰਾਤ ਦੇ ਕਰੀਬ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦਰਮਿਆਨ ਵੋਟਾਂ ਨੂੰ ਲੈ ਕੇ ਤਕਰਾਰ ਹੋ ਗਿਆ, ਜਿਸ ਮਗਰੋਂ ਦੋ ਜਣਿਆਂ ਨੂੰ ਗੱਡੀ ਹੇਠ ਦਰੜਿਆ ਗਿਆ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਬਰਾੜ ਦਾ ਕਹਿਣਾ ਹੈ ਕਿ ਸ਼ਹਿਰ ਦੇ ਦੁਸਾਂਝ ਰੋਡ 'ਤੇ ਅਕਾਲੀ ਦਲ ਵੱਲੋਂ ਆਪਣੇ ਉਮੀਦਵਾਰ ਦੇ ਹੱਕ ਵਿੱਚ ਘਰ-ਘਰ ਜਾ ਕੇ ਪ੍ਰਚਾਰ ਕੀਤਾ ਜਾ ਰਿਹਾ ਸੀ, ਜਦੋਂ ਇਹ ਘਟਨਾ ਵਾਪਰ ਗਈ।

"ਇਸ ਘਟਨਾ ਨੇ ਅਕਾਲੀ ਦਲ ਦੇ ਦੋ ਟਕਸਾਲੀ ਵਰਕਰਾਂ ਨੂੰ ਸਾਥੋਂ ਖੋਹ ਲਿਆ ਹੈ। ਇਹ ਕਾਂਗਰਸ ਪਾਰਟੀ ਦੀ ਬੌਖਲਾਹਟ ਦੀ ਨਿਸ਼ਾਨੀ ਹੈ ਕਿਉਂਕਿ ਕਾਂਗਰਸ ਨੂੰ ਸਥਾਨਕ ਚੋਣਾਂ ਵਿੱਚ ਆਪਣੀ ਹਾਰ ਸਪਸ਼ਟ ਨਜ਼ਰ ਆ ਰਹੀ ਹੈ।"

ਪੁਲਿਸ ਨੇ ਇਸ ਸਬੰਧ ਵਿੱਚ ਥਾਣਾ ਸਿਟੀ ਮੋਗਾ ਵਿਖੇ ਭਾਰਤੀ ਦੰਡ ਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਹੇਠ 10 ਜਣਿਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ।

ਪੁਲਿਸ ਵੱਲੋਂ ਦਰਜ ਕੀਤੀ ਗਈ ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਧੜਿਆਂ ਦੇ ਤਕਰਾਰ ਸਮੇਂ ਇੱਕ ਵਿਅਕਤੀ ਨੇ ਇੱਕ ਫਾਰਚੂਨਰ ਗੱਡੀ ਨਾਲ ਦੋ ਵਿਅਕਤੀਆਂ ਨੂੰ ਦਰੜ ਦਿੱਤਾ।

ਪੁਲਿਸ ਮੁਤਾਬਿਕ ਇਸ ਹਾਦਸੇ ਵਿੱਚ ਹਰਮਿੰਦਰ ਸਿੰਘ ਦੀ ਮੋਗਾ ਦੇ ਸਿਵਲ ਹਸਪਤਾਲ ਵਿਚ ਮੌਤ ਹੋ ਗਈ ਜਦੋਂ ਕਿ ਜਗਦੀਪ ਸਿੰਘ ਭੋਲਾ ਨਾਂ ਦੇ ਵਿਅਕਤੀ ਨੇ ਲੁਧਿਆਣਾ ਦੇ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਦਮ ਤੋੜ ਦਿੱਤਾ।

**ਅਸ਼ਵਨੀ ਸ਼ਰਮਾ ਦੇ ਕਾਫ਼ਲੇ 'ਤੇ ਹਮਲਾ**

ਮੰਗਲਵਾਰ ਨੂੰ ਭਾਜਪਾ ਆਗੂਆਂ ਅਤੇ ਵਰਕਰਾਂ ਦਾ ਫਿਰੋਜ਼ਪੁਰ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ। ਖ਼ਬਰ ਮੁਤਾਬਕ ਸ਼ਹਿਰ ਦੀ ਮੱਲਵਾਲ ਰੋਡ ਸਥਿਤ ਸਿਟੀ ਪਲਾਜ਼ਾ ਪੈਲੇਸ ਅੱਗੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਹੇਠ ਕਿਸਾਨਾਂ ਨੇ ਕੇਂਦਰ ਸਰਕਾਰ ਤੇ ਭਾਜਪਾ ਖਿਲਾਫ਼ ਨਾਅਰੇਬਾਜ਼ੀ ਕੀਤੀ। ਇਸੇ ਦੌਰਾਨ ਕਿਸਾਨਾਂ ਨੇ ਅਸ਼ਵਨੀ ਸ਼ਰਮਾ ਦੀ ਗੱਡੀ ਉੱਪਰ ਹਮਲਾ ਕੀਤਾ ਅਤੇ ਪਿਛਲਾ ਸ਼ੀਸ਼ਾ ਤੋੜ ਦਿੱਤਾ। ਪੁਲਿਸ ਵੱਲੋਂ ਗੱਲ ਵਿਗੜਦੀ ਦੇਖ ਕੇ ਕਿਸਾਨਾਂ ਉੱਪਰ ਹਲਕੇ ਲਾਠੀਚਾਰਜ ਦਾ ਸਹਾਰਾ ਲਿਆ ਗਿਆ।

**ਸੁਖਬੀਰ ਸਿੰਘ ਬਾਦਲ ਦੀ ਗੱਡੀ 'ਤੇ ਹਮਲਾ**

ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਸੋਮਵਾਰ ਨੂੰ ਜਲਾਲਾਬਾਦ ਸਥਾਨਕ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਪਰਚੇ ਦਾਖ਼ਲ ਕਰਵਾਉਣ ਆਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਗੱਡੀ ਉਪਰ ਪਥਰਾਅ ਦੀ ਖ਼ਬਰ ਆਈ ਸੀ।

ਦੁਪਹਿਰ ਜ਼ਿਲ੍ਹਾ ਫਿਰੋਜ਼ਪੁਰ ਅਧੀਨ ਪੈਂਦੇ ਕਸਬਾ ਜਲਾਲਾਬਾਦ ਵਿਚ ਉਸ ਵੇਲੇ ਵਾਪਰੀ ਜਦੋਂ ਨਾਮਜ਼ਦਗੀਆਂ ਦਾਖ਼ਲ ਕਰਨ ਮੌਕੇ ਅਕਾਲੀ ਦਲ ਅਤੇ ਕਾਂਗਰਸ ਦੇ ਸਮਰਥਕ ਆਪਸ ਵਿਚ ਭਿੜ ਗਏ ਸਨ। ਇਸ ਮੌਕੇ ਹੋਈ ਪੱਥਰਬਾਜ਼ੀ ਵਿੱਚ ਸੁਖਬੀਰ ਸਿੰਘ ਬਾਦਲ ਦੀ ਗੱਡੀ ਨੂੰ ਨੁਕਸਾਨ ਪਹੁੰਚਿਆ ਹੈ ਜਦਕਿ ਪੁਲਿਸ ਪ੍ਰਸ਼ਾਸਨ ਨੇ ਦਖ਼ਲਅੰਦਾਜ਼ੀ ਕਰਦੇ ਹੋਏ ਦੋਵਾਂ ਧਿਰਾਂ ਨੂੰ ਖਦੇੜ ਦਿੱਤਾ ਜਿਸ ਕਾਰਨ ਹੋਰ ਵੱਡਾ ਟਕਰਾਅ ਹੋਣ ਤੋਂ ਟਲ ਗਿਆ।

# ਉੱਤਰਾਖੰਡ ਤ੍ਰਾਸਦੀ- ਕਿਉਂ ਟੁੱਟਦੇ ਨੇ ਗਲੇਸ਼ੀਅਰ?

**(ਸਫਾ 4 ਦੀ ਬਾਕੀ)**

ਉਹ ਬੰਨ੍ਹ ਵੀ ਉੱਪਰ ਤੋਂ ਆ ਰਹੇ ਗਲੇਸ਼ੀਅਰ ਦੇ ਪਾਣੀ ਦੀ ਗਤੀ ਨੂੰ ਨਹੀਂ ਰੋਕ ਪਾਉਂਦੇ ਅਤੇ ਟੁੱਟ ਜਾਂਦੇ ਹਨ ਤਾਂ ਪਾਣੀ ਦੀ ਗਤੀ ਦੁੱਗਣੀ ਹੁੰਦੀ ਹੈ ਅਤੇ ਉਸ ਨਾਲ ਨੁਕਸਾਨ ਹੋਰ ਜਿਆਦਾ ਹੁੰਦਾ ਹੈ। ਨਾਲ ਹੀ ਬੰਨ੍ਹ ਟੁੱਟਣ ਕਾਰਨ ਮਲਬਾ ਹੋਰ ਜਿਆਦਾ ਵਧ ਜਾਂਦਾ ਹੈ।


**...ਤਾਂ ਕਿ ਅੱਗੇ ਤੋਂ ਅਜਿਹੇ ਹਾਦਸੇ ਨਾ ਹੋਣ**

ਹਿਮਾਂਸ਼ੂ ਠੱਕਰ ਕਹਿੰਦੇ ਹਨ ਕਿ ਅੱਗੇ ਤੋਂ ਅਜਿਹੇ ਹਾਦਸੇ ਨਾ ਹੋਣ, ਇਸ ਲਈ ਜ਼ਰੂਰਤ ਹੈ ਕਿ ਜਦੋਂ ਕਦੇ ਅਜਿਹੇ ਬਿਜਲੀ ਉਤਪਾਦਨ ਕਰਨ ਵਾਲੇ ਪ੍ਰਾਜੈਕਟ ਬਣਾਏ ਜਾਣ ਤਾਂ ਉਸ ਲਈ ਮੌਨੀਟਰਿੰਗ ਦੀ ਵਿਵਸਥਾ ਵੀ ਚੰਗੀ ਕੀਤੀ ਜਾਵੇ।

"ਹਾਦਸੇ ਦੇ 24 ਘੰਟੇ ਬਾਅਦ ਵੀ ਸਾਡੇ ਕੋਲ ਹਾਦਸਾ ਕਿਉਂ ਅਤੇ ਕਿਵੇਂ ਹੋਇਆ, ਇਸ ਬਾਰੇ ਸਪੱਸ਼ਟ ਕਾਰਨਾਂ ਦਾ ਪਤਾ ਨਹੀਂ ਹੈ। ਇਹ ਦੱਸਦਾ ਹੈ ਕਿ ਸਾਡਾ ਮੌਨੀ-ਟਰਿੰਗ ਸਿਸਟਮ ਸਹੀ ਨਹੀਂ ਹੈ।" ਉਹ ਕਹਿੰਦੇ ਹਨ, "ਮੌਨੀ-ਟਰਿੰਗ ਅਜਿਹੀ ਹੋਵੇ ਜਿਸ ਨਾਲ ਤੁਹਾਨੂੰ 24 ਘੰਟੇ ਪਹਿਲਾਂ ਹੀ ਅਡਵਾਂਸ ਵਿੱਚ ਉਸ ਬਾਰੇ ਪਤਾ ਲੱਗ ਸਕੇ। 2013 ਵਰਗੇ ਪੁਰਾਣੇ ਹਾਦਸਿਆਂ ਤੋਂ ਸਬਕ ਲੈਂਦੇ ਹੋਏ ਇਨ੍ਹਾਂ ਹਾਈਡਰੋਪਾਵਰ ਪ੍ਰਾਜੈਕਟਾਂ 'ਤੇ ਅਸਥਾਈ ਰੋਕ ਲਗਾਈ ਜਾਵੇ। ਉਸ ਦੇ ਬਾਅਦ ਇਨ੍ਹਾਂ ਪ੍ਰਾਜੈਕਟਾਂ ਦਾ ਰਿਵਿਊ ਅਸੈਸਮੈਂਟ, ਐਕਸਪਰਟ ਤੋਂ ਕਰਾਇਆ ਜਾਵੇ।"

"ਅਜਿਹੇ ਕਿਸੇ ਹਾਈਡਰੋਪਾਵਰ ਪ੍ਰਾਜੈਕਟ ਵਿੱਚ ਡਾਇਨਾਮਾਈਟ ਵਰਗੇ ਵਿਸਫੋਟਕ ਦਾ ਉਪਯੋਗ ਵਰਜਿਤ ਹੈ। ਇਹ ਗੱਲ ਖੁਦ ਉੱਤਰਾਖੰਡ ਦੇ ਡਿਜ਼ਾਸਟਰ ਮੈਨੇਜਮੈਂਟ ਅਥਾਰਿਟੀ ਨੇ ਕਹੀ ਹੈ। ਪਰ ਫਿਰ ਵੀ ਬੇਝਿਜਕ ਉਨ੍ਹਾਂ ਦੀ ਵਰਤੋਂ ਹੋ ਰਹੀ ਹੈ, ਇਸ ਤੋਂ ਵੀ ਬਚਣ ਦੀ ਜ਼ਰੂਰਤ ਹੈ।"

"ਇੰਨਾ ਹੀ ਨਹੀਂ, ਇਲਾਕੇ ਵਿੱਚ ਇੱਕ ਪ੍ਰਾਜੈਕਟ ਨੂੰ ਮਨਜ਼ੂਰੀ ਮਿਲਦੀ ਹੈ ਤਾਂ ਉਸ ਦਾ ਅਸਰ ਵਾਤਾਵਰਣ 'ਤੇ ਅਲੱਗ ਹੁੰਦਾ ਹੈ, ਪਰ ਜੇਕਰ ਇਕੱਠੇ ਕਈ ਪ੍ਰਾਜੈਕਟਾਂ ਨੂੰ ਇਲਾਕੇ ਵਿੱਚ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਉਸ ਦੇ ਖ਼ਤਰੇ ਦਾ ਅਸਰ ਹੋਰ ਵਧ ਜਾਂਦਾ ਹੈ। ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਦਾ ਖਿਆਲ ਰੱਖਣਾ ਹੋਵੇਗਾ।"



ਸਵਰਗੀ ਸੁਖਪ੍ਰੀਤ ਸਿੰਘ ਸਿੱਧੂ

## ਸੁੱਖਪ੍ਰੀਤ ਸਿੰਘ ਸਿੱਧੂ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ

ਬੀਤੇ ਦਿਨੀਂ 19 ਜਨਵਰੀ 2021 ਨੂੰ ਇਕ ਦੁਖਦਾਈ ਖਬਰ ਆਈ ਕਿ ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਕੇਵਲ ਸਿੱਧੂ ਦਾ ਭਤੀਜਾ ਸੁਖਪ੍ਰੀਤ ਸਿੰਘ ਸਿੱਧੂ ਸਪੁੱਤਰ ਸ੍ਰੀ ਤਰਸੇਮ ਸਿੱਧੂ ਭਰ ਜਵਾਨੀ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਜੋ ਉਹ 36 ਸਾਲ ਦਾ ਸੀ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦੀ ਇਕ ਭੈਣ ਹੈ। ਸੁਖਪ੍ਰੀਤ ਆਪਣੇ ਪਿੱਛੇ ਆਪਣੀ ਲੜਕੀ ਅਤੇ ਪਤਨੀ ਨੂੰ ਛੱਡ ਗਿਆ ਹੈ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਇਸ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਜਾਂਦੀ ਹੈ।

– ਸੰਪਾਦਕ

ਦੇਸ਼ ਦੁਆਬਾ

# ਡੌਨਲਡ ਟਰੰਪ 'ਤੇ ਮਹਾਂਦੋਸ਼

ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ 'ਤੇ ਮਹਾਦੋਸ਼ ਦਾ ਮੁਕਦਮਾ ਚੱਲ ਰਿਹਾ ਹੈ। ਡੌਨਲਡ ਟਰੰਪ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਇਕ ਸਾਲ ਵਿਚ ਦੋ ਵਾਰ ਮਹਾਦੋਸ਼ ਦਾ ਮੁਕੱਦਮਾ ਚੱਲਿਆ ਹੈ।

ਇਸ ਦੇ ਨਾਲ ਹੀ ਉਹ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਅਹੁਦਾ ਛੱਡਣ ਤੋਂ ਬਾਅਦ ਮੁਕਦਮਾ ਚੱਲ ਰਿਹਾ ਹੈ। ਡੌਨਲਡ ਟਰੰਪ 'ਤੇ ਇਲਜ਼ਾਮ ਹੈ ਕਿ ਉਨ੍ਹਾਂ ਨੇ ਸਰਕਾਰ ਦੇ ਖਿਲਾਫ਼ ਹਿੰਸਾ ਭੜਕਾਈ ਹੈ। 6 ਜਨਵਰੀ ਨੂੰ ਅਮਰੀਕੀ ਕਾਂਗਰਸ ਦੀ ਕੈਪੀਟਲ ਬਿਲਡਿੰਗ ਵਿੱਚ ਹਜ਼ਾਰਾਂ ਟਰੰਪ ਸਮਰਥਕਾਂ ਦੀ ਭੀੜ ਇਕੱਠੀ ਹੋਈ ਸੀ। ਇਹ ਘਟਨਾ ਟਰੰਪ ਵੱਲੋਂ ਦਿੱਤੇ ਇੱਕ ਭਾਸ਼ਣ ਤੋਂ ਬਾਅਦ ਵਾਪਰੀ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਕੈਪੀਟਲ ਬਿਲਡਿੰਗ ਵੱਲ ਮਾਰਚ ਕਰਨ ਨੂੰ ਕਿਹਾ ਸੀ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਟਰੰਪ ਨੇ ਇਹ ਅਪੀਲ ਕਰਨ ਵੇਲੇ ਉਨ੍ਹਾਂ ਨੂੰ ਸ਼ਾਂਤਮਈ ਤਰੀਕੇ ਨਾਲ ਕੈਪੀਟਲ ਬਿਲਡਿੰਗ ਵੱਲ ਮਾਰਚ ਕਰਨ ਨੂੰ ਕਿਹਾ ਸੀ।

ਪਰ ਇਸ ਅਪੀਲ ਮਗਰੋਂ ਵੱਡੀ ਗਿਣਤੀ ਵਿੱਚ ਸਮਰਥਕ ਕੈਪੀਟਲ ਬਿਲਡਿੰਗ ਵੱਲ ਵਧੇ ਅਤੇ ਉਸ ਦੇ ਅੰਦਰ ਵੀ ਦਾਖ਼ਲ ਹੋ ਗਏ। ਇਸ ਦੌਰਾਨ ਹਿੰਸਾ ਵਾਪਰੀ ਸੀ ਜਿਸ ਵਿੱਚ 5 ਲੋਕਾਂ ਦੀ ਮੌਤ ਵੀ ਹੋ ਗਈ ਸੀ। ਟਰੰਪ 'ਤੇ ਇਲਜ਼ਾਮ ਲਗਾਉਣ ਵਾਲੇ ਇਸ ਹਿੰਸਾ ਲਈ ਟਰੰਪ ਨੂੰ ਜ਼ਿੰਮੇਵਾਰ ਮੰਨਦੇ ਹਨ।

ਹੁਣ ਸੈਨੇਟ ਦੇ 100 ਮੈਂਬਰ ਇਹ ਤਹਿ ਕਰਨਗੇ ਕਿ ਟਰੰਪ ਦੋਸ਼ੀ ਹਨ ਜਾਂ ਨਹੀਂ। ਡੈਮੋਕ੍ਰੇਟਸ ਨੂੰ ਟਰੰਪ ਨੂੰ ਦੋਸ਼ੀ ਕਰਾਰ ਦੇਣ ਲਈ ਘੱਟੋ-ਘੱਟ 17 ਰਿਪਬਲੀਕਨ ਸੈਨੇਟ ਮੈਂਬਰਾਂ ਦੇ ਵੋਟਾਂ ਦੀ ਲੋੜ ਹੋਵੇਗੀ। ਪਰ ਇਹ ਕਾਫੀ ਮੁਸ਼ਕਲ ਹੋ ਸਕਦਾ ਹੈ ਕਿਉਂਕਿ ਕਈ ਰਿਪਬਲੀਕਨ ਮੈਂਬਰਾਂ ਦਾ ਮੰਨਣਾ ਹੈ ਕਿ ਇਹ ਟ੍ਰਾਇਲ ਹੋਣਾ ਹੀ ਨਹੀਂ ਚਾਹੀਦਾ। ਰਿਪਬਲੀਕਨ ਸੈਨੇਟ ਮੈਂਬਰ ਸੈਨ ਰੈਂਟ ਪੌਲ ਨੇ ਇਸ ਟ੍ਰਾਇਲ ਨੂੰ ਗ਼ੈਰ-ਸੰਵਿਧਾਨਿਕ ਕਿਹਾ ਸੀ।

ਡੌਨਲਡ ਟਰੰਪ ਇਸ ਮਹਾਦੋਸ਼ ਦੇ ਮੁਕਦਮੇ ਵਿੱਚ ਦੋਸ਼ੀ ਸਾਬਤ ਹੋ ਜਾਂਦੇ ਤਾਂ ਉਹ ਅਜਿਹੇ ਪਹਿਲੇ ਰਾਸ਼ਟਰਪਤੀ ਹੋਣਗੇ, ਜਿਨ੍ਹਾਂ 'ਤੇ ਮਹਾਦੋਸ਼ ਦਾ ਮੁਕਦਮਾ ਚੱਲਿਆ ਤੇ ਉਹ ਦੋਸ਼ੀ ਵੀ ਸਾਬਤ ਹੋਏ।

ਜੇ ਇਲਜ਼ਾਮ ਸਾਬਤ ਹੋ ਜਾਂਦੇ ਹਨ ਤਾਂ ਟਰੰਪ ਕਿਸੇ ਵੀ ਸਰਕਾਰੀ ਅਹੁਦੇ ਨੂੰ ਨਹੀਂ ਸਾਂਭ ਸਕਣਗੇ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਣੀ ਰਾਸ਼ਟਰਪਤੀ ਦੀ ਪੈਨਸ਼ਨ ਤੇ ਹੋਰ ਸਹੂਲਤਾਂ ਵੀ ਗੁਆਉਣੀਆਂ ਪੈ ਸਕਦੀਆਂ ਹਨ।

ਜੇ ਡੌਨਲਡ ਟਰੰਪ ਇਹ ਮਹਾਦੋਸ਼ ਦਾ ਮੁਕੱਦਮਾ ਜਿੱਤ ਜਾਂਦੇ ਹਨ ਤਾਂ ਡੈਮੋਕ੍ਰੇਟਸ ਸਾਬਕਾ ਰਾਸ਼ਟਰਪਤੀ ਨੂੰ ਸਜ਼ਾ ਦੇਣ ਦਾ ਕੋਈ ਹੋਰ ਤਰੀਕਾ ਲੱਭ ਸਕਦੇ ਹਨ। ਪਰ ਇੱਕ ਸਾਲ ਦੇ ਅੰਦਰ ਦੋ ਵਾਰ ਮਹਾਦੋਸ਼ ਦੇ ਮੁਕਦਮੇ ਤੋਂ ਬਰੀ ਹੋਣਾ ਡੌਨਲਡ ਟਰੰਪ ਦੇ ਹਮਾਇਤੀਆਂ ਲਈ ਜਿੱਤ ਤੋਂ ਘੱਟ ਨਹੀਂ ਹੋਵੇਗਾ। ਇਸ ਦੇ ਨਾਲ ਹੀ ਅਗਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਦਾਅਵੇਦਾਰੀ ਪੇਸ਼ ਕਰਨ ਲਈ ਵੀ ਇਹ ਜਿੱਤ ਕਾਫੀ ਅਹਿਮ ਸਾਬਤ ਹੋ ਸਕਦੀ ਹੈ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਲੜੀ ਨੰਬਰ-167

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## (ਛਨਹਰੀ-ਮਾਇਆ)-ਜੋਗੀ, ਤਪੀ, ਸੰਤ-ਬਾਬੇ ਅਤੇ ਅਸੀਂ



ਅਵਤਾਰ ਸਿੰਘ ਮਿਸ਼ਨਰੀ
510-432-5827

ਛਨਹਰੀ-ਛੰਨ (ਗੁਪਤ) ਨੂੰ ਬਾਹਰ ਲਿਆਉਣ ਵਾਲੀ। ਉਦਾਹਰਣ-ਪਗ ਨੇਵਰ ਛਨਕ ਛਨਹਰੀ॥ (ਗੌਂਡ ਕਬੀਰ-੮੭੨) ਝਾਂਜਰ (ਨੂਪਰ) ਦੀ ਛਨਕ, ਕੁਟੀਆ ਵਿੱਚ ਲੁਕ ਕੇ ਬੈਠੇ ਯੋਗੀਆਂ ਨੂੰ ਬਾਹਰ ਲੈ ਆਉਂਦੀ ਹੈ। (੨) ਛਣਕਾਰ ਕਰਨ ਵਾਲੀ, ਛਣਕਣ ਵਾਲੀ। ਛਿਨਮਾਤ੍ਰ ਵਿੱਚ ਹਰਨੇ ਵਾਲੀ ਮਾਇਆ। ਨੋਟ-ਮਾਇਆ ਤੋਂ ਬਿਨਾਂ ਸੰਸਾਰ ਚਲਦਾ ਵੀ ਨਹੀਂ ਪਰ ਇਸ ਦਾ ਲਾਲਚ-ਪ੍ਰਭਾਵ ਵੱਡੇ-ਵੱਡੇ ਤਪੀਆਂ, ਸੰਤਾਂ ਤੇ ਜੋਗਿਆਂ ਨੂੰ ਵੀ ਛਲ ਲੈਂਦਾ ਹੈ। ਹੇਠਲੇ ਸ਼ਬਦ 'ਚ ਕੁਝ ਉਦਾਹਰਣਾਂ ਦੇ ਕੇ ਭਗਤ ਕਬੀਰ ਜੀ ਇਸ ਬਾਰੇ ਸਮਝਾ ਰਹੇ ਹਨ-

ਗੋਂਡ॥ ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥ ਹੇ ਭਾਈ! ਜਿਸ ਘਰ ਵਿਚ ਘਰ ਦੀ ਸੁਹੱਪਣ ਮਾਇਆ ਨਹੀਂ ਹੈ। ਆਵਤ ਪਹੀਆ ਖੂਧੇ ਜਾਹਿ॥ ਉਸ ਘਰ ਆਏ ਪਾਂਧੀ ਭੁੱਖੇ ਚਲੇ ਜਾਂਦੇ ਹਨ। ਵਾ ਕੈ ਅੰਤਰਿ ਨਹੀ ਸੰਤੋਖੁ॥ ਉਸ ਘਰ ਦੇ ਮਾਲਕ ਦੇ ਹਿਰਦੇ ਵਿਚ ਭੀ ਧਰਵਾਸ ਨਹੀਂ ਬਣਦਾ। ਬਿਨੁ ਸੋਹਾਗਨਿ ਲਾਗੈ ਦੋਖੁ॥੧॥ ਕਿਉਕੇ ਮਾਇਆ ਤੋਂ ਬਿਨਾ ਗ੍ਰਿਹਸਤੀ ਨੂੰ ਦੁੱਖ ਹੁੰਦਾ ਹੈ। ਧਨੁ ਸੋਹਾਗਨਿ ਮਹਾ ਪਵੀਤ॥ ਸਦਾ ਖਸਮ-ਵਤੀ ਰਹਿਣ ਵਾਲੀ ਮਾਇਆ ਧੰਨ ਹੈ, ਇਹ ਮਾੜੀ ਨਹੀਂ ਬੜੀ ਪਵਿੱਤਰ ਹੈ। ਤਪੇ ਤਪੀਸਰ ਡੋਲੈ ਚੀਤ॥੧॥ਰਹਾਉ॥ ਜਿਸ ਤੋਂ ਬਿਨਾ ਵੱਡੇ-ਵੱਡੇ ਤਪੀਆਂ ਦੇ ਮਨ ਭੀ ਡੋਲ ਜਾਂਦੇ ਭਾਵ ਜੇ ਨਿਰਬਾਹ ਲਈ ਮਾਇਆ ਨਹੀ ਤਾਂ ਤਪੀ ਭੀ ਘਾਬਰ ਜਾਂਦੇ ਹਨ। ਸੋਹਾਗਨਿ ਕਿਰਪਨ ਕੀ ਪੂਤੀ॥ ਪਰ ਇਹ ਮਾਇਆ ਸ਼ੂਮਾਂ ਦੀ ਧੀ ਬਣ ਕੇ ਰਹਿੰਦੀ ਭਾਵ ਸ਼ੂਮ ਇਕੱਠੀ ਹੀ ਕਰੀ ਜਾਂਦੈ ਵਰਤਦਾ ਨਹੀਂ। ਸੇਵਕ ਤਜਿ ਜਗਤ ਸਿਉ ਸੂਤੀ॥ ਪ੍ਰਭੂ ਦੇ ਸੇਵਕਾਂ ਤੋਂ ਬਿਨਾ ਹੋਰ ਸਭ ਨੂੰ ਇਸ ਨੇ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਸਾਧੂ ਕੈ ਠਾਢੀ ਦਰਬਾਰਿ॥ ਸਾਧੂ ਜਨ ਭਾਵ ਭਗਤ-ਜਨ ਦੇ ਦਰ ਤੇ ਖਲੋਤੀ, ਸਰਨਿ ਤੇਰੀ ਮੋ ਕਉ ਨਿਸਤਾਰਿ॥੨॥ ਪੁਕਾਰਦੀ ਹੈ ਕਿ ਮੈਂ ਤੇਰੀ ਸ਼ਰਨ ਆਈ ਹਾਂ, ਮੈਨੂੰ ਬਚਾ ਲੈ! ਸੋਹਾਗਨਿ ਹੈ ਅਤਿ ਸੁੰਦਰੀ॥ ਮਾਇਆ ਬੜੀ ਸੁਹਣੀ ਹੈ। ਪਗ ਨੇਵਰ ਛਨਕ ਛਨਹਰੀ॥ ਇਸ ਦੇ ਪੈਰੀਂ, ਮਾਨੋ, ਝਾਂਜਰਾਂ ਛਣ-ਛਣ ਕਰ ਰਹੀਆਂ ਹਨ। ਜਉ ਲਗੁ ਪ੍ਰਾਨ ਤਊ ਲਗੁ ਸੰਗੇ॥ ਉਂਵ ਜਦ ਤਕ ਮਨੁੱਖ ਦੇ ਅੰਦਰ ਜਿੰਦ ਹੈ ਤਦ ਤਕ ਹੀ ਇਹ ਨਾਲ ਰਹਿੰਦੀ ਹੈ। ਨਾਹਿ ਤ ਚਲੀ ਬੇਗਿ ਉਠਿ ਨੰਗੇ॥੩॥ ਨਹੀਂ ਤਾਂ ਜਿੰਦ ਨਿਕਲਦਿਆਂ ਹੀ ਇਹ ਭੀ ਨੰਗੀ ਪੈਰੀਂ ਉੱਠ ਭੱਜਦੀ ਭਾਵ ਉਸੇ ਵੇਲੇ ਸਾਥ ਛੱਡ ਜਾਂਦੀ ਹੈ। ਸੋਹਾਗਨਿ ਭਵਨ ਤ੍ਰੈ ਲੀਆ॥ ਇਸ ਮਾਇਆ ਨੇ ਸਾਰੇ ਜਗਤ ਦੇ ਜੀਵਾਂ ਨੂੰ ਵੱਸ ਕੀਤਾ ਹੋਇਆ ਹੈ। ਦਸ ਅਠ ਪੁਰਾਣ ਤੀਰਥ ਰਸ ਕੀਆ॥ ਅਠਾਰਾਂ ਪੁਰਾਨ ਪੜ੍ਹਨ ਵਾਲੇ ਤੇ ਤੀਰਥਾਂ ਉੱਤੇ ਜਾਣ ਵਾਲਿਆਂ ਨੂੰ ਭੀ ਮੋਹ ਲਿਆ ਹੈ। ਬ੍ਰਹਮਾ ਬਿਸਨੁ ਮਹੇਸਰ ਬੇਧੇ॥ ਬ੍ਰਹਮਾ, ਵਿਸ਼ਨੂ ਤੇ ਸ਼ਿਵ ਵਰਗੇ ਦੇਵਤੇ ਇਸ ਨੇ ਵਿੰਨ੍ਹ ਰੱਖੇ ਹਨ। ਬਡੇ ਭੂਪਤਿ ਰਾਜੇ ਹੈ ਛੇਧੇ॥੪॥ ਸਭ ਰਾਜੇ ਰਾਣੇ ਭੀ ਇਸ ਨੇ ਨਕੇਲੇ ਹੋਏ ਹਨ। ਸੋਹਾਗਨਿ ਉਰਵਾਰਿ ਨ ਪਾਰਿ॥ ਇਹ ਮਾਇਆ ਵੱਡੇ ਪਸਾਰੇ ਵਾਲੀ ਹੈ, ਇਸ ਦਾ ਅੰਤ ਨਹੀਂ ਪੈ ਸਕਦਾ। ਪਾਂਚ ਨਾਰਦ ਕੈ ਸੰਗਿ ਬਿਧਵਾਰਿ॥ ਪੰਜਾਂ ਹੀ ਗਿਆਨ-ਇੰਦ੍ਰਿਆਂ ਨਾਲ ਰਲੀ-ਮਿਲੀ ਰਹਿੰਦੀ ਹੈ। ਪਾਂਚ ਨਾਰਦ ਕੇ ਮਿਟਵੇ ਫੂਟੇ॥ ਕਿਉਂਕਿ ਮੇਰੇ ਪੰਜੇ ਹੀ ਇੰਦ੍ਰਿਆਂ ਦੇ ਭਾਂਡੇ ਭੱਜ ਗਏ ਭਾਵ, ਗਿਆਨ-ਇੰਦ੍ਰਿਆਂ ਉੱਤੇ ਇਸ ਮਾਇਆ ਦਾ ਪ੍ਰਭਾਵ ਨਹੀਂ ਪਿਆ। ਕਹੁ ਕਬੀਰ ਗੁਰ ਕਿਰਪਾ ਛੂਟੇ॥੫॥੫॥੮॥ ਕਬੀਰ ਆਖਦੈ ਕਿ ਮੈਂ ਸਤਿਗੁਰੂ ਦੀ ਕਿਰਪਾ ਨਾਲ ਇਸ ਦੀ ਮਾਰ ਤੋਂ ਬਚ ਗਿਆ ਹਾਂ।

ਸੋ ਸ਼ਪਸ਼ਟ ਹੈ ਕਿ ਮੋਹ ਪਦਾਰਥਾਂ ਰੂਪ ਦੁਨਿਆਵੀ ਮਾਇਆ ਦੇ ਫੰਦਿਆਂ ਤੋਂ ਸੱਚੇ ਗੁਰੂ ਦੇ ਗਿਆਨ ਨਾਲ ਹੀ ਬਚਿਆ ਜਾ ਸਕਦਾ ਹੈ। ਸੱਚਾ ਗੁਰੂ ਸ਼ਬਦ ਹੈ ਜੋ ਐਸ ਵੇਲੇ ਸਾਡੇ ਕੋਲ "ਸ਼ਬਦ ਗੁਰੂ ਗ੍ਰੰਥ" ਦੇ ਰੂਪ 'ਚ ਸੁਭਾਇਮਾਨ ਹੈ ਪਰ ਅਸੀਂ ਬਹੁਤੇ ਮੋਹ ਮਾਇਆ ਦੇ ਪ੍ਰਭਾਵ ਕਰਕੇ ਡੇਰੇਦਾਰ ਪਾਖੰਡੀ ਭੇਖੀ ਸਾਧਾਂ, ਸੰਤਾਂ ਦੇ ਕਰਮਕਾਂਡੀ ਭਰਮ ਭੁਲੇਖਿਆਂ ਦੇ ਜਾਲ 'ਚ ਫਸ, ਸੱਚੇ ਗੁਰੂ ਤੋਂ ਗਿਆਨ ਲੈਣ ਦੀ ਬਜਾਏ ਭੇਖੀ ਲੋਟੂ ਡੇਰੇਦਾਰ ਸਾਧਾਂ ਦੇ ਪੈਰਾਂ 'ਤੇ ਡਿੱਗੇ ਫਿਰਦੇ ਆਪਣਾ ਧਨ ਦੌਲਤ, ਇਜ਼ਤ ਆਬਰੂ ਅਤੇ ਸਵੈਮਾਨ ਗਵਾਈ ਬੈਠੇ ਫਸੇ ਹੋਏ ਹਾਂ। ਇਸ ਦੇ ਪ੍ਰਭਾਵ ਤੋਂ ਭਗਤ ਕਬੀਰ ਵਰਗਾ ਕਿਰਤੀ, ਕ੍ਰਾਂਤੀਕਾਰੀ, ਗਿਆਨਵਾਨ, ਗੁਰਮੁਖ ਅਤੇ ਸੰਤ-ਸਿਪਾਹੀ ਲੋਕ ਲਾਜ ਤੋਂ ਉਪਰ ਉੱਠਿਆ ਹੋਇਆ ਹੀ ਬਚ ਸਕਦਾ ਹੈ।

# ਕਿਸਾਨਾਂ ਦੀ ਟਰੈਕਟਰ ਰੈਲੀ ਨੇ ਮੋਦੀ ਸਰਕਾਰ ਦੀਆਂ 'ਚੂਲਾਂ' ਹਿਲਾ ਦਿੱਤੀਆਂ

**ਨਵੀਂ ਦਿੱਲੀ** – ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਖੇਤੀ ਕਾਨੂੰਨਾਂ ਖਿਲਾਫ ਪਿਛਲੇ ਦੋ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਲਾਏ ਮੋਰਚਿਆਂ ਦੌਰਾਨ 26 ਜਨਵਰੀ ਦਾ ਦਿਨ ਇਤਿਹਾਸਕ ਹੋ ਨਿੱਬੜਿਆ ਹੈ। ਇਕ ਪਾਸੇ ਕਿਸਾਨ ਜਥੇਬੰਦੀਆਂ ਨੇ ਇਸ ਦਿਨ ਐਲਾਨੀ 'ਟਰੈਕਟਰ ਪਰੇਡ' ਨੂੰ ਸਫਲ ਬਣਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਤੇ ਦੂਜੇ ਪਾਸੇ ਸਰਕਾਰੀ ਤੰਤਰ ਨੇ ਇਸ ਨੂੰ ਅਸਫਲ ਬਣਾਉਣ ਲਈ ਪੂਰਾ ਟਿੱਲ ਲਾਇਆ ਹੋਇਆ ਸੀ।

ਜਥੇਬੰਦੀਆਂ ਦੇ ਸੱਦੇ ਉਤੇ ਪੂਰੇ ਮੁਲਕ ਦੇ ਕਿਸਾਨ ਟਰੈਕਟਰ ਲੈ ਕੇ ਦਿੱਲੀ ਪੁੱਜੇ ਤੇ ਇਹ ਗਿਣਤੀ ਸਰਕਾਰ ਦੀਆਂ ਅੱਖਾਂ ਖੋਲ੍ਹ ਗਈ। ਦਿੱਲੀ ਦੇ ਲੋਕਾਂ ਨੇ ਦਿਲ ਖੋਲ੍ਹ ਕੇ ਟਰੈਕਟਰ ਪਰੇਡ ਦਾ ਫੁੱਲਾਂ ਨਾਲ ਸਵਾਗਤ ਕੀਤਾ। ਸੰਯੁਕਤ ਕਿਸਾਨ ਮੋਰਚੇ ਨੇ ਇਸ ਟਰੈਕਟਰ ਪਰੇਡ ਦੀ ਦਿੱਲੀ ਪੁਲਿਸ ਤੋਂ ਬਕਾਇਦਾ ਇਜਾਜ਼ਤ ਲਈ ਸੀ ਤੇ ਇਸ ਲਈ ਰੂਟ ਵੀ ਤੈਅ ਕੀਤੇ ਹੋਏ ਸਨ ਪਰ ਦੇ ਬਾਵਜੂਦ ਕੁਝ ਸ਼ਰਾਰਤੀ ਤੱਤਾਂ ਨੇ ਇਸ ਪਰੇਡ ਨੂੰ ਸਾਬੋਤਾਜ਼ ਕਰਨ ਦੀ ਕੋਸ਼ਿਸ਼ ਕੀਤੀ ਤੇ ਕੁਝ ਹੱਦ ਤੱਕ ਇਸ ਵਿਚ ਸਫਲ ਵੀ ਹੋ ਗਏ।

ਇਸ ਦੌਰਾਨ ਪੁਲਿਸ ਤੇ ਕਿਸਾਨਾਂ ਵਿਚ ਝੜਪਾਂ ਤੇ ਤੋੜ ਭੰਨ ਵੀ ਹੋਈ। ਕਿਸਾਨਾਂ ਦਾ ਇਕ ਧੜਾ ਦਿੱਲੀ ਦੇ ਲਾਲ ਕਿਲ੍ਹੇ ਵਿਚ ਜਾ ਵੜਿਆ ਤੇ ਉਥੇ ਕੇਸਰੀ ਝੰਡਾ ਲਹਿਰਾ ਦਿੱਤਾ ਹੈ। ਹਾਲਾਤ ਇਹ ਬਣ ਗਏ ਕਿ ਜਥੇਬੰਦੀਆਂ ਵੱਲੋਂ ਸ਼ਾਮ ਤੱਕ ਇਹ ਪਰੇਡ ਰੱਦ ਕਰਨੀ ਪਈ ਤੇ ਵੱਡੀ ਗਿਣਤੀ ਕਿਸਾਨਾਂ ਨੂੰ ਦਿੱਲੀ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਟਰੈਕਟਰ ਲੈ ਕੇ ਵਾਪਸ ਮੁੜਨ ਪਿਆ। ਕੁਝ ਜਣਿਆਂ ਨੇ ਭਾਵੇਂ ਲਾਲ ਕਿਲ੍ਹੇ ਉਤੇ ਝੰਡਾ ਲਹਿਰਾਉਣ ਦੀ ਕਾਰਵਾਈ ਨੂੰ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਪਰ ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਨਹੀਂ ਸੀ ਤੇ ਕੁਝ ਸ਼ਰਾਰਤੀ ਲੋਕਾਂ ਦੀ ਇਹ ਕੋਸ਼ਿਸ਼ ਸਰਕਾਰ ਦੇ ਪੱਖ ਵਿਚ ਹੀ ਭੁਗਤ ਗਈ।

ਕੌਮੀ ਮੀਡੀਆ ਨੇ ਕਿਸਾਨਾਂ ਦੀ 'ਅਸਲ ਪਰੇਡ' ਦੀ ਥਾਂ ਹੁੱਲੜਬਾਜ਼ਾਂ ਨੂੰ ਵੱਧ ਤਰਜੀਹ ਦਿੱਤੀ ਅਤੇ ਸਾਰਾ ਜ਼ੋਰ ਇਹ ਸਾਬਤ ਕਰਨ ਉਤੇ ਲਾ ਦਿੱਤਾ ਕਿ ਕਿਸਾਨ ਕੁਝ ਸ਼ਰਾਰਤੀ ਲੋਕਾਂ ਦੇ ਆਖੇ ਲੱਗ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੂਜੇ ਪਾਸੇ ਸਰਕਾਰ ਵੀ ਇਸ ਹੁੱਲੜਬਾਜ਼ੀ ਨੂੰ ਵੱਡੀ ਰਾਹਤ ਵਜੋਂ ਵੇਖ ਰਹੀ ਹੈ। 29 ਜਨਵਰੀ ਨੂੰ ਸੰਸਦ ਦਾ ਬਜਟ ਇਜਲਾਸ ਸ਼ੁਰੂ ਹੋ ਰਿਹਾ ਹੈ ਅਤੇ ਇਸ ਦਿਨ ਵਿਰੋਧੀ ਧਿਰਾਂ ਸਮੇਤ ਸੰਯੁਕਤ ਕਿਸਾਨ ਮੋਰਚੇ ਨੇ ਸੰਸਦ ਨੂੰ ਘੇਰਨ ਦਾ ਐਲਾਨ ਕੀਤਾ ਹੋਇਆ ਹੈ। ਤੈਅ ਹੈ ਕਿ ਸਰਕਾਰ ਇਸ ਹੁੱਲੜਬਾਜ਼ੀ ਨੂੰ ਅੱਗੇ ਰੱਖ ਕੇ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਉਤੇ ਸਵਾਲ ਚੁੱਕੇਗੀ। ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਨੇ ਇਸ ਹੁੱਲੜਬਾਜ਼ੀ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ ਤੇ ਇਸ ਪਿੱਛੇ ਕੁਝ ਸ਼ਰਾਰਤੀ ਲੋਕਾਂ ਦੇ ਨਾਂਵਾਂ ਦਾ ਵੀ ਖੁਲਾਸਾ ਕੀਤਾ ਹੈ।




ਜਥੇਬੰਦੀਆਂ ਨੇ ਅਦਾਕਾਰ ਦੀਪ ਸਿੱਧੂ ਨੂੰ ਸਿੱਧੇ ਤੌਰ ਉਤੇ ਇਸ ਲਈ ਜ਼ਿੰਮੇਵਾਰ ਠਹਿਰਾਇਆ ਹੈ ਜਿਸ ਨੇ ਲਾਲ ਕਿਲ੍ਹੇ ਤੱਕ ਪਹੁੰਚ ਲਈ ਕਿਸਾਨਾਂ ਦੀ ਅਗਵਾਈ ਕੀਤੀ। ਦੀਪ ਸਿੱਧੂ ਨੂੰ ਭਾਜਪਾ ਦੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸਨੀ ਦਿਓਲ ਦਾ ਕਾਫੀ ਨੇੜਲਾ ਮੰਨਿਆ ਜਾਂਦਾ ਹੈ। ਸੋਸ਼ਲ ਮੀਡੀਆ ਉਤੇ ਉਸ ਦੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਨੀ ਦਿਓਲ ਨਾਲ ਫੋਟੋਆਂ ਵੀ ਵੱਡੇ ਪੱਧਰ ਉਤੇ ਵਾਇਰਲ ਹੋ ਰਹੀਆਂ ਹਨ। ਉਂਜ ਇਨ੍ਹਾਂ ਲੋਕਾਂ ਵੱਲੋਂ ਵੱਡੀ ਗਿਣਤੀ ਕਿਸਾਨਾਂ ਨੂੰ ਲੈ ਕੇ ਅਤਿ ਸੁਰੱਖਿਆ ਵਾਲੇ ਲਾਲ ਕਿਲ੍ਹੇ ਤੱਕ ਪਹੁੰਚ ਉਤੇ ਵੀ ਸਵਾਲ ਉਠ ਰਹੇ ਹਨ। ਇਸ ਦੀਆਂ ਵੀਡੀਓ ਵੀ ਸਾਹਮਣੇ ਆਈਆਂ ਹਨ ਜਿਸ ਵਿਚ ਪੁਲਿਸ ਇਕ ਪਾਸੇ ਮੂਕ ਦਰਸ਼ਕ ਬਣੀ ਖੜ੍ਹੀ ਹੈ ਤੇ ਇਹ ਲੋਕ ਉਤੇ ਬੜੇ ਆਰਾਮ ਨਾਲ ਝੰਡਾ ਲਹਿਰਾ ਰਹੇ ਹਨ। ਸਿਆਸੀ ਮਾਹਰ ਇਸ਼ਾਰਾ ਕਰ ਰਹੇ ਹਨ ਕਿ ਇਹ ਸਰਕਾਰ ਦੀ ਤੈਅ ਰਣਨੀਤੀ ਦਾ ਹਿੱਸਾ ਸੀ ਕਿਉਂਕਿ ਜੇਕਰ ਇਹ ਪਰੇਡ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਜਾਂਦੀ ਤਾਂ ਸਰਕਾਰ ਲਈ ਵੱਡੀਆਂ ਮੁਸ਼ਕਿਲਾਂ ਖੜ੍ਹੀ ਹੋਣੀਆਂ ਤੈਅ ਸਨ। ਹਾਲਾਂਕਿ ਵੱਡੀ ਗਿਣਤੀ ਕਿਸਾਨਾਂ ਨੇ ਸੰਯੁਕਤ ਮੋਰਚੇ ਦੀ ਅਗਵਾਈ ਵਿਚ ਸ਼ਾਂਤਮਈ ਢੰਗ ਨਾਲ ਇਹ ਪਰੇਡ ਨੇਪਰੇ ਚਾੜ੍ਹੀ ਤੇ ਦਿੱਲੀ ਵਾਸੀਆਂ ਵੱਲੋਂ ਇਸ ਦਾ ਜ਼ੋਰਦਾਰ ਸਵਾਗਤ ਵੀ ਕੀਤਾ ਗਿਆ। ਸਰਕਾਰ ਤਾਜ਼ਾ ਘਟਨਾਕ੍ਰਮ ਨੂੰ ਰਾਹਤ ਵਜੋਂ ਵੇਖ ਰਹੀ ਹੈ ਪਰ ਜਥੇਬੰਦੀਆਂ ਨੇ ਸਾਫ ਕਰ

(ਬਾਕੀ ਸਫਾ 28 'ਤੇ)

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


# ਕਿਸਾਨੀ ਸੰਘਰਸ਼ ਦੀ ਸਫਲਤਾ ਲਈ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਅਰਦਾਸ ਸਮਾਗਮ






**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ) 7 ਫ਼ਰਵਰੀ 2021–** ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਵੱਲੋਂ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਜਾਰੀ ਹੈ। ਸਰਕਾਰ ਨਾਲ 11 ਦੌਰ ਦੀ ਗੱਲਬਾਤ ਮਗਰੋਂ ਵੀ ਇਸ ਮੁੱਦੇ ਦਾ ਹੱਲ ਨਹੀਂ ਨਿਕਲ ਸਕਿਆ ਹੈ। 72 ਦਿਨਾਂ ਤੋਂ ਜਾਰੀ ਇਸ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਭਾਈਚਾਰੇ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ। ਇਸ ਸਿਲਸਿਲੇ ਵਿਚ ਨੂੰ ਅਮਰੀਕਾ ਭਰ ਦੀਆਂ ਸਿੱਖ ਜੱਥੇਬੰਦੀਆਂ ਤੇ ਸਮਾਜਿਕ ਸੰਸਥਾਵਾਂ ਵੀ ਕਿਸਾਨਾਂ ਦੇ ਹੱਕ ਵਿੱਚ ਨਿਤਰੀਆ ਹਨ। ਇਸੇ ਕੜੀ ਤਹਿਤ ਰਾਜ ਕੌਰ ਸੋਢੀ ਅਤੇ ਪੀਸੀਏ ਦੇ ਸਹਿਯੋਗ ਨਾਲ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਅਰਦਾਸ ਨਾਮੀ ਪ੍ਰੋਗਰਾਮ ਕੀਤਾ ਗਿਆ।



ਇਸ ਮੌਕੇ ਜਿੱਥੇ ਕਿਸਾਨ ਸੰਘਰਸ਼ ਦੀ ਸਫਲਤਾ ਲਈ ਅਰਦਾਸ ਕੀਤੀ ਗਈ, ਉੱਥੇ ਫਰਿਜ਼ਨੋ ਸਿਟੀ ਦੇ ਮੇਅਰ ਜੈਰੀ ਡਾਇਰ, ਸੈਨਵਾਕੀਨ ਸਿਟੀ ਮੇਅਰ ਰੂਬੀ ਧਾਲੀਵਾਲ, ਫਰਿਜ਼ਨੋ ਸਿਟੀ ਕੌਂਸਲ ਮੈਂਬਰ ਨਿਲਸਨ ਇਸਪਾਰਜ਼ਾ, ਪੀਸੀਏ ਮੈਂਬਰ ਸੁਖਬੀਰ ਸਿੰਘ ਭੰਡਾਲ, ਗੁਰੂ ਘਰ ਦੇ ਸੈਕਟਰੀ ਗੁਰ-ਪ੍ਰੀਤ ਸਿੰਘ ਮਾਨ ਅਤੇ ਰਾਜ ਕੌਰ ਸੋਢੀ ਆਦਿ ਨੇ ਸੰਗਤ ਨੂੰ ਸੰਬੋਧਨ ਵੀ ਕੀਤਾ।

ਜੈਰੀ ਡਾਇਰ ਨੇ ਕਿਹਾ ਕਿ ਫਰਿਜ਼ਨੋ ਏਰੀਆ ਦੁਨੀਆ ਭਰ ਵਿੱਚ ਖੇਤੀ ਦੀ ਹੱਬ ਕਰਕੇ ਜਾਣਿਆ ਜਾਂਦਾ ਹੈ। ਅਸੀਂ ਕਿਸਾਨ ਮੰਗਾ ਨੂੰ ਸਮਝਦੇ ਹਾਂ। ਇਸ ਸਮੇਂ ਇੰਡੀਆ ਭਰ ਵਿੱਚ ਕਿਸਾਨੀ ਅੰਦੋਲਨ ਪੂਰੇ ਜ਼ੋਰਾਂ ਤੇ ਹੈ, 'ਤੇ ਮੇਰੇ ਸ਼ਹਿਰ ਵਿੱਚ ਵੱਡੀ ਗਿਣਤੀ ਵਿਚ ਪੰਜਾਬੀ ਕਿਸਾਨ ਵਸਦੇ ਨੇ, ਜਿੰਨਾ ਦੀਆ ਜਾਇਦਾਦਾਂ ਪੰਜਾਬ ਵਿੱਚ ਹਨ ਅਗਰ ਉਹ ਇਹਨਾਂ ਕਾਲੇ ਕਨੂੰਨਾਂ ਕਰਕੇ ਦੁਖੀ ਹਨ 'ਤਾਂ ਮੈ ਵੀ ਸੁਖੀ ਕਿਵੇ ਹੋ ਸਕਦਾ ਹਾਂ। ਉਹਨਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਿਸਾਨਾਂ ਤੇ ਕੀਤੇ ਜਾ ਰਹੇ ਜੁਲਮ ਦੇ ਖ਼ਿਲਾਫ਼ ਉਹ ਅਵਾਜ਼ ਬੁਲੰਦ ਕਰਦੇ ਰਹਿਣਗੇ। ਉਹਨਾਂ ਕਿਹਾ ਕਿ ਕਿਸਾਨ ਸੰਘਰਸ਼ ਦੇ ਹੱਕ ਵਿਚ ਆਉਣ ਤੇ ਮੈਨੂੰ ਬਹੁਤ ਸਾਰੀਆਂ ਧਮਕੀ ਭਰੀਆਂ ਏ ਮੇਲ ਵੀ ਆਈਆਂ ਹਨ, ਪਰ ਮੈ ਸੱਚ ਦੇ ਹਮੇਸ਼ਾ ਖੜਿਆ ਹਾਂ ਅਤੇ ਖੜਾ ਰਹਾਂਗਾ।

# ਵਿਪਸਾ ਵੱਲੋਂ ਪਲੇਠੀ ਕਾਰਜਕਾਰਨੀ ਮੀਟਿੰਗ ਵਿਚ - ਅਹਿਮ ਫ਼ੈਸਲੇ

**ਸੈਨਹੋਜ਼ੇ (ਚਰਨਜੀਤ ਸਿੰਘ ਪੰਨੂ)–** ਵਿਸ਼ਵ ਪੰਜਾਬੀ ਸਾਹਿੱਤ ਅਕੈਡਮੀ ਕੈਲੀਫੋਰਨੀਆ ਦੀ ਕਾਰਜਕਾਰਨੀ ਦੀ ਪਲੇਠੀ ਮੀਟਿੰਗ ਨਵੇਂ ਪ੍ਰਧਾਨ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਮਿਤੀ ਜਨਵਰੀ 31, 2021 ਨੂੰ ਜ਼ੂਮ ਲਿੰਕ ਰਾਹੀਂ ਆਯੋਜਿਤ ਕੀਤੀ ਗਈ। ਸਵਾਗਤੀ ਭਾਸ਼ਣ ਤੋਂ ਬਾਅਦ ਉਨੈਹਾਂ ਕਾਰਜਕਾਰਨੀ ਦੀ ਜਾਣ ਪਛਾਣ ਕਰਵਾਉਂਦੇ ਹੋਏ, ਅਮਰਜੀਤ ਪੰਨੂ ਨੂੰ ਮੀਤ ਪ੍ਰਧਾਨ, ਕੁਲਵਿੰਦਰ ਪਲਾਹੀ –ਜਨਰਲ ਸਕੱਤਰ, ਲਾਜ ਨੀਲਮ ਸੈਣੀ –ਸਹਾਇਕ ਸਕੱਤਰ, ਗੁਲਸ਼ਨ ਦਿਆਲ ਸਾਹਿੱਤਿਕ ਸਕੱਤਰ, ਤਾਰਾ ਸਿੰਘ ਸਾਗਰ –ਖ਼ਜ਼ਾਨਚੀ, ਜਗਜੀਤ ਨੌਸ਼ਹਿਰਵੀ –ਆਰਗੇਨਾਈਜ਼ਰ, ਚਰਨਜੀਤ ਸਿੰਘ ਪੰਨੂ ਨੂੰ ਪਬਲਿਕ ਰਿਲੇਸ਼ਨ ਅਫ਼ਸਰ ਐਲਾਨਿਆ। ਇਸ ਤੋਂ ਇਲਾਵਾ ਸੁਖਦੇਵ ਸਾਹਿਲ ਰੰਗ–ਮੰਚ ਕੋਆਰਡੀਨੇਟਰ ਤੇ ਓਮ ਕਮਲ ਨੂੰ ਮੀਡੀਆ ਸਕੱਤਰ ਦੇ ਵਿਸ਼ੇਸ਼ ਅਹੁਦਿਆਂ ਤੇ ਨਿਯੁਕਤ ਕੀਤਾ। ਇਸ ਮੀਟਿੰਗ ਵਿਚ ਮਤਾ ਪਾਸ ਕਰ ਕੇ ਭਾਰਤ ਸਰਕਾਰ ਦੀ 26 ਜਨਵਰੀ ਨੂੰ ਕਿਸਾਨ ਸੰਘਰਸ਼ ਨੂੰ ਢਾਹ ਲਾਉਣ ਵਾਲੀ ਕੋਝੀ ਹਰਕਤ ਦੀ ਨਿਖੇਧੀ ਕੀਤੀ ਗਈ। ਵਿਪਸਾ ਕਿਸਾਨਾਂ ਦੇ ਹੱਕੀ ਸੰਘਰਸ਼ ਦਾ ਸਮਰਥਨ ਕਰਦੀ ਹੈ ਤੇ ਇਸ ਸੰਘਰਸ਼ ਨੂੰ ਕਿਸੇ ਇਕ ਧਰਮ ਜਾਂ ਨਸਲ ਨਾਲ




ਨਹੀਂ ਜੋੜਿਆ ਜਾ ਸਕਦਾ। ਇਸ ਦਾ ਮਕਸਦ ਕਿਸਾਨਾਂ ਨਾਲ ਸੰਬੰਧਿਤ ਤਿੰਨ ਨਵੇਂ ਕਾਨੂੰਨ ਰੱਦ ਕਰਵਾਉਣਾ ਹੈ। ਇਸ ਸੰਘਰਸ਼ ਦੌਰਾਨ ਅਮਰਜੀਤ ਪੰਨੂ ਦੇ ਚਚੇਰੇ ਭਰਾ ਕਿਸਾਨ ਆਗੂ ਕੁਲਵੰਤ ਸਿੰਘ ਪੰਨੂ ਸਮੇਤ ਸ਼ਹੀਦ ਹੋਏ ਸਾਰੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕਾਰਜਕਾਰਨੀ ਦੇ ਸਮੂਹ ਮੈਂਬਰਾਂ ਨੇ ਵਿਪਸਾ ਦੀਆਂ ਅਗਲੇ ਦੋ ਸਾਲਾਂ ਦੀਆਂ ਸਾਹਿੱਤਿਕ ਗਤੀਵਿਧੀਆਂ ਬੜੇ ਉਤਸ਼ਾਹ ਨਾਲ ਉਲੀਕੀਆਂ ਗਈਆਂ।

ਹਰ ਮੀਟਿੰਗ ਵਿਚ ਇਕ ਸ਼ਾਇਰ ਦੀਆਂ ਨਜ਼ਮਾਂ 'ਤੇ ਵਿਚਾਰ ਵਟਾਂਦਰਾ ਹੋਇਆ ਕਰੇਗਾ। ਇਕ ਕਹਾਣੀ ਉੱਪਰ ਸੰਜੀਦਾ ਚਰਚਾ ਕੀਤੀ ਜਾਇਆ ਕਰੇਗੀ। ਕਵੀ ਦਰਬਾਰ ਵਿਚ ਨਵੀਆਂ ਰਚਨਾਵਾਂ ਪੜਨ 'ਤੇ ਜ਼ੋਰ ਦਿੱਤਾ ਜਾਵੇਗਾ। ਪਹਿਲਾਂ ਹੀ ਤਿਆਰੀ ਅਧੀਨ 'ਕਹਾਣੀ ਸੰਗੈਰਹਿ ਨੇਪਰੇ ਚਾੜਿਆ ਜਾਵੇਗਾ, ਜਿਸ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਅਮਰਜੀਤ ਕੌਰ ਪੰਨੂ, ਲਾਜ ਨੀਲਮ ਸੈਣੀ ਅਤੇ ਸੁਰਜੀਤ ਕੈਨੇਡਾ ਦੀ ਹੋਵੇਗੀ। ਮੀਟਿੰਗ ਦੀ ਸਮੁੱਚੀ ਕਾਰਵਾਈ ਜਨਰਲ ਸਕੱਤਰ ਕੁਲਵਿੰਦਰ ਨੇ ਬਾਖ਼ੂਬੀ ਨਿਭਾਈ ਤੇ ਲਾਜ ਨੀਲਮ ਸੈਣੀ ਨੇ ਕਲਮਬੱਧ ਕੀਤੀ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ–ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ–ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਨਿਊਯਾਰਕ ਦੇ ਨਰਸਿੰਗ ਹੋਮ ਵਿਚ 1 ਮਾਰਚ 2020 ਤੋਂ 5 ਫਰਵਰੀ 2021 ਤੱਕ 13197 ਮੌਤਾਂ ਹੋਈਆਂ

**ਸੈਕਰਾਮੈਂਟੋ, ਕੈਲੀਫੋਰਨੀਆ–** ਸੁਪਰੀਮ ਕੋਰਟ ਦੁਆਰਾ ਇਕ ਵਾਚਡੌਗ ਵੱਲੋਂ ਮੰਗੀ ਜਾਣਕਾਰੀ ਦੇਣ ਦੇ ਆਦੇਸ਼ ਤੋਂ ਬਾਅਦ ਨਿਊਯਾਰਕ ਦੇ ਸਟੇਟ ਸਿਹਤ ਵਿਭਾਗ ਨੇ ਲੰਘੇ ਦਿਨ ਰਾਜ ਦੇ ਨਰਸਿੰਗ ਹੋਮ ਵਿਚ ਕੋਵਿਡ-19 ਨਾਲ ਹੋਈਆਂ ਮੌਤਾਂ ਦੇ ਅੰਕੜੇ ਜਾਰੀ ਕੀਤੇ ਹਨ।

ਸਿਹਤ ਵਿਭਾਗ ਦੀ ਵੈਬਸਾਈਟ ਉਪਰ ਰਾਜ ਦੇ ਨਰਸਿੰਗ ਹੋਮ ਵਿਚ 1 ਮਾਰਚ 2020 ਤੋਂ 5 ਫਰਵਰੀ 2021 ਤੱਕ ਕੋਵਿਡ-19 ਕਾਰਨ 13197 ਮੌਤਾਂ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਨੈਹਾਂ ਵਿਚ 4080 ਉਹ ਮੌਤਾਂ ਵੀ ਸ਼ਾਮਿਲ ਹਨ ਜੋ ਨਰਸਿੰਗ ਹੋਮ ਤੋਂ ਬਾਹਰ ਇਲਾਜ਼ ਦੌਰਾਨ ਹੋਈਆਂ। ਇਥੇ ਜਿਕਰਯੋਗ ਹੈ ਕਿ ਇਕ ਹਫਤਾ ਪਹਿਲਾਂ ਰਾਜ ਦੇ ਅਟਾਰਨੀ ਜਨਰਲ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਨਰਸਿੰਗ ਹੋਮ ਵਿਚ ਕੋਵਿਡ ਮੌਤਾਂ 50% ਤੱਕ ਘਟਾ ਕੇ ਵਿਖਾਈਆਂ ਗਈਆਂ ਹਨ। ਇਸ ਨਵੇਂ ਅੰਕੜੇ ਅਨੁਸਾਰ ਬਰੋਨਕਸ ਦੇ ਇਕ ਨਰਸਿੰਗ ਹੋਮ ਵਿਚ ਮਾਰਚ 2020 ਤੋਂ ਬਾਅਦ ਕੇਵਲ 3 ਮੌਤਾਂ ਹੋਈਆਂ ਪਰੰਤੂ 18 ਮੌਤਾਂ ਨਰਸਿੰਗ ਹੋਮ ਤੋਂ ਬਾਹਰ ਇਲਾਜ਼ ਦੌਰਾਨ ਹੋਈਆਂ। ਵਾਚਡੌਗ ਗਰੁੱਪ ਐਮਪਾਇਰ ਸੈਂਟਰ ਨੇ ਸਿਹਤ ਵਿਭਾਗ ਵਿਰੁੱਧ ਪਾਈ ਪਟੀਸ਼ਨ ਵਿਚ ਕਿਹਾ ਸੀ ਕਿ ਉਹ ਜਾਣਕਾਰੀ ਲੈਣ ਦੇ ਅਧਿਕਾਰ ਤਹਿਤ ਨਰਸਿੰਗ ਹੋਮ ਵਿਚ ਕੋਵਿਡ ਕਾਰਨ ਹੋਈਆਂ ਮੌਤਾਂ ਦੇ ਅੰਕੜੇ ਨਹੀਂ ਦੇ ਰਿਹਾ।

ਇਸ ਤੇ ਅਦਾਲਤ ਨੇ ਰਾਜ ਦੇ ਸਿਹਤ ਵਿਭਾਗ ਨੂੰ ਉਚਿੱਤ ਅੰਕੜੇ ਦੇਣ ਲਈ 5 ਦਿਨਾਂ ਦਾ ਸਮਾਂ ਦਿੱਤਾ ਸੀ।

**ਨਕਲੀ ਐਨ 95 ਮਾਸਕਾਂ ਦਾ ਆਇਆ ਹੜ–** ਅਮਰੀਕਾ ਵਿਚ ਕੋਰੋਨਾਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਨਕਲੀ ਮਾਸਕਾਂ ਦਾ ਬਜਾਰਾਂ ਵਿਚ ਇਕ ਤਰਾਂ ਹੜੈਹ ਆ ਗਿਆ ਹੈ। ਪਿਛਲੇ ਸਾਲ ਯੂ ਐਸ ਕਸਟਮਜ ਐਂਡ ਬਾਰਡਰ ਪੈ-ਰੋਟੈਕਸ਼ਨ (ਸੀ ਬੀ ਪੀ) ਨੇ 14.6 ਮਿਲੀਅਨ ਨਕਲੀ ਮਾਸਕ ਫੜੇ ਹਨ।

ਐਨ 95 ਮਾਸਕ ਆਹਲਾ ਦਰਜੇ ਦੇ ਮੰਨੇ ਜਾਂਦੇ ਹਨ ਤੇ ਉਹ ਵਾਇਰਸ ਫੈਲਣ ਤੋਂ ਰੋਕਣ ਦੇ ਸਮਰੱਥ ਹਨ। ਇਹ ਮਾਸਕ ਸਾਹ ਲੈਣ ਨੂੰ ਵੀ ਆਸਾਨ ਬਣਾਉਂਦੇ ਹਨ ਪਰੰਤੂ ਨਕਲੀ ਮਾਸਕ ਸੁਰੱਖਿਆ ਮਾਪ ਦੰਡਾਂ ਉਪਰ ਖਰੇ ਨਹੀਂ ਉਤਰਦੇ। ਕੇ ਐਨ 95ਮਾਸਕ ਨੂੰ ਲੋਕ ਐਨ-95ਮਾਸਕ ਸਮਝਣ ਦੀ ਗਲਤੀ ਵੀ ਕਰ ਲੈਂਦੇ ਹਨ ਜਦ ਕਿ ਕੇ ਐਨ 95ਮਾਸਕ ਚੀਨ ਦੇ ਮਾਪ ਦੰਡਾਂ ਉਪਰ ਖਰੇ ਉਤਰਦੇ ਹਨ। ਇਨੈਹਾਂ ਮਾਸਕਾਂ ਨੂੰ ਯੂ ਐਸ ਨੈਸ਼ਨਲ ਇੰਸਟੀਚਿਊਟ ਫਾਰ ਆਕੂਪੇਸ਼ਨਲ ਸੇਫਟੀ ਐਂਡ ਹੈਲਥ ਦੁਆਰਾ ਮਾਨਤਾ ਨਹੀਂ ਦਿੱਤੀ ਗਈ। ਰਾਸ਼ਟਰਪਤੀ ਜੋਅ ਬਾਇਡੇਨ ਪੈਰਸ਼ਾਸਨ ਵੱਲੋਂ ਕੋਰੋਨਾ ਦੇ ਫੈਲਾਅ ਨੂੰ ਰੋਕਣ ਲਈ ਮਾਸਕਪਹਿਣਨ ਉਪਰ ਜੋਰ ਦਿੱਤਾ ਜਾ ਰਿਹਾ ਹੈ। ਇਸ ਲਈ ਆਉਣ ਵਾਲੇ ਸਮੇ ਵਿਚ ਨਕਲੀ ਮਾਸਕ ਦੇ ਚਲਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਸੀ ਬੀ ਪੀ ਨਕਲੀ ਮਾਸਕ ਬਜਾਰ ਵਿਚ ਆਉਣ ਤੋਂ ਰੋਕਣ ਲਈ ਸਰਗਰਮ ਹੋ ਗਿਆ ਹੈ।

## ਕੈਂਸਰ ਪੀੜਤ ਸਾਬਕਾ ਹੈਵੀਵੇਟ ਬਾਕਸਿੰਗ ਚੈਂਪੀਅਨ ਲੇਆਨ ਸਪਿੰਕਸ ਦਾ ਦੇਹਾਂਤ




**ਸੈਕਰਾਮੈਂਟੋ, ਕੈਲੀਫੋਰਨੀਆ–** ਸਾਬਕਾ ਹੈਵੀਵੇਟ ਚੈਂਪੀਅਨ ਲੇਆਨ ਸਪਿੰਕਸ ਦਾ 67 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਪੈਰੋਸਟੇਟ ਕੈਂਸਰ ਤੋਂ ਪੀੜਤ ਲੇਆਨ ਨੇ ਆਪਣੇ ਆਖਰੀ ਸਾਹ ਹੇਂਡਰਸਨ, ਨਵੇਡਾ ਵਿਚ ਆਪਣੇ ਘਰ ਨੇੜੇ ਸਥਿੱਤ ਇਕ ਹਸਪਤਾਲ ਵਿਚ ਲਏ। ਕੌਮਾਂਤਰੀ ਪੱਧਰ ਉਪਰ ਬਾਕਸਿੰਗ ਵਿਚ ਪੈਰਸਿੱਧੀ ਹਾਸਲ ਕਰਨ ਤੋਂ ਪਹਿਲਾਂ ਉਹ ਸਮੁੰਦਰੀ ਫੌਜ ਵਿਚ ਨੌਕਰੀ ਕਰਦਾ ਸੀ। 1978 ਵਿਚ ਉਸ ਨੇ ਜੱਜਾਂ ਦੇ ਇਕ ਵਿਭਾਜਤ ਫੈਸਲੇ ਵਿਚ ਮੁਹੰਮਦ ਅਲੀ ਨੂੰ ਹਰਾ ਕੇ ਵਿਸ਼ਵ ਹੈਵੀਵੇਟ ਖਿਤਾਬ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ।

## ਸਨ ਫਰਾਂਸਿਸਕੋ ਵਿਚ ਸਕੂਲ ਮੁੜ ਖੋਲਣ ਵਾਸਤੇ ਹੋਇਆ ਆਰਜੀ ਸਮਝੌਤਾ

**ਸੈਕਰਾਮੈਂਟੋ, ਕੈਲੀਫੋਰਨੀਆ–** ਸਨ ਫਰਾਂਸਿਸਕੋ ਯੁਨਾਈਟਿਡ ਸਕੂਲ ਡਿਸਟੈਰਿਕਟ ਮੁਲਾਜ਼ਮਾਂ ਦੀ ਯੁਨੀਅਨ ਨੇ ਐਲਾਨ ਕੀਤਾ ਹੈ ਕਿ ਕੋਵਿਡ-19 ਦਰਮਿਆਨ ਸਕੂਲ ਖੋਲੈਹਣ ਲਈ ਜਿਲਾ ਪ੍ਰਸ਼ਾਸਨ ਨਾਲ ਆਰਜੀ ਸਮਝੌਤਾ ਹੋ ਗਿਆ ਹੈ। ਇਸ ਸਮਝੌਤੇ ਤਹਿਤ ਬੁਨਿਆਦੀ ਸਿਹਤ ਤੇ ਸੁਰੱਖਿਆ ਮਾਪ ਦੰਡਾਂ ਦਾ ਪਾਲਣ ਕਰਨਾ ਪਵੇਗਾ। ਸਕੂਲ ਡਿਸਟੈਰਿਕਟ ਨੇ ਕਿਹਾ ਹੈ ਕਿ ਉਸ ਵੱਲੋਂ ਪੁਸ਼ਟੀ ਲਈ ਸਮਝੌਤਾ ਬੋਰਡ ਆਫ ਐਜੂਕੇਸ਼ਨ ਨੂੰ ਭੇਜਿਆ ਜਾਵੇਗਾ। ਕੈਲੀਫੋਰਨੀਆ ਵਿਚ ਸਕੂਲ ਮੁੜ ਖੋਲੈਹਣ ਲਈ 4 ਪਰਤੀ ਪੈਰਣਾਲੀ ਲਾਗੂ ਹੈ ਜਿਸ ਵਿਚ ਪੀਲੀ, ਸੰਤਰੇ ਰੰਗੀ, ਲਾਲ ਤੇ ਜਾਮਨੀ



ਪਰਤ ਸ਼ਾਮਿਲ ਹੈ। ਲਾਲ ਪਰਤ ਦਾ ਮਤਲਬ ਹੈ ਕਿ ਕੋਵਿਡ-19 ਫੈਲ ਰਿਹਾ ਹੈ। ਸਮਝੌਤੇ ਅਨੁਸਾਰ ਲਾਲ ਪਰਤ ਵਾਲੇ ਖੇਤਰਾਂ ਵਿਚਲੇ ਸਕੂਲਾਂ ਵਿੱਚ ਅਧਿਆਪਕ ਤੇ ਹੋਰ ਮੁਲਾਜ਼ਮ ਤਾਂ ਹੀ ਆਉਣਗੇ ਜੇਕਰ ਕੋਵਿਡ ਟੀਕੇ ਮੁਹੱਈਆ ਕਰਵਾਏ ਜਾਣਗੇ। ਸੰਤਰੇ ਰੰਗੀ ਪਰਤ ਤਹਿਤ ਆਉਂਦੇ ਖੇਤਰਾਂ ਵਿਚ ਸਕੂਲ ਬਿਨਾਂ ਕੋਵਿਡ ਟੀਕੇ ਦੀ ਉਪਲਬੱਧਤਾ ਦੇ ਵੀ ਖੋਲੇ ਜਾ ਸਕਣਗੇ।

ਬੋਰਡ ਆਫ ਐਜੂਕੇਸ਼ਨ ਪ੍ਰਧਾਨ ਗੈਬਰੀਏਲਾਲੋਪੇਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਉਤਸਕ ਹੈ ਕਿ ਅਸੀਂ ਮੁੱਢਲੇ ਮਾਪਦੰਡਾਂ ਬਾਰੇ ਯੁਨੀਅਨ ਨਾਲ ਸਹਿਮਤੀ ਬਣਾ ਕੇ ਸਕੂਲਾਂ ਨੂੰ ਮੁੜ ਖੋਲਣ ਦਾ ਰਾਹ ਪੱਧਰਾ ਕਰ ਲਿਆ ਹੈ।

## ਇੰਡੀਅਨ ਕਮਿਊਨਿਟੀ ਸੈਂਟਰ ਵੱਲੋਂ ਬੇਘਰਿਆਂ ਲਈ ਸਹਾਇਤਾ ਮੁਹਿੰਮ

**ਸੈਕਰਾਮੈਂਟੋ, ਕੈਲੀਫੋਰਨੀਆ–** ਇੰਡੀਅਨ ਕਮਿਊਨਿਟੀ ਸੈਂਟਰ ਤੇ ਸਿਮੀ ਵੈਲੀ ਹਿੰਦੂ ਮੰਦਿਰ ਵੱਲੋਂ ਇਲਾਕੇ ਵਿਚ ਰਹਿੰਦੇ ਬੇਘਰੇ ਲੋਕਾਂ ਦੀ ਸਹਾਇਤਾ ਲਈ ਮਹਿੰਮ ਚਲਾਈ ਗਈ ਹੈ। ਇਹ ਮੁਹਿੰਮ ਇੰਡੀਅਨ ਕਮਿਊਨਿਟੀ ਸੈਂਟਰ ਟਰਾਈ ਵੈਲੀ ਇੰਡੀਅਨ ਮੈਡੀਕਲ ਐਸੋਸੀਏਸ਼ਨ ਤੇ ਭਾਰਤੀ ਮੂਲ ਦੇ ਡਾਕਟਰਾਂ ਦੀ ਅਮਰੀਕਨ ਐਸੋਸਏਸ਼ਨ ਦੇ ਸਹਿਯੋਗ ਨਾਲ ਚਲਾਈ ਗਈ। ਇੰਡੀਅਨ ਕਮਿਊਨਿਟੀ ਸੈਂਟਰ ਵੱਲੋਂ ਜਾਰੀ ਪੈਰੈਸ ਬਿਆਨ ਅਨੁਸਾਰ ਇਸ ਮੁਹਿੰਮ ਤਹਿਤ ਸ਼ੁਰੂਆਤ ਸਿਮੀ ਵੈਲੀ ਦੇ ਸਮਾਰਟੀ ਅਨਹੋਮਲੈੱਸ ਸੈਂਟਰ



ਤੋਂ ਹੋਈ। ਬਾਅਦ ਵਿਚ ਵੈਨਟੂਰਾ ਕਾਊਂਟੀ ਹਸਪਤਾਲ ਤੇ ਪਾਲਮ ਸਪਰਿੰਗਜ ਹੋਮਲੈੱਸ ਸੈਂਟਰ ਵਿਚ ਨਵੇਂ ਕੰਬਲ ਦਿੱਤੇ ਗਏ। ਕੰਬਲਾਂ ਤੋਂ ਇਲਾਵਾ ਜੁਰਾਬਾਂ, ਬੱਚਿਆਂ ਲਈ ਲੋੜੀਂਦਾ ਸਮਾਨ ਤੇ ਹੋਰ ਜਰੂਰੀ ਵਸਤਾਂ ਦਿੱਤੀਆਂ ਗਈਆਂ। ਇੰਡੀਅਨ ਕਮਿਊਨਿਟੀ ਸੈਂਟਰ ਤੇ ਸਿਮੀ ਵੈਲੀ ਹਿੰਦੂ ਟੈਂਪਲ ਦੇ ਸੰਸਥਾਪਕ ਡਾਕਟਰ ਸੰਜੀਵ ਜੈਨ ਤੇ ਡਾਕਟਰ ਸ਼ੁਭਾ ਜੈਨ ਵੱਲੋਂ ਇਸ ਮੁਹਿੰਮ ਵਿਚ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ ਤੇ ਉਹਨਾਂ ਵੱਲੋਂ ਭਾਈਚਾਰੇ ਦੇ ਸਮਾਜ ਸੇਵਿਕਾਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਕੋਵਿਡ-19 ਦੇ ਇਸ ਮੁਸ਼ਕਿਲਾਂ ਭਰੇ ਸਮੇ ਵਿਚ ਲੋੜਵੰਦਾਂ ਨੂੰ ਰਾਹਤ ਪਹੁੰਚਾਈ ਜਾ ਸਕੇ।







# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਅਹਿਮ ਮੀਟਿੰਗ ਫਰਿਜ਼ਨੋਂ 'ਚ ਹੋਈ

## ਜਥੇਬੰਦੀ ਦੀਆਂ ਕਾਰਗੁਜ਼ਾਰੀਆਂ, ਕਰੋਨਾ ਤੇ ਕਿਸਾਨੀ ਮਸਲੇ ਤੇ ਹੋਈਆਂ ਵਿਚਾਰਾਂ

**ਫਰਿਜ਼ਨੋ (ਹੇਅਰ)** – ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜਨੋ ਦੀ ਇਕ ਮੀਟਿੰਗ ਬੀਤੇ ਦਿਨੀਂ ਫਰਿਜ਼ਨੋ ਵਿਚ ਹੋਈ। ਮੀਟਿੰਗ ਦਾ ਮੁਖ ਏਜੰਡਾ ਬੀਤੇ ਸਾਲ ਵਿਚ ਜਥੇਬੰਦੀ ਦੀਆਂ ਕਾਰਗੁਜ਼ਾਰੀਆਂ ਦੀ ਸਮੀਖਿਆ ਅਤੇ ਇਸ ਨਵੇਂ ਸਾਲ ਵਿਚ ਕਾਰਵਾਈਆ ਦੀ ਵਿਉਂਤਬੰਦੀ ਸੀ। ਮੀਟਿੰਗ ਦੇ ਸ਼ੁਰੂ ਵਿਚ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸਮੂਹ ਕਿਸਾਨਾਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ। 26 ਜਨਵਰੀ ਨੂੰ ਹੋਏ ਇਕ ਹਾਦਸੇ ਵਿਚ ਭਰ ਜੁਆਨੀ ਵਿਚ ਆਪਣੀ ਜਾਨ ਗਵਾਉਣ ਵਾਲੇ ਨਵਰੀਤ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਭਾਰਤ ਸਰਕਾਰ ਵਲੋਂ ਲੋਕਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਪੁਰ ਅਮਨ ਢੰਗ ਨਾਲ ਮੋਰਚੇ ਤੇ ਬੈਠੇ ਲੋਕਾਂ ਤੇ ਤਸ਼ੱਦਦ ਢਾਹੁਣ ਦੀ ਸਖਤ ਨਿੰਦਾ ਵੀ ਕੀਤੀ।ਮੋਰਚੇ ਵਾਲੇ ਇਲਾਕੇ ਵਿਚ ਪਾਣੀ, ਬਿਜਲੀ ਅਤੇ ਇੰਟਰਨੈੱਟ ਸਵੇਵਾਂ ਨੂੰ ਬੰਦ ਕਰਨਾ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਦਾ ਵੀ ਨੋਟਿਸ ਲਿਆ। ਕਿਸਾਨੀ ਮੰਗਾਂ ਲਈ



ਇਕਮੁੱਠਤਾ ਜ਼ਾਹਰ ਕਰਨ ਲਈ ਫੋਰਮ ਵਲੋਂ ਪਿਛਲੇ ਸਮੇਂ ਵਿਚ ਕੀਤੇ ਪ੍ਰੋਗਰਾਮਾਂ ਦੀ ਸਮੀਖਿਆਂ ਕਰਦਿਆਂ ਆਉਣ ਵਾਲੇ ਦਿਨਾਂ ਵਿਚ ਵੀ ਦੂਜੀਆਂ ਜੰਥੇਬੰਦੀਆਂ ਨਾਲ ਰਲ ਕੇ ਕੋਈ ਹੋਰ ਢੁਕਵਾਂ ਪ੍ਰੋਗਰਾਮ ਉਲੀਕਣ ਨੂੰ ਵੀ ਪ੍ਰਵਾਨਗੀ ਦਿੱਤੀ। ਫੋਰਮ ਨੇ ਕਿਸਾਨ ਮੋਰਚੇ ਲਈ ਆਪਣੇ ਆਪਣੇ ਥਾਂ ਤੇ ਕੰਮ ਕਰ ਰਹੀਆਂ ਵੱਖ-ਵੱਖ ਜੰਥੇਬੰਦੀਆਂ ਦਾ ਧੰਨਵਾਦ ਵੀ ਕੀਤਾ ਅਤੇ ਫੋਰਮ ਵਲੋਂ ਹਰ ਪ੍ਰੋਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਫੈਸਲਾ ਵੀ ਲਿਆ।

ਮੀਟਿੰਗ ਵਿਚ ਸ਼ਾਮਲ ਸਾਰੇ ਮੇਂਬਰਾਂ ਨੇ ਪਿਛਲੇ ਸਾਲ ਕਰੋਨਾ ਦੀ ਮਹਾਂਮਾਰੀ ਦੇ ਚੱਲਦਿਆਂ ਫੋਰਮ ਆਪਣੀਆਂ ਮੁੱਖ ਕਾਰਵਾਈਆਂ ਜਿਨ੍ਹਾਂ ਵਿਚ ਮਾਰਚ ਮਹੀਨੇ ਹੋਣ ਵਾਲਾ ਸਲਾਨਾ ਮੇਲਾ, ਅਗਸਤ ਮਹੀਨੇ ਵਿਚ ਕਰਵਾਏ ਜਾਂਦੇ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ ਅਤੇ ਨਵੰਬਰ ਮਹੀਨੇ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀ ਸ਼ਹੀਦਾਂ ਦੀ ਯਾਦ ਵਿਚ ਪ੍ਰੋਗਰਾਮ ਨਾ ਕਰਵਾ ਸਕਣ ਲਈ ਖੇਦ ਪਰਗਟ ਕੀਤਾ। ਕਰੋਨਾ ਦਾ ਮਾਰੂ ਅਸਰ ਅਜੇ ਵੀ ਉਸੇ ਰਫਤਾਰ ਨਾਲ ਜਾਰੀ ਹੈ ਅਤੇ ਜਿਸ ਨੂੰ ਦੇਖਦਿਆਂ ਇਸ ਸਾਲ ਮਾਰਚ ਦੇ ਆਖਰੀ ਹਫਤੇ ਹੋਣ ਵਾਲਾ ਸਾਲਾਨਾ ਮੇਲਾ ਨਾ ਕਰਨ ਦਾ ਫੈਸਲਾ ਲਿਆ ਗਿਆ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਨੇ ਆਸ ਪ੍ਰਗਟ ਕੀਤੀ ਕੇ ਆਉਣ ਵਾਲੇ ਮਹੀਨਿਆਂ ਵਿਚ ਸੰਸਾਰ ਕਰੋਨਾ ਤੋਂ ਨਿਜਾਤ ਪਾ ਸਕੇਗਾ ਤਾਂ ਕਿ ਜਨ ਜੀਵਨ ਸਧਾਰਣ ਹਾਲਤਾ ਵਿਚ ਬਹਾਲ ਹੋ ਸਕੇ। ਫੋਰਮ ਦੇ ਮੇਂਬਰਾਂ ਨੇ ਸਮੂਹ ਭਾਰਤੀ ਭਾਈਚਾਰੇ ਵਲੋਂ ਪਿਛਲੇ 20 ਸਾਲਾਂ ਤੋਂ ਮਿਲ ਰਹੇ ਸਮਰਥਨ ਲਈ ਧੰਨਵਾਦ ਕਰਦਿਆਂ ਇਹ ਯਕੀਨ ਵੀ ਦਵਾਇਆ ਕਿ ਕਰੋਨਾ ਦੀ ਮਹਾਂਮਾਰੀ ਖਤਮ ਹੋਣ ਤੋਂ ਬਾਅਦ ਫੋਰਮ ਆਪਣੇ ਸਾਰੇ ਪ੍ਰੋਗਰਾਮ ਜਾਰੀ ਰੱਖੇਗਾ।

# ਕਿਸਾਨ ਅੰਦੋਲਨ ਵਿਚ ਮੁੜ ਜਾਨ ਫੂਕਣ ਲਈ ਪੰਚਾਇਤਾਂ ਆਰੰਭ

**(ਸਫਾ 1 ਦੀ ਬਾਕੀ)**

ਪ੍ਰਧਾਨ ਮੰਤਰੀ ਦੇ ਮੁੜ ਸੱਦੇ ਦਾ ਜਵਾਬ ਨਹੀਂ ਦਿੰਤਾ ਹੈ। ਉੱਥੇ ਹੀ, ਗਣਤੰਤਰ ਦਿਵਸ 'ਤੇ ਖੇਤੀ ਕਾਨੂੰਨਾਂ ਖ਼ਿਲਾਫ਼ ਕੱਢੀ ਗਈ ਟ੍ਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਤੋਂ ਬਾਅਦ ਲਾਪਤਾ ਬਲਜਿੰਦਰ ਸਿੰਘ ਦੀ ਤਲਾਸ਼ ਲਈ ਪੁਲਿਸ ਦੀਆਂ ਤਿੰਨ ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਬਲਜਿੰਦਰ ਦੀ ਤਲਾਸ਼ ਕੀਤੀ ਜਾ ਰਹੀ ਹੈ। ਹੁਣ ਤਕ 15 ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ।

ਨਾਂਗਲੋਈ ਥਾਣੇ 'ਚ ਬਲਜਿੰਦਰ ਸਿੰਘ ਦੀ ਗੁਮਸ਼ੁਦਗੀ ਦੀ ਰਿਪੋਰਟ ਵੀ ਦਰਜ ਕੀਤੀ ਗਈ ਹੈ। ਪੁਲਿਸ ਨੇ ਇਹ ਜਾਣਕਾਰੀ ਮੰਗਲਵਾਰ ਨੂੰ ਜੱਜ ਸਿਧਾਰਥ ਮ੍ਰਿਦੁਲ ਤੇ ਜੱਜ ਏਜੇ ਭੰਭਾਨੀ ਦੀ ਬੈਂਚ ਨੂੰ ਦਿੱਤੀ। ਬੈਂਚ ਨੇ ਉਕਤ ਸੂਚਨਾ ਤੋਂ ਬਾਅਦ ਝੱਜਰ ਦੇ ਸੀਨੀਅਰ ਸੁਪਰਡੈਂਟ ਨੂੰ ਨਿਰੇਦਸ਼ ਦਿੱਤਾ ਕਿ ਬਲਜਿੰਦਰ ਸਿੰਘ ਦੀ ਤਲਾਸ਼ ਕਰਨ 'ਚ ਦਿੱਲੀ ਪੁਲਿਸ ਦਾ ਸਹਿਯੋਗ ਕਰੋ।

ਉੱਥੇ ਹੀ ਦਿੱਲੀ ਪੁਲਿਸ ਨੂੰ ਹਦਾਇਤ ਦਿੱਤੀ ਕਿ ਆਗਾਮੀ 17 ਫਰਵਰੀ ਨੂੰ ਹੋਣ ਵਾਲੀ ਸੁਣਵਾਈ 'ਤੇ ਸਟੇਟਸ ਰਿਪੋਰਟ ਪੇਸ਼ ਕਰੋ।

ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਸਪੱਸ਼ਟ ਕੀਤਾ ਹੈ ਕਿ ਤਿੰਨ ਖੇਤੀਬਾੜੀ ਕਾਨੂੰਨਾਂ ਬਾਰੇ ਚੱਲ ਰਹੇ ਅੰਦੋਲਨ ਵਿਚ ਸ਼ਾਮਲ ਕਿਸਾਨਾਂ ਨੂੰ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਤਲਬ ਨਹੀਂ ਕੀਤਾ ਹੈ। ਹਜ਼ਾਰਾਂ ਕਿਸਾਨ ਲਗਭਗ 70 ਦਿਨਾਂ ਤੋਂ ਦਿੱਲੀ ਦੀਆਂ ਵੱਖ ਵੱਖ ਸਰਹੱਦਾਂ ’ਤੇ ਤਿੰਨ ਕੇਂਦਰੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੇ ਹਨ।

ਇਨ੍ਹਾਂ ਵਿੱਚੋਂ ਜ਼ਿਆਦਾਤਰ ਕਿਸਾਨ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਹਨ। ਕਾਂਗਰਸ ਦੇ ਦਿਗਵਿਜੇ ਸਿੰਘ ਸਮੇਤ ਕੁਝ ਹੋਰ ਨੇਤਾਵਾਂ ਨੇ ਰਾਜ ਸਭਾ ਵਿੱਚ ਪ੍ਰਸ਼ਨ ਰਾਹੀਂ ਕੇਂਦਰ ਸਰਕਾਰ ਤੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਕੀ ਐੱਨਆਈਏ ਨੇ ਚੱਲ ਰਹੇ ਕਿਸਾਨਾਂ ਦੇ ਪ੍ਰਦਰਸ਼ਨ ਵਿੱਚ ਸ਼ਾਮਲ ਕਿਸਾਨਾਂ ਨੂੰ ਤਲਬ ਕੀਤਾ ਹੈ। ਇਸ ਦੇ ਜਵਾਬ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਜੀ. ਕਿਸ਼ਨ ਰੈਡੀ ਨੇ ਆਪਣੇ ਲਿਖਤੀ ਜਵਾਬ ਵਿਚ ਕਿਹਾ, “ਜੀ ਨਹੀਂ।”

**ਇਕਬਾਲ ਸਿੰਘ ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ**

ਗਣਤੰਤਰ ਦਿਵਸ ਟਰੈਕਟਰ ਪਰੇਡ ਦੌਰਾਨ ਹਿੰਸਾ ਸਬੰਧੀ ਦੀਪ ਸਿੱਧੂ ਦੀ ਗ੍ਰਿਫਤਾਰੀ ਤੋਂ ਇਕ ਦਿਨ ਬਾਅਦ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਮੰਗਲਵਾਰ ਰਾਤ ਇਕਬਾਲ ਸਿੰਘ ਨੂੰ ਕਾਬੂ ਕਰ ਲਿਆ।

ਉਹ ਲੁਧਿਆਣਾ ਦਾ ਰਹਿਣ ਵਾਲਾ ਹੈ ਤੇ ਮੁੱਖ ਮੁਲਜ਼ਮਾਂ ਵਿਚੋਂ ਇਕ ਹੈ। ਇਕਬਾਲ ਨੂੰ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਦੀ ਉੱਤਰੀ ਰੇਂਜ ਨੇ ਹੁਸ਼ਿਆਰਪੁਰ ਤੋਂ ਦੇਰ ਰਾਤ ਕਾਬੂ ਕੀਤਾ।

**ਸੋਸਲ ਮੀਡੀਆ ਦੀ ਕਾਰਵਾਈ**

ਯੂਟਿਊਬ ਨੇ ਕਿਸਾਨ ਅੰਦੋਲਨ ਸਬੰਧੀ ਇਕ ਵੱਡੀ ਕਾਰਵਾਈ ਕੀਤੀ ਹੈ। ਯੂਟਿਊਬ ਨੇ ਕਿਸਾਨ ਸੰਘਰਸ਼ ਨਾਲ ਜੁੜੇ ਕੁਝ ਗੀਤਾਂ ਨੂੰ ਬਲਾਕ ਕਰ ਦਿੱਤਾ ਹੈ। ਇਹ ਗੀਤ ਪ੍ਰਸਿੱਧ ਗਾਇਕ ਕਨਵਰ ਗਰੇਵਾਲ ਅਤੇ ਹਿੰਮਤ ਸੰਧੂ ਦੇ ਹਨ। ਦੱਸਣਯੋਗ ਹੈ ਕਿ ਇਹ ਦੋਵੇਂ ਗਾਇਕ ਲਗਾਤਾਰ ਕਿਸਾਨ ਅੰਦੋਲਨ ਨਾਲ ਜੁੜੇ ਹੋਏ ਹਨ।

ਯੂਟਿਊਬ ਨੇ ਕਾਰਵਾਈ ਕਰਦਿਆਂ ਕਨਵਰ ਗਰੇਵਾਲ ਦਾ ਗੀਤ ‘ਐਲਾਨ’ ਅਤੇ ਹਿੰਮਤ ਸੰਧੂ ਦਾ ਗੀਤ ‘ਅਸੀਂ ਵੱਡਾਂਗੇ’ ਤੇ ‘ਖਾੜਕੂ’ ਅਤੇ ਕੁਰਾਲਾ ਮਾਨ ਦਾ ਗੀਤ ‘ਵੈਪਨ ਸ਼ੋਲਡਰ’ ਬਲਾਕ ਕਰ ਦਿੱਤੇ ਹਨ।

ਯੂਟਿਊਬ ਨੇ ਇਹ ਕਾਰਵਾਈ ਸਰਕਾਰ ਦੀ ਸ਼ਿਕ-ਾਇਤ ’ਤੇ ਕੀਤੀ ਹੈ। ਸਰਕਾਰ ਵੱਲੋਂ ਯੂਟਿਊਬ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਸੀ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਲਗਾਤਾਰ ਵੱਖ ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਚੱਲ ਰਹੇ ਕਿਸਾਨ ਅੰਦੋਲਨ ਦੇ ਹੱਕ ਵਿਚ ਪੋਸਟਾਂ ਨੂੰ ਜਾਂ ਤਾਂ ਡਿਲੀਟ ਕਰਵਾ ਰਹੀ ਹੈ ਤੇ ਜਾਂ ਫਿਰ ਉਨ੍ਹਾਂ ਦੇ ਅਕਾਊਂਟ ਬਲਾਕ ਕਰਵਾ ਰਹੀ ਹੈ।

ਯੂਟਿਊਬ ਵੱਲੋਂ ਡਿਲੀਟ ਕੀਤੇ ਗਏ ਇਨ੍ਹਾਂ ਗਾਣਿਆਂ ਦੇ ਸਬੰਧ ਵਿਚ ਬੀਕੇਯੂ ਉਗਰਾਹਾਂ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਇਨ੍ਹਾਂ ਗਾਣਿਆਂ ਨੂੰ ਯੂਟਿਊਬ ਤੋਂ ਤਾਂ ਹਟਵਾ ਸਕਦੀ ਹੈ ਪਰ ਲੋਕਾਂ ਦਿਲਾਂ ਵਿਚੋਂ ਇਨ੍ਹਾਂ ਗਾਣਿਆਂ ਨੂੰ ਕਿਵੇਂ ਕੱਢ ਸਕਦੀ ਹੈ।







## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਵਿਸ਼ਵ ਵਿਚ ਉਭਰ ਰਹੀਆਂ ਤਾਨਾਸ਼ਾਹੀ ਰੁਚੀਆਂ ਨੂੰ ਰੋਕਣਾ ਪਵੇਗਾ- ਜੋਅ ਬਾਇਡੇਨ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਰਾਸ਼ਟਰਪਤੀ ਜੋਅਬਾਇਡੇਨ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਦੀ ਵਿਦੇਸ਼ ਨੀਤੀ ਸਬੰਧੀ 'ਡਿਪਲੋਮੇਸੀ ਮੁੜ ਕੇਂਦਰ ਬਿੰਦੂ' ਬਣ ਗਈ ਹੈ। ਉਨ੍ਹਾਂ ਨੇ ਸਾਊਦੀ ਅਰਬ ਦੀ ਯਮਨ ਵਿਚ ਹਮਲਾਵਰ ਕਾਰਵਾਈ ਦਾ ਸਮਰਥਨ ਬੰਦ ਕਰਨ ਦਾ ਐਲਾਨ ਕੀਤਾ। ਰਾਸ਼ਟਰਪਤੀ ਵਜੋਂ ਅਹੁੱਦਾ ਸੰਭਾਲਣ ਤੋਂ ਬਾਅਦ ਵਿਦੇਸ਼ ਨੀਤੀ ਸਬੰਧੀ ਆਪਣੇ ਪਹਿਲੇ ਭਾਸ਼ਣ ਵਿਚ ਬਾਇਡੇਨ ਨੇ ਸਾਊਦੀ ਅਰਬ ਦਾ ਸਮਰਥਨ ਨਾ ਕਰਨ ਸਮੇਤ ਹੋਰ ਅਨੇਕਾਂ ਤਬਦੀਲੀਆਂ ਕਰਨ ਦਾ ਜਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਜਰਮਨੀ ਤੋਂ ਦਸਤਿਆਂ ਦੀ ਮੁੜ ਤਾਇਨਾਤੀ ਬੰਦ ਹੋਵੇਗੀ, ਸ਼ਰਨਾਰਥੀਆਂ ਦੇ ਅਮਰੀਕਾ ਵਿਚ ਆਉਣ ਦੀ ਸੀਮਾ ਵਧਾਈ ਜਾਵੇਗੀ ਤੇ ਵਿਸ਼ਵ ਭਰ ਵਿਚ ਲੈਸਬੀਅਨ/ਗੇਅ ਦੇ ਅਧਿਕਾਰਾਂ ਦਾ ਸਮਰਥਨ ਕੀਤਾ ਜਾਵੇਗਾ। ਕਦਰਾਂ-ਕੀਮਤਾਂ ਅਧਾਰਤ ਗੱਲਬਾਤ ਉਪਰ ਜੋਰ ਦਿੰਦਿਆਂ ਬਾਇਡੇਨ ਨੇ ਵਧ ਰਹੀਆਂ ਤਾਨਾਸ਼ਾਹੀ ਰੁਚੀਆਂ ਦਾ ਮੁਕਾਬਲਾ ਕਰਨ ਸਮੇਤ ਵਿਸ਼ਵ ਵਿਆਪੀ ਚੁਣੌਤੀਆਂ ਦਾ ਜਿਕਰ ਕਰਦਿਆਂ ਕਿਹਾ ਕਿ ਇਹ ਸਾਰੇ ਮਸਲੇ ਵੱਖ



ਵੱਖ ਦੇਸ਼ਾਂ ਵੱਲੋਂ ਮਿਲਜੁਲਕੇ ਕੰਮ ਕਰਨ ਨਾਲ ਹੀ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਅਮਰੀਕਾ ਦੀਆਂ ਲੋਕਤੰਤਰਿਕ ਕਦਰਾਂ ਕੀਮਤਾਂ ਅਧਾਰਤ ਕੂਟਨੀਤੀ ਸ਼ੁਰੂ ਕਰਨੀ ਪਵੇਗੀ। ਉਨ੍ਹਾਂ ਨੇ ਆਜ਼ਾਦੀ, ਅਵਸਰਾਂ, ਅਧਿਕਾਰਾਂ ਦੀ ਬਹਾਲੀ, ਕਾਨੂੰਨ ਦਾ ਮਾਣ ਸਨਮਾਨ ਕਰਨ ਤੇ ਹਰ ਇਕ ਵਿਅਕਤੀ ਨੂੰ ਇਜਤ ਮਾਣ ਨਾਲ ਪੇਸ਼ ਆਉਣ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਅਸੀਂ ਇਕੱਲੇ ਨਹੀਂ ਕਰ ਸਕਦੇ। ਇਸ ਵਾਸਤੇ ਸਮੂਹਿਕ ਯਤਨ ਕਰਨੇ ਪੈਣਗੇ। ਉਨ੍ਹਾਂ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਨ੍ਹਾਂ ਕਦਰਾਂ ਕੀਮਤਾਂ ਨੂੰ ਪੈਦਾ ਕੀਤੇ ਖਤਰੇ ਨੂੰ ਮੰਨਦਿਆਂ ਕਿਹਾ ਕਿ ਹਾਲ ਹੀ ਦੇ ਸਾਲਾਂ ਵਿਚ ਬਹੁਤ ਸਾਰੀਆਂ ਕਦਰਾਂ ਕੀਮਤਾਂ ਬੇਹੱਦ ਦਬਾਅ ਵਿਚ ਆਈਆਂ ਹਨ। ਇਥੋਂ ਤੱਕ ਕਿ ਪਿਛਲੇ ਹਫਤਿਆਂ ਦੌਰਾਨ ਇਨ੍ਹਾਂ ਨੂੰ ਹਾਸ਼ੀਏ ਉਪਰ ਲੈ ਆਂਦਾ ਗਿਆ ਪਰੰਤੂ ਅਮਰੀਕੀ ਇਸ ਸਥਿੱਤੀ ਵਿਚੋਂ ਉਭਰ ਰਹੇ ਹਨ। ਉਨ੍ਹਾਂ ਕਿਹਾ ਅੱਜ ਲੋਕਤੰਤਰ ਦੀ ਰਾਖੀ ਲਈ ਵਿਸ਼ਵ ਨੂੰ ਇਕਜੁੱਟ ਹੋਣ ਦੀ ਲੋੜ ਹੈ ਕਿਉਂਕਿ ਇਹ ਲੜਾਈ ਅਸੀਂ ਆਪਣੇ ਲਈ ਲੜਨੀ ਹੈ।

# ਕੈਲੀਫੋਰਨੀਆ ਵਿਚ ਬਜ਼ੁਰਗ ਏਸ਼ੀਅਨ ਅਮਰਕੀਨਾਂ ਉਪਰ ਹਮਲਿਆਂ ਨੇ ਚਿੰਤਾ ਵਧਾਈ

**ਸੈਕਰਾਮੈਂਟੋ, ਕੈਲੀਫੋਰਨੀਆ 9 ਜਨਵਰੀ-** ਹਾਲ ਹੀ ਵਿਚ ਏਸ਼ੀਅਨ ਮੂਲ ਦੇ ਬਜ਼ੁਰਗ ਅਮਰੀਕਨਾਂ ਉਪਰ ਬਿਨਾਂ ਕਿਸੇ ਕਾਰਨ ਹੋਏ ਹਮਲਿਆਂ ਨੇ ਏਸ਼ੀਅਨ ਭਾਈਚਾਰੇ ਵਿਚ ਚਿੰਤਾ ਵਧਾਈ ਹੈ। ਬੇ ਏਰੀਆ ਵਿਚ ਤਿੰਨ ਬਜ਼ੁਰਗਾਂ ਉਪਰ ਹੋਏ ਹਮਲਿਆਂ ਦੀਆਂ ਵੀਡੀਓ ਸਾਹਮਣੇ ਆਈਆਂ ਹਨ । ਓਕਲੈਂਡ ਦੇ ਚਿਨਾਟਾਊਨ ਵਿਚ ਪੈਰੈਸ ਕਾਨਫਰੰਸ ਦੌਰਾਨ ਅਮਾਮੇਡਾ ਕਾਊਂਟੀ ਦੇ ਡਿਸਟੈਰਿਕਟ ਅਟਾਰਨੀ ਨੈਨਸੀ ਓ ਮਾਲੇ ਨੇ ਏਸ਼ੀਅਨਾਂ ਖਾਸ ਕਰਕੇ ਬਜ਼ੁਰਗਾਂ ਵਿਰੁੱਧ ਹੋ ਰਹੇ ਅਪਰਾਧਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਸ਼ੇਸ਼



ਯੂਨਿਟ ਕਾਇਮ ਕਰਨ ਦਾ ਐਲਾਨ ਕੀਤਾ। ਉਨਾਂ ਕਿਹਾ ਕਿ ਏਸ਼ੀਅਨ ਭਾਈਚਾਰੇ ਖਾਸ ਕਰਕੇ ਚੀਨੀ ਮੂਲ ਦੇ ਅਮਰੀਕਨਾਂ ਉਪਰ ਹੋ ਰਹੇ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਤਰੀ ਕੈਲੀਫੋਰਨੀਆ ਵਿਚ ਪਿਛਲੇ ਹਫਤੇ ਅਜਿਹੇ ਦੋ ਹਮਲੇ ਹੋਣ ਦੇ ਮਾਮਲੇ ਸਾਹਮਣੇ ਆਏ ਹਨ। ਹਾਲਾਂ ਕਿ ਇਨਾਂ ਹਮਲਿਆਂ ਦੇ ਪੀੜਤਾਂ ਦੇ ਨਾਮ ਨਹੀਂ ਦਸੇ ਗਏ ਪਰ ਇਹ ਏਸ਼ੀਅਨ ਸਨ। ਸਨ ਫਰਾਂਸਿਸਕੋ ਡਿਸਟੈਰਿਕਟ ਅਟਾਰਨੀ ਚੇਸਾ ਬੋਡਿਨ ਅਨੁਸਾਰ 28 ਜਨਵਰੀ ਨੂੰ ਥਾਈਲੈਂਡ ਦੇ 84 ਸਾਲਾ ਬਜ਼ੁਰਗ ਵਿਚਾ ਰਤਨਾਪਾਕਡੀ ਉਪਰ ਉਸ ਸਮੇਂ ਹਮਲਾ ਕੀਤੀ ਗਿਆ ਜਦ ਉਹ ਸਵੇਰ ਦੀ ਸੈਰ ਕਰ ਰਹੇ ਸਨ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ। ਉਨਾਂ ਕਿਹਾ ਕਿ ਇਸ ਕਤਲ ਸਬੰਧੀ ਇਕ 19 ਸਾਲਾ ਨੌਜਵਾਨ ਨੂੰ ਸ਼ੱਕ ਦੇ ਆਧਾਰ ਤੇ ਗੈਰਿਫਤਾਰ ਕੀਤਾ ਗਿਆ ਹੈ।


'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਮਹਾਦੋਸ਼ ਸੁਣਵਾਈ ਦੌਰਾਨ ਪੇਸ਼ ਨਹੀਂ ਹੋਵਾਂਗਾ-ਡੋਨਾਲਡ ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ-** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਸੈਨੇਟ ਦੀ ਮਹਾਦੋਸ਼ ਸੁਣਵਾਈ ਦੌਰਾਨ ਪੇਸ਼ ਨਹੀਂ ਹੋਵੇਗਾ। ਟਰੰਪ ਨੇ ਇਹ ਬਿਆਨ ਡੈਮੋਕਰੈਟਿਕ ਵਕੀਲਾਂ ਦੀ ਉਸ ਬੇਨਤੀ ਦੇ ਸੰਦਰਭ ਵਿਚ ਦਿੱਤਾ ਹੈ ਜਿਸ ਵਿਚ ਸੰਵਿਧਾਨ ਦੀ ਚੁੱਕੀ ਗਈ ਸਹੁੰ ਤਹਿਤ ਸਾਬਕਾ ਰਾਸ਼ਟਰਪਤੀ ਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਗਿਆ ਸੀ। ਸਾਬਕਾ ਸੰਵਿਧਾਨਕ ਲਾਅ ਪ੍ਰੋਫੈਸਰ ਜੈਮੀਰਸਕਿਨ ਜੋ ਡੈਮੋਕਰੈਟਸ ਦੇ ਕੇਸ ਦੀ ਅਗਵਾਈ ਕਰ ਰਹੇ ਹਨ, ਨੇ ਟਰੰਪ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਸੀ ਕਿ ਇਸ ਹਫਤੇ ਦੇ ਸ਼ੁਰੂ ਵਿਚ ਮਹਾਦੋਸ਼ ਧਾਰਾ ਸਬੰਧੀ ਉਨ੍ਹਾਂ ਵੱਲੋਂ ਦਿੱਤਾ ਗਿਆ ਜਵਾਬ ਨਾ ਕਾਫੀ ਹੈ। ਇਸ ਵਿਚ ਬਹੁਤ ਸਾਰੇ ਤੱਥਾਂ ਅਧਾਰਤ ਦੋਸ਼ਾਂ ਨੂੰ ਨਕਾਰਿਆ ਗਿਆ ਹੈ।

ਇਸ ਲਈ ਡੈਮੋਕਰੈਟਸ ਦੀ ਬੇਨਤੀ ਹੈ ਕਿ ਉਹ ਅਗਲੇ ਸੋਮਵਾਰ ਤੋਂ ਪਹਿਲਾਂ ਜਿੰਨੀ ਛੇਤੀ ਸੰਭਵ ਹੋ ਸਕੇ ਸੁਣਵਾਈ ਦੌਰਾਨ ਹਾਜਰ ਹੋਣ। ਰਸਕਿਨ ਨੇ ਹੋਰ ਕਿਹਾ ਸੀ ਕਿ ਜੇਕਰ ਤੁਸੀਂ ਹਾਜਰ ਹੋਣ ਤੋਂ ਇਨਕਾਰ ਕਰ ਦਿੰਦੇ ਹੋ ਤਾਂ ਸਾਡੇ ਕੋਲ ਮਹਾਦੋਸ਼ ਮੁਕੱਦਮਾ ਸ਼ੁਰੂ ਕਰਨ ਸਮੇਤ ਸਾਰੇ ਅਧਿਕਾਰ ਰਾਖਵੇਂ ਹੋਣਗੇ। ਇਸ ਪੱਤਰ ਵਿਚ 6 ਜਨਵਰੀ ,2021 ਦੀ ਕੈਪੀਟਲ ਹਿੱਲ ਵਿਖੇ ਵਾਪਰੀ ਘਟਨਾ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਤੁਹਾਡੇ ਇਨਕਾਰ ਦੇ ਸਿੱਟੇ ਮਾੜੇ ਨਿਕਲ ਸਕਦੇ ਹਨ ਜੋ ਤੁਹਾਨੂੰ ਪ੍ਰਭਾਵਿਤ ਕਰਨਗੇ।

ਟਰੰਪ ਦੇ ਵਕੀਲਾਂ ਬਰੂਸਕੈਸਟਰਜੂਨੀਅਰ ਤੇ ਡੇਵਿਡ ਸ਼ੋਏਨ ਨੇ ਇਸ ਦੇ ਜਵਾਬ ਵਿਚ ਰਸਕਿਨ ਨੂੰ ਲਿੱਖੇ ਪੱਤਰ ਵਿਚ ਦਲੀਲ ਦਿੱਤੀ ਹੈ ਕਿ ਸਾਬਕਾ ਰਾਸ਼ਟਰਪਤੀ ਦੀ ਗਵਾਹੀ ਲੈਣ ਦੀ ਕੋਸ਼ਿਸ਼ ਤੋਂ ਪਤਾ ਲੱਗਦਾ ਹੈ ਕਿ ਡੈਮੋਕਰੈਟਸ ਸਾਬਕਾ ਰਾਸ਼ਟਰਪਤੀ ਵਿਰੁੱਧ ਦੋਸ਼ ਸਾਬਤ ਨਹੀਂ ਕਰ ਸਕਦੇ ਜੋ ਕਿ ਹੁਣ ਇਕ ਆਮ ਸ਼ਹਿਰੀ ਬਣ ਗਏ ਹਨ। ਇਸੇ ਦੌਰਾਨ ਸਾਬਕਾ ਰਾਸ਼ਟਰਪਤੀ ਦੇ ਬੁਲਾਰੇ ਅਲੀ ਪਾਰਡੋ ਨੇ ਸਪੱਸ਼ਟ ਕੀਤਾ ਹੈ ਕਿ ਉਹ ਮਹਾਦੋਸ਼ ਸੁਣਵਾਈ ਦੌਰਾਨ ਹਾਜਰ ਹੋਣ ਦਾ ਇਰਾਦਾ ਨਹੀਂ ਰਖਦੇ। ਸਾਬਕਾ ਰਾਸ਼ਟਰਪਤੀ ਇਕ ਗੈਰਸੰਵਿਧਾਨਕ ਸੁਣਵਾਈ ਦੌਰਾਨ ਆਪਣਾ ਪੱਖ ਨਹੀਂ ਰਖਣਗੇ।

# ਟਰੰਪ ਵਿਰੁੱਧ ਮਹਾਂਦੋਸ਼ ਸੁਣਵਾਈ ਲਈ ਢੰਗ ਤਰੀਕੇ ਬਾਰੇ ਸੈਨੇਟ ਵਿਚ ਸਹਿਮਤੀ ਬਣੀ

**ਸੈਕਰਾਮੈਂਟੋ, ਕੈਲੀਫੋਰਨੀਆ-** ਸੈਕਰਾਮੈਂਟੋ, ਕੈਲੀਫੋਰਨੀਆ 9 ਜਨਵਰੀ- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਂਦੋਸ਼ ਸੁਣਵਾਈ ਲਈ ਲੰਘੇ ਦਿਨ ਸੈਨੇਟ ਵਿਚ ਸਹਿਮਤੀ ਬਣ ਗਈ। ਸੈਨੇਟ ਮੈਂਬਰ ਇਸ ਗੱਲ ਲਈ ਸਹਿਮਤ ਹੋਏ ਕਿ ਸਾਬਕਾ ਰਾਸ਼ਟਰਪਤੀ ਵਿਰੁੱਧ ਕਿਸ ਢੰਗ ਤਰੀਕੇ ਨਾਲ ਮਹਾਂਦੋਸ਼ ਸੁਣਵਾਈ ਕੀਤੀ ਜਾਵੇ।

ਇਸ ਸਹਿਮਤੀ ਅਨੁਸਾਰ ਸੁਣਵਾਈ ਸਬੰਧੀ ਜਿਆਦਾਤਰ ਦਲੀਲਬਾਜ਼ੀ ਇਸ ਹਫਤੇ ਖਤਮ ਕਰ ਲਈ ਜਾਵੇਗੀ ਤੇ ਗਵਾਹਾਂ ਨੂੰ ਸੱਦਣ ਬਾਰੇ ਨਿਰਨਾ ਕੁਝ ਦਿਨ ਬਾਅਦ ਲਿਆ ਜਾਵੇਗਾ। ਡੈਮੋਕਰੈਟਸ ਸਾਬਕਾ ਰਾਸ਼ਟਰਪਤੀ ਵਿਰੁੱਧ ਛੇਤੀ ਸੁਣਵਾਈ ਲਈ ਜੋਰ ਪਾ ਰਹੇ ਹਨ ਤੇ ਉਹ ਇਹ ਵੀ ਚਹੁੰਦੇ ਹਨ ਕਿ ਗਵਾਹਾਂ ਨੂੰ ਵੀ ਇਸ ਸੁਣਾਈ ਵਿਚ ਸ਼ਾਮਿਲ ਕੀਤਾ ਜਾਵੇ ਪਰੰਤੂ ਜੇਕਰ ਗਵਾਹਾਂ ਨੂੰ ਵੀ ਸੱਦਿਆ ਜਾਂਦਾ ਹੈ ਤਾਂ ਇਸ ਨਾਲ ਮਹਾਂਦੋਸ਼ ਕਾਰਵਾਈ ਕਈ ਹਫਤੇ ਜਾਂ ਮਹੀਨਿਆਂ ਤੱਕ ਚੱਲ ਸਕਦੀ ਹੈ।

ਕੁਝ ਡੈਮੋਕਰੈਟਸ ਨੇ ਕਿਹਾ ਕਿ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਉਪਰ ਪੂਰਨ ਰੂਪ ਵਿੱਚ ਨਜਰਸਾਨੀ ਕੀਤੀ ਜਾਵੇ ਤੇ ਬਹੁਤ ਸਾਰੇ ਸੈਨੇਟ ਮੈਂਬਰ ਮਹਾਂਦੋਸ਼ ਕਾਰਵਾਈ ਤੇਜੀ ਨਾਲ ਮੁਕੰਮਲ ਕਰਨ ਦੇ ਹੱਕ ਵਿਚ ਹਨ ਤਾਂ ਜੋ ਰਾਸ਼ਟਰਪਤੀ ਜੋਅ ਬਾਇਡੇਨ ਦੀਆਂ ਨਾਮਜ਼ਦਗੀਆਂ ਦੀ ਪੁਸ਼ਟੀ ਲਈ ਤੇ ਕੋਵਿਡ-19 ਸਬੰਧੀ ਖਰਚਾ ਬਿੱਲ ਉਪਰ ਕੰਮ ਕਰਨ ਲਈ ਸਮਾਂ ਮਿਲ ਸਕੇ। ਜਿਊਰੀ ਵਿਚ ਸ਼ਾਮਿਲ ਸੈਨੇਟ ਮੈਂਬਰ ਵੀ 6 ਜਨਵਰੀ ਨੂੰ ਸੰਸਦ ਵਿੱਚ ਹੋਈ ਹਿੰਸਾ ਦੇ ਗਵਾਹ ਹਨ ਜਿਨਾਂ ਨੇ ਚੈਂਬਰ ਨੂੰ ਖਾਲੀ ਕਰਵਾਇਆ ਸੀ ਜਿਸ ਉਪਰ ਦੰਗਾਕਾਰੀਆਂ ਨੇ ਕਬਜ਼ਾ ਕਰ ਲਿਆ ਸੀ। ਸੈਨੇਟ ਵਿਚ ਟਰੰਪ ਦੀ ਬਚਾਅ ਟੀਮ ਜਿਸ ਦੀ ਅਗਵਾਈ ਬਰੂਸ ਕੈਸਟਰ ਜੁਨੀਅਰ ਤੇ ਡੇਵਿਡ ਸ਼ੋਏਨ ਨੇ ਕੀਤੀ, ਨੇ ਮਹਾਂਦੋਸ਼ ਮਾਮਲੇ ਵਿਚ ਲਿਖਤੀ ਤਰਕ ਦਿੱਤੇ ਤੇ ਕਿਹਾ ਕਿ ਮਹਾਂਦੋਸ਼ ਸੁਣਵਾਈ ਗੈਰ ਸੰਵਿਧਾਨਕ ਤੇ ਰਾਜਸੀ ਨਾਟਕੋ ਹੈ।

ਸੈਨੇਟ ਦੇ ਬਹੁਗਿਣਤੀ ਆਗੂ ਚੁਕ ਸ਼ੁਮਰ ਨੇ ਕਿਹਾ ਹੈ ਕਿ ਸਾਰੀਆਂ ਧਿਰਾਂ ਸਾਬਕਾ ਰਾਸ਼ਟਰਪਤੀ ਵਿਰੁੱਧ ਨਿਰਪੱਖ ਤੇ ਇਮਾਨਦਾਰਾਨਾ ਮਹਾਂਦੋਸ਼ ਮੁਕੱਦਮੇ ਲਈ ਸਹਿਮਤੀ ਹੋਈਆਂ ਹਨ। ਹਰ ਇਕ ਧਿਰ ਨੂੰ ਆਪਣੇ ਤਰਕ ਰੱਖਣ ਲਈ ਲੋੜੀਂਦਾ ਸਮਾਂ ਦਿੱਤਾ ਜਾਵੇਗਾ।

ਸਾਬਕਾ ਰਾਸ਼ਟਰਪਤੀ ਵਿਰੁੱਧ ਪੈਰਸਤਾਵਿਤ ਮਹਾਂਦੋਸ਼ ਕਾਰਵਾਈ ਕਈ ਤਰਾਂ ਨਾਲ ਇਤਿਹਾਸਕ ਹੋਵੇਗੀ। ਟਰੰਪ ਪਹਿਲੇ ਰਾਸ਼ਟਰਪਤੀ ਹਨ ਜਿਨਾਂ ਵਿਰੁੱਧ ਦੂਸਰੀ ਵਾਰ ਮਹਾਂਦੋਸ਼ ਕਾਰਵਾਈ ਹੋਈ ਹੈ ਤੇ ਉਹ ਪਹਿਲੇ ਰਾਸ਼ਟਰਪਤੀ ਹੋਣਗੇ ਜਿਨਾਂ ਵਿਰੁੱਧ ਅਹੁੱਦਾ ਛੱਡਣ ਤੋਂ ਬਾਅਦ ਮਹਾਂਦੋਸ਼ ਸੁਣਵਾਈ ਹੋਵੇਗੀ।

# ਟਰੰਪ ਨੂੰ ਨਹੀਂ ਦਿੱਤੀ ਜਾਵੇਗੀ ਖ਼ੁਫ਼ੀਆ ਜਾਣਕਾਰੀ ਜੋਅ ਬਾਇਡੇਨ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਰਾਸ਼ਟਰਪਤੀ ਜੋਅਬਾਇਡੇਨ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਸ ਦੇ ਅਸਥਿੱਰ ਵਿਵਹਾਰ ਕਾਰਨ ਗੁਪਤ ਖ਼ੁਫ਼ੀਆ ਜਾਣਕਾਰੀ ਨਹੀਂ ਦਿੱਤੀ ਜਾਵੇਗੀ। ਬਾਇਡੇਨ ਨੇ ਇਕ ਨਿਊਜ਼ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਟਰੰਪ ਨੂੰ ਖ਼ੁਫ਼ੀਆ ਜਾਣਕਾਰੀ ਦੇਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਉਸ ਨੂੰ ਇਹ ਜਾਣਕਾਰੀ ਦੇਣ ਦਾ ਕੋਈ ਫਾਇਦਾ ਨਹੀਂ ਹੋਵੇਗਾ ਉਲਟਾ ਉਹ ਫਿਸਲ ਸਕਦਾ ਹੈ ਤੇ ਕੁਝ ਵੀ ਬੋਲ ਸਕਦਾ ਹੈ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀਆਂ ਨੂੰ ਨਿਰੰਤਰ ਗੁਪਤ ਖ਼ੁਫ਼ੀਆ ਜਾਣਕਾਰੀ ਦਿੱਤੀ ਜਾਂਦੀ ਹੈ। ਕੁਝ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਟਰੰਪ ਨੂੰ ਖ਼ੁਫ਼ੀਆ ਜਾਣਕਾਰੀ ਦੇਣ ਬਾਰੇ ਸਵਾਲ ਉਠਾਏ ਸਨ ਤੇ ਕਿਹਾ ਸੀ ਕਿ ਇਸ ਨਾਲ ਕੌਮੀ ਸੁਰੱਖਿਆ ਨੂੰ ਖਤਰਾਪੈਦੈ ਹੋ ਸਕਦਾ ਹੈ।


ਇਸ ਹਫ਼ਤੇ ਦੇ ਸ਼ੁਰੂ ਵਿਚ ਵਾਇਟਹਾਊਸ ਦੇ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਸੀ ਕਿ ਟਰੰਪ ਨੂੰ ਖ਼ੁਫ਼ੀਆ ਜਾਣਕਾਰੀ ਦੇਣ ਦਾ ਮੁੱਦਾ ਵਿਚਾਰ ਅਧੀਨ ਹੈ। ਟਰੰਪ ਵਿਰੁੱਧ ਸੈਨੇਟ ਵਿਚ ਮਹਾਦੋਸ਼ ਲਾਉਣ ਬਾਰੇ ਜੋਅਬਾਇਡੇਨ ਨੇ ਕਿਹਾ ਕਿ ' ਮੈ ਉਸ ਨੂੰ ਹਰਾਉਣ ਲਈ ਪੂਰਾ ਜੋਰ ਲਾਇਆ ਕਿਉਂਕਿ ਮੇਰੇ ਵਿਚਾਰ ਅਨੁਸਾਰ ਉਹ ਰਾਸ਼ਟਰਪਤੀ ਦੇ ਯੋਗ ਨਹੀਂ ਹੈ। ਮੈ ਵੇਖਿਆ ਹੈ, ਹਰ ਇਕ ਨੇ ਵੇਖਿਆ ਹੈ ਕਿ ਅਮਰੀਕੀ ਕਾਂਗਰਸ ਉਪਰ ਕਿਸ ਤਰਾਂ ਧਾਵਾ ਬੋਲਿਆ ਗਿਆ ਪਰੰਤੂ ਮੈ ਇਸ ਸਮੇ ਸੈਨੇਟ ਦਾ ਮੈਂਬਰ ਨਹੀਂ ਹਾਂ।

ਮੈਸੈਨੇਟ ਨੂੰ ਇਸ ਸਬੰਧੀ ਨਿਰਨਾ ਲੈਣ ਲਈ ਕਹਾਂਗਾ।" ਇਕ ਵੱਖਰੇ ਬਿਆਨ ਵਿਚ ਬਾਇਡੇਨ ਨੇ ਮੰਨਿਆ ਕਿ ਤਜਵੀਜ਼ਤ15 ਡਾਲਰ ਪ੍ਰਤੀ ਘੰਟਾ ਘੱਟੋ ਘੱਟ ਮਜਦੂਰੀ ਨੂੰ 1.9 ਖਰਬ ਦੇ ਕੋਵਿਡ ਰਾਹਤ ਪੈਕੇਜ਼ ਵਿਚ ਸ਼ਾਮਿਲ ਕਰਨਾ ਸੰਭਵ ਨਹੀਂ ਹੈ। ਹਾਲਾਂ ਕਿ ਨਾਲ ਹੀ ਉਨ੍ਹਾਂ ਕਿਹਾ ਕਿ ਮੇਰਾ ਅਜੇ ਵੀ ਵਿਸ਼ਵਾਸ਼ ਹੈ ਕਿ ਘੱਟੋ ਘੱਟ ਮਜਦੂਰੀ ਵਧਾਈ ਜਾਵੇ ਤੇ ਇਸ ਸਬੰਧੀ ਇਕ ਵੱਖਰੀ ਤਜਵੀਜ਼ ਉਪਰ ਗੱਲਬਾਤ ਹੋ ਸਕਦੀ ਹੈ।

ਇਥੇ ਜਿਕਰਯੋਗ ਹੈ ਕਿ ਬਾਇਡੇਨ ਨੇ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਵਜੋਂ ਪ੍ਰਤੀ ਘੰਟਾ ਘੱਟੋ ਘੱਟ ਮਜਦੂਰੀ15 ਡਾਲਰ ਕਰਨ ਦੀ ਮੰਗ ਕੀਤੀ ਸੀ ਤੇ ਕਿਹਾ ਸੀ ਕਿ ਇਹ ਵਾਧਾ 1. 9 ਖਰਬ ਦੇ ਕੋਵਿਡ ਰਾਹਤ ਪੈਕੇਜ਼ ਵਿਚ ਸ਼ਾਮਿਲ ਕੀਤਾ ਜਾਵੇ। ਉਸ ਸਮੇ ਰਿਪਬਲੀਕਨਾਂ ਨੇ ਘੱਟੋ ਘੱਟ ਮਜਦੂਰੀ ਵਧਾਉਣ ਉਪਰ ਇਤਰਾਜ ਕੀਤਾ ਸੀ।

# ਭਾਰਤੀ ਮੂਲ ਦੇ ਨਿਊਯਾਰਕ ਸ਼ਹਿਰ ਦੇ ਸਿਹਤ ਕਮਿਸ਼ਨਰ ਨੂੰ ਹੋਇਆ ਕੋਰੋਨਾ

**ਸੈਕਰਾਮੈਂਟੋ, ਕੈਲੀਫੋਰਨੀਆ-** ਨਿਊਯਾਰਕ ਸ਼ਹਿਰ ਦੇ ਭਾਰਤੀ ਮੂਲ ਦੇ ਅਮਰੀਕੀ ਸਿਹਤ ਕਮਿਸ਼ਨਰ ਡੇਵ ਚੋਕਸ਼ੀਕੋਰੋਨਾ ਦੀ ਲਪੇਟ ਵਿਚ ਆ ਗਿਆ ਹੈ। ਚੋਕਸ਼ੀ ਨੇ ਖੁਦ ਜਾਣਕਾਰੀ ਦਿੱਤੀ ਹੈ ਕਿ ਉਸ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਨਾਲ ਹੀ ਉਸ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਵਾਇਰਸ ਨਿਰੰਤਰ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਇਸ ਲਈ ਜਨਤਿਕ ਜੀਵਨ ਵਿਚ ਵਿਚਰਨ ਸਮੇ



ਲਾਪਰਵਾਹੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ 'ਉਸ ਦੀ ਬਿਮਾਰ ਦੇ ਲੱਛਣ ਜਿਆਦਾ ਖਤਰਨਾਕ ਨਹੀਂ ਹਨ ਤੇ ਉਹ ਇਲਾਜ਼ ਕਰਵਾ ਰਹੇ ਹਨ। ਮੈ ਸਾਰੇ ਲੋਕਾਂ ਨੂੰ ਯਾਦ ਕਰਵਾਉਣਾ ਚਹੁੰਦਾ ਹਾਂ ਕਿ ਵਾਇਰਸ ਅਜੇ ਕਿਤੇ ਗਿਆ ਨਹੀਂ ਹੈ ਉਹ ਸਾਡੇ ਆਸ ਪਾਸ ਹੀ ਹੈ। ਇਸ ਲਈ ਮਾਸਕ ਪਾਉਣਾ, ਹੱਥ ਧੋਣੇ ਤੇ ਸਮਾਜਿਕ ਦੂਰੀ ਰਖਣਾ ਜਰੂਰੀ ਹੈ ਤੇ ਜੇਕਰ ਬਿਮਾਰ ਮਹਿਸੂਸ ਕਰੋ ਤਾਂ ਘਰ ਵਿਚ ਹੀ ਰਿਹਾ ਜਾਵੇ।


# ਬਾਇਡੇਨ ਨੇ ਭਾਰਤੀ ਮੂਲ ਦੇ ਅਮਰੀਕੀ ਦੀ ਜੱਜ ਵਜੋਂ ਨਾਮਜ਼ਦਗੀ ਵਾਪਿਸ ਲਈ

**ਕੈਲੀਫੋਰਨੀਆ-** ਰਾਸ਼ਟਰਪਤੀ ਜੋਅਬਾਇਡੇਨ ਨੇ ਭਾਰਤੀ ਮੂਲ ਦੇ ਅਮਰੀਕੀ ਵਿਜੇ ਸ਼ੰਕਰ ਦੀ ਜੱਜ ਵਜੋਂ ਨਾਮਜ਼ਦਗੀ ਵਾਪਿਸ ਲੈ ਲਈ ਹੈ। ਸਾਬਕਾ ਰਾਸ਼ਟਰ-ਪਤੀ ਡੋਨਾਲਡ ਟਰੰਪ ਨੇ ਵਿਜੇ ਸ਼ੰਕਰ ਨੂੰ ਡਿਸਟ੍ਰਿਕਟ ਆਫ ਕੋਲੰਬੀਆ ਕੋਰਟ ਆਫ ਅਪੀਲ ਵਾਸ਼ਿੰਗਟਨ ਦੇ ਜੱਜ ਵਜੋਂ ਨਾਮਜ਼ਦ ਕੀਤਾ ਸੀ। ਵਾਈਟਹਾਊਸ ਨੇ 4 ਫਰਵਰੀ ਨੂੰ ਵਿਜੇ ਸ਼ੰਕਰ ਦੀ ਜੱਜ ਵਜੋਂ ਨਾਮਜ਼ਦਗੀ ਵਾਪਿਸ ਲੈਣ ਦੀ ਸੂਚਨਾ ਸੈਨੇਟ ਨੂੰ ਦਿੱਤੀ ਸੀ।



# ਆਇਓਵਾ ਵਿੱਚ ਬਰਫੀਲੀ ਸੜਕ 'ਤੇ ਟਕਰਾਏ 40 ਵਾਹਨ

**ਫਰਿਜ਼ਨੋ (ਕੈਲੀਫੋਰਨੀਆ), 6 ਫਰਵਰੀ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਅਮਰੀਕਾ ਦੇ ਕੁੱਝ ਰਾਜਾਂ ਵਿੱਚ ਪੈ ਰਹੀ ਬਰਫਬਾਰੀ ਰੋਜ਼ਾਨਾ ਜਿੰਦਗੀ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ। ਬਰਫਬਾਰੀ ਦਾ ਜ਼ਿਆਦਾ ਸਾਹਮਣਾ ਡਰਾਈਵਰਾਂ ਦੁਆਰਾ ਕੀਤਾ ਜਾਂਦਾ ਹੈ। ਇਸ ਹਫਤੇ ਹੋਈ ਬਰਫਬਾਰੀ ਕਾਰਨ ਆਈਓਵਾ 'ਚ ਇੱਕ ਸੜਕ ਹਾਦਸੇ ਵਿੱਚ ਲੱਗਭਗ 40 ਵਾਹਨਾਂ ਦੇ ਟਕਰਾਉਣ ਦੀ ਘਟਨਾ ਵਾਪਰੀ ਹੈ। ਇਹ ਹਾਦਸਾ ਕੇਂਦਰੀ ਆਈਓਵਾ ਵਿੱਚ ਵੀਰਵਾਰ ਦੁਪਹਿਰ ਨੂੰ ਇੰਟਰਸਟੇਟ 80 ਵਿਖੇ ਵਾਪਰਿਆ, ਜਿਸਦੇ ਬਾਅਦ ਇਸ ਰਾਸਤੇ ਨੂੰ ਬੰਦ ਕਰ ਦਿੱਤਾ ਗਿਆ। ਇਸ ਹਾਦਸੇ ਦੇ ਸੰਬੰਧ ਵਿੱਚ ਆਇਓਵਾ ਸਟੇਟ ਪੈਟਰੋਲ ਅਧਿਕਾਰੀਆਂ ਨੇ ਦੱਸਿਆ ਕਿ ਇਸ ਖੇਤਰ ਵਿੱਚ ਕਈ ਵਾਹਨਾਂ ਦੀ ਟੱਕਰ ਨਾਲ ਕਈ ਲੋਕਾਂ ਦੇ ਗੰਭੀਰ ਜ਼ਖਮੀ ਹੋਣ ਦੀ



ਖਬਰ ਹੈ, ਪਰ ਹਾਦਸੇ ਵਿੱਚ ਕੋਈ ਮੌਤ ਨਹੀਂ ਹੋਈ ਹੈ। ਇਸਦੇ ਇਲਾਵਾ ਆਇਓਵਾ ਟਰਾਂਸਪੋਰਟੇਸ਼ਨ ਵਿਭਾਗ ਅਨੁਸਾਰ ਇਸ ਹਾਦਸੇ ਦੇ ਬਾਅਦ ਉੱਥੇ ਮੌਜੂਦ ਸੈਨਾ ਦੇ ਦੋ ਜਵਾਨਾਂ ਨੇ ਜਖਮੀਆਂ ਦੀ ਸਹਾਇਤਾ ਕੀਤੀ। ਇਸ ਹਾਦਸੇ ਵਿੱਚ ਹਾਈਵੇ ਉੱਪਰ ਕਈ ਟਰੇਲਰ ਅਤੇ ਟਰੱਕਾਂ ਸਮੇਤ ਕਈ ਵਾਹਨ ਸੜਕ ਤੋਂ ਹੇਠਾਂ ਉੱਤਰ ਗਏ ਸਨ। ਆਇਓਵਾ ਵਿੱਚ ਭਾਰੀ ਬਰਫਬਾਰੀ ਕਾਰਨ ਅਧਿਕਾਰੀਆਂ ਦੁਆਰਾ ਡਰਾਈਵਰਾਂ ਨੂੰ ਸੜਕਾਂ ਤੋਂ ਦੂਰ ਰਹਿਣ ਦੇ ਨਾਲ ਸਾਵਧਾਨੀ ਵਰਤਣ ਦੀ ਵੀ ਅਪੀਲ ਕੀਤੀ ਗਈ।

# ਅਮਰੀਕਾ ਵਾਸੀਆਂ ਨੂੰ ਮਿਲ ਸਕਦਾ ਹੈ, ਜੌਹਨਸਨ ਐਂਡ ਜੌਹਨਸਨ ਦਾ ਇੱਕ ਖੁਰਾਕ ਵਾਲਾ ਕੋਰੋਨਾ ਟੀਕਾ

**ਫਰਿਜ਼ਨੋ (ਕੈਲੀਫੋਰਨੀਆ), 6 ਫਰਵਰੀ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਅਮਰੀਕਾ ਵਿੱਚ ਕੋਰੋਨਾ ਵਾਇਰਸ ਟੀਕਾਕਰਨ ਦੀ ਮੁਹਿੰਮ ਨੂੰ ਤੇਜ਼ ਕਰਨ ਲਈ ਇੱਕ ਹੋਰ ਕੋਰੋਨਾ ਵਾਇਰਸ ਟੀਕਾ ਮਿਲ ਸਕਦਾ ਹੈ, ਜਿਸ ਦੀ ਇਸ ਸਮੇਂ ਦੇਸ਼ ਵਿੱਚ ਜ਼ਿਆਦਾ ਟੀਕੇ ਲਗਾਉਣ ਟੀਕੇ ਲਈ ਬਹੁਤ ਜ਼ਿਆਦਾ ਜ਼ਰੂਰਤ ਹੈ। ਟੀਕਾਕਰਨ ਸੰਬੰਧੀ ਅੰਕੜਿਆਂ ਅਨੁਸਾਰ ਤਕਰੀਬਨ 34 ਮਿਲੀਅਨ ਅਮਰੀਕੀਆਂ ਨੂੰ ਕੋਰੋਨਾ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਮਿਲੀ ਹੈ। ਕੋਰੋਨਾ ਟੀਕਾ ਨਿਰਮਾਤਾ ਕੰਪਨੀ ਜੌਹਨਸਨ ਐਂਡ ਜੌਹਨਸਨ ਨੇ ਵੀਰਵਾਰ ਰਾਤੀ ਆਪਣੇ ਇੱਕ ਖੁਰਾਕ ਵਾਲੇ ਟੀਕੇ ਦੀ ਐਮਰਜੈਂਸੀ ਵਰਤੋਂ ਦੇ ਅਧਿਕਾਰ ਦੀ ਪ੍ਰਵਾਨਗੀ ਲਈ ਐਫ ਡੀ ਏ ਕੋਲ ਅਰਜ਼ੀ ਦਾਇਰ ਕਰ ਕੀਤੀ ਹੈ। ਇਸ ਸੰਬੰਧੀ ਕੰਪਨੀ ਦੇ ਮੁੱਖ ਵਿਗਿਆਨਕ ਅਧਿਕਾਰੀ, ਪਾਲ ਸਟੌਫਲਜ਼ ਅਨੁਸਾਰ ਕੰਪਨੀ ਦੇ ਸਿੰਗਲ ਸ਼ਾਟ ਕੋਵਿਡ-19 ਟੀਕੇ ਦਾ ਐਮਰਜੈਂਸੀ ਇਸਤੇਮਾਲ ਕਰਨ ਲਈ ਪ੍ਰਵਾਨਗੀ ਵਾਸਤੇ ਲਿਆ ਪਹਿਲਾ ਕਦਮ ਵਿਸ਼ਵਵਿਆਪੀ ਤੌਰ 'ਤੇ ਬਿਮਾਰੀ ਦੇ ਭਾਰ ਨੂੰ ਘਟਾਉਣ ਅਤੇ ਮਹਾਂਮਾਰੀ ਨੂੰ ਖਤਮ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸਦੇ ਇਲਾਵਾ ਇਸ ਟੀਕੇ ਨੂੰ ਜਲਦੀ ਤੋਂ ਜਲਦੀ ਜਨਤਕ ਤੌਰ 'ਤੇ ਉਪਲਬਧ ਕਰਾਉਣ ਲਈ ਕੰਪਨੀ ਪ੍ਰਬੰਧਕ ਅਤੇ ਕਰਮਚਾਰੀ ਬਹੁਤ ਜੋਸ਼ ਨਾਲ ਕੰਮ ਕਰ ਰਹੇ ਹਨ। ਦੇਸ਼ ਵਿੱਚ ਫਾਈਜ਼ਰ ਅਤੇ ਮੋਡਰਨਾ ਕੰਪਨੀਆਂ ਦੇ ਟੀਕੇ ਕੋਰੋਨਾ ਵਾਇਰਸ ਨੂੰ ਕਾਬੂ ਕਰਨ ਲਈ ਵਰਤੇ ਜਾ ਰਹੇ ਹਨ। ਇਹਨਾਂ ਟੀਕਿਆਂ ਦੀਆਂ ਦੋ ਖੁਰਾਕਾਂ ਮਾਹਿਰਾਂ ਦੁਆਰਾ ਲੈਣੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ ਜਦਕਿ ਜੌਹਨਸਨ ਐਂਡ ਜੌਹਨਸਨ ਆਪਣੇ ਟੀਕੇ ਸੰਬੰਧੀ ਇੱਕ ਖੁਰਾਕ ਨਾਲ ਹੀ ਪ੍ਰਭਾਵਸ਼ੀਲਤਾ ਦਾ ਦਾਅਵਾ ਕਰ ਰਹੀ ਹੈ।




# ਨਿਊਜ਼ੀਲੈਂਡ ਦੇਸ਼ ਲੋਕਤੰਤਰ ਸ਼ਾਸਨ ਪ੍ਰਣਾਲੀ 'ਚ ਆਇਆ ਚੌਥੇ ਨੰਬਰ 'ਤੇ-ਭਾਰਤ 53ਵੇਂ ਨੰਬਰ 'ਤੇ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਦੁਨੀਆ ਦੇ ਕਿਹੜੇ ਦੇਸ਼ ਦੇ ਵਿਚ ਲੋਕਤੰਤਰ ਪ੍ਰਣਾਲੀ ਕਿੰਨੀ ਕੁ ਵਧੀਆ ਤਰੀਕੇ ਨਾਲ ਚਲਦੀ ਹੈ, ਇਸਦਾ ਖਿਆਲ ਵੀ ਮਾਹਿਰ ਰੱਖਦੇ ਹਨ। ਪ੍ਰਸਿੱਧ ਅਖਬਾਰ 'ਦਾ ਇਕਨੋਮਿਸਟ' ਅਖਬਾਰ ਦੇ ਇੰਟੈਲੀਜੈਂਸ ਯੂਨਿਟ ਨੇ 2020 ਦੀ ਵਿਸ਼ਵ ਵਿਆਪੀ (167 ਦੇਸ਼ ਲੋਕਤੰਤਰਿਕ ਰੈਂਕਿੰਗ ਜਾਰੀ ਕੀਤੀ ਹੈ। ਵਿਸ਼ਵ ਦੇ ਇਕ ਕੋਨੇ ਦੇ ਵਿਚ ਨਿੱਕਾ ਜਿਹਾ ਦੇਸ਼ ਨਿਊਜ਼ੀਲੈਂਡ ਹਮੇਸ਼ਾ ਉਚ ਰੈਂਕਿੰਗ ਲੈ ਕੇ ਸਿਰਕੱਢਵਾਂ ਹੋ ਕੇ ਕੀਵੀਆਂ ਦਾ ਮਾਣ ਵਧਾਉਂਦਾ ਹੈ। ਇਸ ਲੋਕਤੰਤਰਕਿ ਰੈਂਕਿੰਗ ਦੇ ਵਿਚ ਨਿਊਜ਼ੀਲੈਂਡ 10 ਵਿਚੋਂ 9.25 ਅੰਕ ਲੈ ਕੇ ਚੌਥੇ ਸਥਾਨ 'ਤੇ ਆਇਆ ਹੈ। ਜਦ ਕਿ ਪਹਿਲੇ ਨੰਬਰ ਉਤੇ ਨਾਰਵੇ (9.81 ਅੰਕ) ਆਇਆ ਹੈ, ਦੂਜੇ ਨੰਬਰ ਉਤੇ ਆਈਸਲੈਂਡ (9.97 ਅੰਕ) ਅਤੇ ਤੀਜੇ ਨੰਬਰ ਉਤੇ ਸਵੀਡਨ (9.26 ਅੰਕ) ਆਇਆ ਹੈ। ਕੈਨੇਡਾ 5ਵੇਂ ਨੰਬਰ ਉਤੇ ਰਿਹਾ ਉਸਨੂੰ 9.24 ਅੰਕ ਮਿਲੇ। ਅਮਰੀਕਾ 7.92 ਅੰਕ ਲੈ ਕੇ 25ਵੇਂ ਸਥਾਨ 'ਤੇ ਰਿਹਾ।




ਗੁਆਂਢੀ ਮੁਲਕ ਆਸਟਰੇਲੀਆ 8.96 ਅੰਕ ਲੈ ਕੇ 9ਵੇਂ ਸਥਾਨ ਉਤੇ ਹੈ। ਭਾਰਤ ਦਾ ਨੰਬਰ 53ਵਾਂ ਹੈ ਅਤੇ ਇਸਨੂੰ 10 ਵਿਚੋਂ 6.61 ਅੰਕ ਪ੍ਰਾਪਤ ਹੋਏ ਹਨ। ਪਾਕਿਸਤਾਨ 105ਵੇਂ ਨੰਬਰ ਉਤੇ ਰਿਹਾ ਅਤੇ ਉਸਨੂੰ ਸਿਰਫ 4.31 ਅੰਕ ਮਿਲੇ। ਇਟਲੀ ਵਾਲੇ 29ਵੇਂ ਨੰਬਰ ਉਤੇ ਆਏ ਉਨ੍ਹਾਂ ਨੂੰ 7.74 ਅੰਕ ਪ੍ਰਾਪਤ ਹੋਏ। ਰੈਂਕਿੰਗ ਕੱਢਣ ਵਾਸਤੇ ਬਹੁਤ ਸਾਰੀਆਂ ਗੱਲਾਂ ਵਿਚਾਰੀਆਂ ਗਈਆਂ ਹਨ।

Law Office of
NIRWAN & ASSOCIATES
www.nirwanlaw.com
Business Incorporation
Articles of Incorp
Dissolution
501 © Non-Profit



Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-13/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਸਾਬਕਾ ਸੈਕਟਰੀ ਆਫ ਸਟੇਟ ਜਾਰਜ ਸ਼ੁਲਟਜ਼ ਦਾ 100 ਸਾਲ ਦੀ ਉਮਰ ਵਿੱਚ ਹੋਇਆ ਦਿਹਾਂਤ


**ਫਰਿਜ਼ਨੋ (ਕੈਲੀਫੋਰਨੀਆ), 8 ਫਰਵਰੀ 2021–** ਅਮਰੀਕਾ ਦੇ ਸਾਬਕਾ ਸੈਕਟਰੀ ਆਫ ਸਟੇਟ ਜਾਰਜ ਸ਼ੁਲਟਜ਼ ਦੀ 100 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ। ਉਹਨਾਂ ਦੀ ਮੌਤ ਬਾਰੇ ਪੁਸ਼ਟੀ ਹੂਵਰ ਇੰਸਟੀਚਿਊਟ ਦੁਆਰਾ ਕੀਤੀ ਗਈ ਹੈ ,ਜਿਸਦੇ ਅਨੁਸਾਰ ਸ਼ੁਲਟਜ਼ ਦਾ ਸ਼ਨੀਵਾਰ ਨੂੰ ਸਟੈਨਫੋਰਡ ਯੂਨੀਵਰਸਿਟੀ ਕੈਂਪਸ ਵਿਖੇ ਉਸਦੇ ਘਰ ਵਿੱਚ ਦਿਹਾਂਤ ਹੋਇਆ ਹੈ। ਹਾਲਾਂਕਿ ਉਹਨਾਂ ਦੀ ਮੌਤ ਦਾ ਕਾਰਨ ਫਿਲਹਾਲ ਨਹੀਂ ਦੱਸਿਆ ਗਿਆ ਹੈ। ਸ਼ੁਲਟਜ਼ ਨੇ ਤਿੰਨ ਅਮਰੀਕੀ ਰਾਸ਼ਟਰਪਤੀਆਂ ਦੇ ਅਧੀਨ ਕੰਮ ਕੀਤਾ ਅਤੇ ਰਾਸ਼ਟਰਪਤੀ ਰੋਨਾਲਡ ਰੀਗਨ ਦੇ ਨਾਲ ਸ਼ੀਤ ਯੁੱਧ ਨੂੰ ਖਤਮ ਕਰਨ ਵਿੱਚ ਸ਼ੁਲਟਜ਼ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ। ਜਾਰਜ ਦਾ ਜਨਮ ਨਿਊਯਾਰਕ ਸਿਟੀ ਵਿੱਚ ਹੋਇਆ, ਪਰ ਉਹਨਾਂ ਦਾ ਪਾਲਣ ਪੋਸ਼ਣ ਨਿਊਜਰਸੀ ਦੇ ਐਂਗਲਵੁੱਡ ਵਿੱਚ ਹੋਇਆ ਸੀ। 1969 ਵਿੱਚ ਰਾਸ਼ਟਰਪਤੀ ਰਿਚਰਡ ਨਿਕਸਨ ਦੁਆਰਾ ਲੇਬਰ ਦਾ ਸੱਕਤਰ ਨਿਯੁਕਤ ਕੀਤੇ ਜਾਣ ਤੋਂ ਪਹਿਲਾਂ ਜਾਰਜ ਨੇ ਕਈ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਸੀ। ਇਸਦੇ ਇਲਾਵਾ ਉਹਨਾਂ ਨੇ ਨਿਕਸਨ ਦੇ ਮੰਤਰੀ ਮੰਡਲ ਵਿੱਚ



ਕਈ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ। ਸ਼ੁਲਟਜ਼ ਨੇ 1970 ਵੇ ਦਹਾਕੇ ਦੇ ਅੱਧ ਵਿੱਚ ਸਿੱਖਿਆ ਅਤੇ ਇੱਕ ਇੰਜੀਨੀਅਰਿੰਗ ਫਰਮ ਵਿੱਚ ਕੰਮ ਕਰਨ ਲਈ ਸਰਕਾਰ ਨੂੰ ਛੱਡਿਆ ਅਤੇ ਇਸ ਤੋਂ ਪਹਿਲਾਂ ਸ਼ੁਲਟਜ਼ ਰੀਗਨ ਦੁ-ਆਰਾ ਰਾਜ ਦੇ ਸੱਕਤਰ ਸਮੇਤ ਦੋ ਮੁੱਖ ਅਹੁਦਿਆਂ ਤੇ ਨਿਯੁਕਤ ਕੀਤੇ ਗਏ ਸਨ। ਸ਼ੁਲਟਜ਼ ਨੇ ਬਾਅਦ ਵਿੱਚ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੇ ਇੱਕ ਗੈਰ ਰਸਮੀ ਸਲਾਹਕਾਰ ਵਜੋਂ ਕੰਮ ਕੀਤਾ ਅਤੇ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ। ਇਸਦੇ ਇਲਾਵਾ 1989 ਵਿੱਚ, ਉਸਨੇ ਦੇਸ਼ ਦਾ ਸਭ ਤੋਂ ਵੱਡਾ ਨਾ-ਗਰਿਕ ਸਨਮਾਨ, "ਮੈਡਲ ਆਫ਼ ਫਰੀਡਮ" ਹਾਸਲ ਕੀਤਾ। ਸ਼ੁਲਟਜ਼, ਜੋ ਸਟੈਨਫੋਰਡ ਦੇ ਗ੍ਰੈਜੂਏਟ ਸਕੂਲ ਆਫ ਬਿਜ਼ਨਸ ਵਿੱਚ ਪ੍ਰੋਫੈਸਰ ਸਨ ਅਤੇ ਦਹਾਕਿਆਂ ਤੋਂ ਹੂਵਰ ਇੰਸਟੀਚਿਊਟ ਵਿੱਚ ਸੇਵਾ ਨਿਭਾ ਰਹੇ ਸਨ ਯੂਨੀਵਰਸਿਟੀ ਅਨੁਸਾਰ ਸ਼ੁਲਟਜ਼ ਨੇ ਚਾਰ ਵੱਖਰੇ ਫੈਡਰਲ ਕੈਬਨਿਟ ਅਹੁਦਿਆਂ ਜਿਹਨਾਂ ਵਿੱਚ ਸਟੇਟ, ਖਜ਼ਾਨਾ, ਲੇਬਰ ਅਤੇ ਦਫ਼ਤਰ ਪ੍ਰਬੰਧਨ ਐਂਡ ਬਜਟ ਆਦਿ ਸ਼ਾਮਿਲ ਹਨ ,ਦੀਆਂ ਸੇਵਾਵਾਂ ਨਿਭਾਈਆਂ। ਸ਼ੁਲਟਜ਼ ਆਪਣੇ ਪਿੱਛੇ ਪਤਨੀ ਸਮੇਤ ਪੰਜ ਬੱਚੇ, 11 ਪੋਤੇ-ਪੋਤੀਆਂ ਅਤੇ ਨੌਂ ਪੜਪੋਤੇ-ਪੋਤੀਆਂ ਛੱਡ ਗਏ ਹਨ।

# ਸਾਰਾਹ ਥੌਮਸ ਸੁਪਰ ਬਾਲ 'ਚ ਰੈਫਰੀ ਦੇ ਤੌਰ ਤੇ ਸੇਵਾਵਾਂ ਨਿਭਾਉਣ ਵਾਲੀ ਬਣੀ ਪਹਿਲੀ ਔਰਤ

**ਫਰਿਜ਼ਨੋ (ਕੈਲੀਫੋਰਨੀਆ), 8 ਫਰਵਰੀ 2021–** ਅਮਰੀਕਾ ਦੀ ਸਾਰਾਹ ਥੌਮਸ ਨੇ ਐਤਵਾਰ ਨੂੰ ਸੁਪਰ ਬਾਲ ਖੇਡਾਂ ਵਿੱਚ ਰੈਫਰੀ ਕਰਨ ਵਾਲੀ ਪਹਿਲੀ ਔਰਤ ਵਜੋਂ ਇਤਿਹਾਸ ਰਚਿਆ ਹੈ। ਇਹਨਾਂ ਖੇਡਾਂ ਵਿੱਚ ਸਾਰਾਹ ਥੌਮਸ ਸੱਤ ਵਿਅਕਤੀਆਂ ਦੇ ਪ੍ਰਮੁੱਖ ਰੈਫਰੀ ਦਲ ਦਾ ਹਿੱਸਾ ਬਣੀ ਹੈ। ਸਾਰਾਹ ਦੇ ਸ਼ਾਮਿਲ ਹੋਣ ਦੀ ਘੋਸ਼ਣਾ ਕਰਦੇ ਹੋਏ, ਐਨ ਐਫ ਐਲ ਫੁੱਟਬਾਲ ਓਪਰੇਸ਼ਨਾਂ ਦੇ ਕਾਰਜਕਾਰੀ ਉਪ ਪ੍ਰਧਾਨ ਟ੍ਰੋਏ ਵਿਨਸੈਂਟ ਨੇ ਰੈਫਰੀਆਂ ਦੇ ਇਸ ਸਮੂਹ ਨੂੰ ਸਰਬੋਤਮ ਕਿਹਾ ਹੈ। ਵਿਨਸੇਂਟ ਅਨੁਸਾਰ ਸਾਰਾ ਥਾਮਸ ਨੇ ਪਹਿਲੀ ਮਹਿਲਾ ਸੁਪਰ ਬਾਲ ਅਧਿਕਾਰੀ ਵਜੋਂ ਸੇਵਾ ਦੇ ਕੇ ਇਤਿਹਾਸ ਰਚਿਆ ਹੈ ਅਤੇ ਉਸ ਦੀ ਉੱਤਮ ਕਾਰਗੁਜ਼ਾਰੀ ਅਤੇ ਵਚਨਬੱਧਤਾ ਸਦਕਾ ਉਸ ਨੂੰ ਸੁਪਰ ਬਾਲ ਦਾ ਇਹ ਅਧਿਕਾਰ ਪ੍ਰਾਪਤ ਹੋਇਆ ਹੈ। ਇਸ




ਗਰੁੱਪ ਵਿੱਚ ਸਾਰਾਹ ਦੇ ਨਾਲ ਹੋਰ ਪੁਰਾਣੇ ਰੈਫਰੀ ਫਰੇਡ ਬ੍ਰਾਇਨ, ਰੱਸਟੀ ਬਾਏਨਸ, ਜੇਮਜ਼ ਕੋਲਮੈਨ, ਡੀਨੋ ਪੈਗਨੇਲੀ, ਕਾਰਲ ਸ਼ੈਫਰਸ ਅਤੇ ਮਾਈਕ ਵਿਮਰ ਆਦਿ ਸ਼ਾਮਿਲ ਹਨ।

ਇਸ ਸਮੂਹ ਕੋਲ 88 ਸਾਲਾਂ ਦਾ ਐਨ.ਐੱਫ.ਐੱਲ. ਦਾ ਤਜਰਬਾ ਅਤੇ 77 ਸੰਯੁਕਤ ਪਲੇਅ ਆਫ ਗੇਮ ਅਸਾਈਨਮੈਂਟ ਹਨ, ਜਿਨ੍ਹਾਂ ਵਿੱਚ ਪਿਛਲੇ ਸਾਲਾਂ ਦੇ ਸੁਪਰ ਬਾਲਜ਼ ਸ਼ਾਮਿਲ ਹਨ।ਸਾਰਾਹ ਥੌਮਸ ਦੋ ਸਾਲ ਪਹਿਲਾਂ ਐਨ ਐਫ ਐਲ ਪਲੇਆਫ ਗੇਮ ਵਿੱਚ ਪਹਿਲੀ ਮਹਿਲਾ ਰੈਫਰੀ ਸੀ ਅਤੇ ਇਸਦੇ ਨਾਲ ਹੀ ਉਹ ਐਨ ਐਫ ਐਲ ਵਿੱਚ ਪਹਿਲੀ ਫੁੱਲ ਟਾਈਮ ਮਹਿਲਾ ਰੈਫਰੀ ਵੀ ਸੀ ।

# ਟੈਕਸਾਸ ਦੀ ਮਹਿਲਾ ਨੂੰ 4 ਸਾਲਾਂ ਬੇਟੇ ਦੀ ਮੌਤ ਲਈ ਹੋਈ ਉਮਰ ਕੈਦ


**ਫਰਿਜ਼ਨੋ (ਕੈਲੀਫੋਰਨੀਆ), 8 ਫਰਵਰੀ 2021–** ਇੱਕ 4 ਸਾਲਾਂ ਦਾ ਲੜਕਾ ਜਿਸਦੀ ਲਾਸ਼ ਤਕਰੀਬਨ ਤਿੰਨ ਸਾਲ ਪਹਿਲਾਂ 2017 ਵਿੱਚ ਗੈਲਵੇਸਟਨ ਬੀਚ ਮਿਲੀ ਸੀ, ਦੇ ਮਾਮਲੇ ਵਿੱਚ ਉਸਦੀ ਮਾਂ ਨੂੰ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਵਿੱਚ 37 ਸਾਲਾਂ ਮਹਿਲਾ ਰੇਬੇਕਾ ਸੁਜਾਨਾ ਰਿਵੇਰਾ ਨੂੰ ਇੱਕ ਬੱਚੇ ਨੂੰ ਸੱਟ ਲੱਗਣ ਕਾਰਨ ਹੋਈ ਮੌਤ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ, ਅਤੇ ਵੀਰਵਾਰ ਨੂੰ ਅਦਾਲਤ ਦੁਆਰਾ ਸਜਾ ਦਿੱਤੀ ਗਈ ਹੈ। ਇਹ ਬੱਚਾ, ਜਿਸ ਨੂੰ ਜਨਤਕ ਤੌਰ 'ਤੇ ਲਿਟਲ ਜੈਕਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ,&; ਅਕਤੂਬਰ 2017 ਵਿੱਚ ਗੈਲਵੇਸਟਨ ਦੇ ਪੂਰਬੀ ਬੀਚ' ਤੇ ਮਿਲਿਆ ਸੀ ਅਤੇ ਛੇ ਮਹੀਨਿਆਂ ਦੀ ਜਾਂਚ ਤੋਂ ਬਾਅਦ, ਅਧਿਕਾਰੀਆਂ ਦੁਆਰਾ ਲਾਸ਼ ਦੀ ਪਛਾਣ ਜੈਡਿਨ ਅਲੈਗਜ਼ੈਂਡਰ ਲੋਪੇਜ਼ ਵਜੋਂ ਕੀਤੀ ਗਈ ਸੀ। ਉਸ ਸਮੇਂ ਬੱਚੇ ਦੀ ਮਾਂ ਰਿਵੇਰਾ ਅਤੇ ਉਸਦੀ ਇੱਕ ਮਹਿਲਾ ਮਿੱਤਰ ਡਾਨੀਆ ਅਮਜ਼ਕੁਇਟਾ ਗੋਮੇਜ਼ ਦੁ-



ਆਰਾ ਜੈਕਬ ਦੀ ਹਿਊਸਟਨ ਵਿੱਚ ਮੌਤ ਹੋਣ ਤੋਂ ਬਾਅਦ ਉਸਦੀ ਲਾਸ਼ ਨੂੰ ਗੈਲਵੇਸਟਨ ਲਿਆਂਦਾ ਗਿਆ ਸੀ। ਇਸਦੇ ਬਾਅਦ&; ਉਨ੍ਹਾਂ ਨੇ ਬੱਚੇ ਦੀ ਲਾਸ਼ ਨੂੰ ਸਮੁੰਦਰੀ ਕੰਢੇ 'ਤੇ ਪਾਣੀ ਵਿੱਚ ਸੁੱਟ ਦਿੱਤਾ ਸੀ ਜੋ ਕਿ ਇੱਕ ਦਿਨ ਬਾਅਦ ਮਿਲਿਆ ਸੀ।ਗੈਲਵੇਸਟਨ ਕਾਉਂਟੀ ਦੇ ਚੀਫ ਮੈਡੀਕਲ ਐਗਜ਼ਾਮੀਨਰ ਡਾ. ਐਰਿਨ ਅਨੁਸਾਰ ਛੋਟੇ ਜੈਕਬ ਦੇ ਸਰੀਰ ਤੇ ਤਸੀਹਿਆਂ ਦੇ ਨਿਸ਼ਾਨ ਸਨ , ਜਿਹਨਾਂ ਵਿੱਚ ਉਸ ਦੀ ਪੂਰੀ ਪਿੱਠ ਉੱਤੇ ਸਿਗਰੇਟ ਨਾਲ ਜਲਾਉਣਾ ਆਦਿ ਸ਼ਾਮਿਲ ਸਨ ਜਦਕਿ ਉਸਦੀ ਮੌਤ ਦਾ ਕਾਰਨ ਨਿਰਧਾਰਤ ਨਹੀਂ ਕੀਤਾ ਜਾ ਸਕਿਆ ਸੀ। ।ਇਸਦੇ ਇਲਾਵਾ ਗੋਮੇਜ਼ 'ਤੇ ਵੀ ਬੱਚੇ 'ਤੇ ਸੱਟ ਲਗਾਉਣ ਦਾ ਦੋਸ਼ ਲਗਾਇਆ ਗਿਆ ਸੀ ਪਰ ਉਸ ਨੇ ਪਟੀਸ਼ਨ ਦੇ ਇੱਕ ਸਮਝੌਤੇ ਦੇ ਹਿੱਸੇ ਵਜੋਂ ਰਿਵੇਰਾ ਵਿਰੁੱਧ ਗਵਾਹੀ ਦੇ ਦਿੱਤੀ ਸੀ। ਅਦਾਲਤ ਅਨੁਸਾਰ ਰਿਵੇਰਾ 30 ਸਾਲਾਂ ਦੀ ਕੈਦ ਦੀ ਸਜ਼ਾ ਕੱਟਣ ਤੋਂ ਬਾਅਦ ਪੈਰੋਲ ਦੇ ਯੋਗ ਹੋਵੇਗੀ।


# ਅਮਰੀਕਾ ਦੇ ਸਾਬਕਾ ਹੈਵੀਵੇਟ ਮੁੱਕੇਬਾਜ਼ੀ ਚੈਂਪੀਅਨ ਲਿਓਨ ਸਪਿੰਕਸ ਦਾ 67 ਸਾਲ ਦੀ ਉਮਰ ਵਿੱਚ ਹੋਇਆ ਦਿਹਾਂਤ

**ਫਰਿਜ਼ਨੋ (ਕੈਲੀਫੋਰਨੀਆ), 7 ਫਰਵਰੀ 2021–** ਅਮਰੀਕਾ ਵਿੱਚ ਮੁੱਕੇਬਾਜ਼ੀ ਦੇ ਖੇਤਰ 'ਚ ਆਪਣਾ ਨਾਮ ਚਮਕਾਉਣ ਵਾਲੇ ਮੁੱਕੇਬਾਜ਼ ਲਿਓਨ ਸਪਿੰਕਸ 67 ਸਾਲ ਦੀ ਉਮਰ ਵਿੱਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਸਪਿੰਕਸ ਦੇ ਪਰਿਵਾਰਕ ਦੋਸਤ ਜੋ ਬਰਨਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 67 ਸਾਲਾਂ ਸਾਬਕਾ ਮੁੱਕੇਬਾਜ਼ ਨੇ ਸ਼ੁੱਕਰਵਾਰ ਦੀ ਰਾਤ ਨੂੰ ਹੈਂਡਰਸਨ, ਨੇਵਾਡਾ ਵਿੱਚ ਉਸਦੇ ਘਰ ਨੇੜਲੇ ਇੱਕ ਹਸਪਤਾਲ ਵਿੱਚ ਆਪਣਾ ਆਖਰੀ ਸਾਹ ਲਿਆ ਜੋ ਕਿ ਕਈ ਸਾਲਾਂ ਤੋਂ ਪ੍ਰੋਸਟੇਟ ਕੈਂਸਰ ਨਾਲ ਪੀੜਤ ਸਨ।




ਸਪਿੰਕਸ ਨੇ 1978 ਵਿੱਚ ਮੁੱਕੇਬਾਜੀ 'ਚ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਨ ਤੋਂ ਪਹਿਲਾਂ ਸਮੁੰਦਰੀ ਸੈਨਾ ਵਿੱਚ ਸੇਵਾ ਨਿਭਾਈ ਸੀ । ਉਸ ਸਮੇਂ ਸਪਿੰਕਸ ਨੇ ਮੁੱਕੇਬਾਜ਼ੀ ਦੇ ਇਤਿਹਾਸ ਵਿੱਚ ਵਿਸ਼ਵ ਹੈ-ਵੀਵੇਟ ਦਾ ਖਿਤਾਬ ਹਾਸਲ ਕਰਨ ਲਈ ਇੱਕ ਵੱਖਰੇ ਫੈਸਲੇ ਵਿੱਚ ਮੁਹੰਮਦ ਅਲੀ ਨੂੰ ਹਰਾਇਆ ਸੀ। ਇਸਦੇ ਬਾਅਦ ਸਪਿੰਕਸ ਦੀ ਮੁਸਕਰਾਹਟ ਉਸਦਾ ਟ੍ਰੇਡਮਾਰਕ ਬਣ ਗਈ ਅਤੇ ਉਸਨੇ ਇਸ ਖੇਤਰ ਵਿੱਚ ਪ੍ਰਸਿੱਧੀ ਹਾਸਿਲ ਕੀਤੀ। ਆਪਣੇ ਭਰਾ ਮਾਈਕਲ ਨਾਲ ਰੇ ਲੀਓਨਾਰਡ ਨਾਮਕ ਟੀਮ ਵਿੱਚ ਖੇਡਦਿਆਂ ਸਪਿੰਕਸ ਨੇ ਇਸਨੂੰ ਸਫਲ ਯੂ ਐਸ ਓਲੰਪਿਕ ਬਾਕਸਿੰਗ ਟੀਮ ਬਣ-ਾਇਆ। ਇਸਦੇ ਇਲਾਵਾ ਲਿਓਨ ਸਪਿੰਕਸ ਨੇ ਮੁੱਕੇਬਾਜ਼ੀ ਨੂੰ ਇੱਕ ਪੇਸ਼ੇਵਰ ਵਜੋਂ ਖੇਡਦਿਆਂ ਆਪਣੇ ਅੱਠਵੀਂ ਪ੍ਰੋ ਮੁਕਾਬਲੇ ਵਿੱਚ, ਉਸਨੇ ਹੇਵੀ ਵੇਟ ਦੇ ਟਾਈਟਲ ਲਈ ਮਹਾਨ ਮੁੱਕੇਬਾਜ਼ ਅਲੀ ਦੇ ਵਿਰੁੱਧ ਮੁਕਾਬਲਾ ਕੀਤਾ। ਸਪਿੰਕਸ ਨੇ ਇੱਕ ਹੋਰ ਹੈਵੀਵੇਟ ਟਾਈਟਲ ਦੀ ਲੜਾਈ 1981 ਵਿੱਚ ਲੈਰੀ ਹੋਮਸ ਵਿਰੁੱਧ ਲੜੀ ਪਰ ਉਹ ਤੀਜੇ ਗੇੜ ਵਿੱਚ ਹਾਰ ਗਿਆ। ਅਖੀਰ ਵਿੱਚ ਸਪਿੰਕਸ 1995 'ਚ 26-17-3 ਦੇ ਰਿਕਾਰਡ ਨਾਲ ਰਿਟਾਇਰ ਹੋਏ ਅਤੇ ਸਪਿੰਕਸ ਦਾ ਨਾਮ 2017 ਵਿੱਚ ਨੇਵਾਦਾ ਬਾਕਸਿੰਗ ਹਾਲ ਆਫ ਫੇਮ ਵਿੱਚ ਵੀ ਸ਼ਾਮਿਲ ਕੀਤਾ ਗਿਆ ਸੀ।

# ਅਮੰਡਾ ਗੋਰਮੈਨ ਨੇ ਸੁਪਰ ਬਾਲ ਵਿੱਚ ਕੀਤੀ ਕਵਿਤਾ ਦੀ ਪੇਸ਼ਕਾਰੀ



**ਫਰਿਜ਼ਨੋ (ਕੈਲੀਫੋਰਨੀਆ), 8 ਫਰਵਰੀ 2021–** ਅਮਰੀਕਾ ਦੀ ਪਹਿਲੀ ਨੈਸ਼ਨਲ ਯੂਥ ਕਵੀ ਅਮੰਡਾ ਗੋਰਮੈਨ ਨੇ ਐਤਵਾਰ ਨੂੰ ਕੰਸਾਸ ਸਿਟੀ ਚੀਫਜ਼ ਅਤੇ ਟਾਂਪਾ ਬੇਅ ਬੁਕੇਨੀਅਰਜ਼ ਵਿਚਕਾਰ ਸੁਪਰ ਬਾਲ ਗੇਮ ਤੋਂ ਪਹਿਲਾਂ ਆਪਣੀ ਕਵਿਤਾ ਸੁਣਾ ਕੇ ਪੇਸ਼ਕਾਰੀ ਦਿੱਤੀ । ਗੋਰਮੈਨ ਨੇ ਖੇਡ ਦੀ ਸ਼ੁਰੂਆਤ ਤੋਂ ਪਹਿਲਾਂ ਆਪਣੀ ਕਵਿਤਾ, " ਚੋਰਸ ਆਫ਼ ਕਪਤਾਨ", ਦੀ ਪੇਸ਼ਕਾਰੀ ਕਰਕੇ ਮੌਜੂਦ ਲੋਕਾਂ ਦਾ ਦਿਲ ਜਿੱਤਿਆ। ਗੋਰਮੈਨ (22) ਸੁਪਰ ਬਾਲ ਗੇਮ 'ਤੇ ਕਵਿਤਾ ਸੁਣਾਉਣ ਵਾਲੀ ਪਹਿਲੀ ਕਵੀ ਹੈ। ਇਸਦੇ ਇਲਾਵਾ ਇਹ ਨੌਜਵਾਨ ਕਵੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਆਪਣੀ ਕਵਿਤਾ "ਦਿ ਹਿੱਲ ਵੀ ਕਲਾਂਇਬ" ਦੀ ਪੇਸ਼ਕਾਰੀ ਨਾਲ ਦੇਸ਼ ਵਿੱਚ ਇੱਕ ਸਨਸਨੀ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਸੀ। ਗੋਰਮੈਨ ਰਾਸ਼ਟਰਪਤੀ ਦੇ ਉਦਘਾਟਨੀ ਸਮਾਰੋਹ ਦੌਰਾਨ ਕਵਿਤਾ ਸੁਣਾਉਣ ਵਾਲੀ ਵੀ ਸਭ ਤੋਂ ਛੋਟੀ ਕਵੀ ਹੈ।ਦੇਸ਼ ਦੀ ਉੱਭਰ ਰਹੀ ਇਸ ਕਲਾਕਾਰ ਨੇ ਕਵਿਤਾ ਨੂੰ ਇੱਕ ਹਥਿਆਰ ਵਜੋਂ ਵਰਣਿਤ ਕੀਤਾ ਹੈ ਜੋ ਕਿ ਸਮਾਜਿਕ ਤਬਦੀਲੀ ਦਾ ਇੱਕ ਸਾਧਨ ਹੈ।ਇਸਦੇ ਇਲਾਵਾ ਇਸ ਮੌਕੇ ਕਈ ਹੋਰ ਸਖਸ਼ੀਅਤਾਂ ਜਿਵੇ ਕਿ ਗ੍ਰੈਮੀ ਪੁਰਸ਼ਕਾਰ ਜੇਤੂ ਕਲਾਕਾਰ ਐਚ.ਈ.ਆਰ., ਆਰ ਐਂਡ ਬੀ ਅਤੇ ਪੌਪ ਸਟਾਰ ਜਾਜਮੀਨ ਸੁਲੀਵਨ ਦੇ ਇਲਾਵਾ ਗ੍ਰੈਮੀ ਨਾਮਜ਼ਦ ਗਾਇਕ ਐਰਿਕ ਚਰਚ ਦੁਆਰਾ ਵੀ ਸੰਗੀਤ ਦੀ ਪੇਸ਼ਕਾਰੀ ਕੀਤੀ ਗਈ। ਐਚ.ਈ.ਆਰ. ਨੇ&; "ਅਮੇਰੀਕਾ ਦਿ ਬਿਊਟੀਫੁੱਲ" ਗਾਇਆ, ਜਦੋਂ ਕਿ ਸੁਲੀਵਨ ਅਤੇ ਚਰਚ ਨੇ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਕੀਤੀ।


# ਫਰਿਜ਼ਨੋ ਵਿੱਚ ਦਰਜਨਾਂ ਪ੍ਰਦਰਸ਼ਨਕਾਰੀ ਟਾਵਰ ਥੀਏਟਰ ਦੇ ਬਾਹਰ ਵਿਰੋਧ ਲਈ ਹੋਏ ਇਕੱਠੇ




**ਫਰਿਜ਼ਨੋ (ਕੈਲੀਫੋਰਨੀਆ), 8 ਫਰਵਰੀ 2021–** ਫਰਿਜ਼ਨੋ ਵਿੱਚ ਐਤਵਾਰ ਨੂੰ ਪ੍ਰਦਰਸ਼ਨਕਾਰੀਆਂ ਦਾ ਇੱਕ ਸਮੂਹ ਟਾਵਰ ਥੀਏਟਰ ਦੇ ਬਾਹਰ ਫਰਿਜ਼ਨੋ ਦੀ ਇੱਕ ਚਰਚ ਨੂੰ ਇਸ ਦੀ ਵਿਕਰੀ ਦਾ ਵਿਰੋਧ ਕਰਨ ਲਈ ਇਕੱਠਾ ਹੋਇਆ। ਇਹਨਾਂ ਪ੍ਰਦਰਸ਼ਨਕਾਰੀਆਂ ਵਿੱਚ ਮਾਸਕ ਵਿਰੋਧੀ ਕਾਰਕੁੰਨ ਬੇਨ ਮਾਰਟਿਨ ਵੀ ਸ਼ਾਮਿਲ ਹੋਏ। ਇਸ ਦੌਰਾਨ ਦਰਜਨਾਂ ਪ੍ਰਦਰਸ਼ਨਕਾਰੀਆਂ ਨੇ ਐਤਵਾਰ ਸਵੇਰੇ 8 ਵਜੇ ਟਾਵਰ ਥੀਏਟਰ ਤੋਂ ਪਾਰ ਓਲਿਵ ਐਵੇਨਿਊ 'ਤੇ ਕਤਾਰਬੱਧੀ ਕੀਤੀ। ਇਹਨਾਂ ਪ੍ਰਦਰਸ਼ਨਕਾਰੀਆਂ ਨੇ ਫੁੱਟਪਾਥ ਉੱਪਰ ਸਤਰੰਗੀ ਝੰਡੇ ਅਤੇ "ਸੇਵ ਟਾਵਰ ਥੀਏਟਰ" ਆਦਿ ਦੇ ਸਾਈਨ ਬੋਰਡ ਲੈ ਕੇ ਟਾਵਰ ਥੀਏਟਰ ਨੂੰ ਐਡਵੈਂਚਰ ਕਮਿਊਨਿਟੀ ਚਰਚ ਨੂੰ ਵੇਚਣ ਦਾ ਵਿਰੋਧ ਕੀਤਾ। ਇਸ ਦੌਰਾਨ ਮਾਸਕ ਵਿਰੋਧੀ ਪ੍ਰਦਰਸ਼ਨਕਾਰੀਆਂ ਨੇ ਵੱਡੇ ਅਮਰੀਕੀ ਝੰਡੇ ਵੀ ਲਹਿਰਾਏ ਜਦਕਿ ਲੌਰਾ ਸਪਲੋਚ, ਜੋ ਪਿਛਲੇ ਪੰਜ ਹਫ਼ਤਿਆਂ ਤੋਂ ਟਾਵਰ ਥੀਏਟਰ ਦੀ ਵਿਕਰੀ ਵਿਰੁੱਧ ਰੈਲੀ ਕਰ ਰਹੀ ਹੈ, ਨੇ ਕੋਈ ਖਾਸ ਟਿੱਪਣੀ ਨਹੀਂ ਕੀਤੀ। ਇੱਕ ਘੰਟੇ ਤੋਂ ਵੀ ਵੱਧ ਸਮੇਂ ਤੱਕ ਚੱਲੇ ਇਸ ਪ੍ਰੋਗਰਾਮ ਦੇ ਇੱਕ ਲਾਈਵ ਸਟ੍ਰੀਮ ਵੀਡੀਓ ਵਿੱਚ, ਮਾਰਟਿਨ ਨੇ ਚਰਚ ਵਿਰੁੱਧ ਪ੍ਰਦਰਸ਼ਨ ਕਰਨ ਵਾਲਿਆਂ ਨਾਲ ਜੁੜਣ ਦੀ ਕੋਸ਼ਿਸ਼ਿ ਕੀਤੀ। ਇਸਦੇ ਨਾਲ ਹੀ ਫਰਿਜ਼ਨੋ ਪੁਲਿਸ ਅਧਿਕਾਰੀਆਂ ਨੇ ਸੁਰੱਖਿਆ ਕਾਰਨਾਂ ਕਰਕੇ ਇਸ ਪ੍ਰਦਰਸ਼ਨ ਦੀ ਦੂਰ ਤੋਂ ਨਿਗਰਾਨੀ ਕੀਤੀ। ਐਡਵੈਂਚਰ ਚਰਚ ਪਿਛਲੇ ਹਫਤੇ ਤੱਕ ਜ਼ੋਨਿੰਗ ਦੇ ਨਿਯਮਾਂ ਦੇ ਉਲਟ ਸਿਟੀ ਆਫ਼ ਫਰਿਜ਼ਨੋ ਕੋਡ ਇਨਫੋਰਸਮੈਂਟ ਵੱਲੋਂ ਧਾਰਮਿਕ ਅਸੈਂਬਲੀ ਦੀਆਂ ਵਰਤੋਂ ਤੁਰੰਤ ਬੰਦ ਕਰਨ ਦਾ ਆਦੇਸ਼ ਮਿਲਣ ਤੱਕ ਥੀਏਟਰ ਵਿੱਚ ਵਿਅਕਤੀਗਤ ਤੌਰ ਤੇ ਐਤਵਾਰ ਦੀਆਂ ਸੇਵਾਵਾਂ ਨਿਭਾਉਂਦਾ ਆ ਰਿਹਾ ਸੀ ਅਤੇ ਚਰਚ ਨੂੰ ਕੋਵਿਡ -19 ਮਹਾਂਮਾਰੀ ਨਾਲ ਜੁੜੇ ਐਮਰਜੈਂਸੀ ਆਦੇਸ਼ਾਂ ਦੀ ਉਲੰਘਣਾ ਕਰਨ ਦਾ ਨੋਟਿਸ ਵੀ ਮਿਲਿਆ ਹੈ। ਜਦਕਿ ਚਰਚ ਨੇ ਬੁੱਧਵਾਰ ਨੂੰ ਇੱਕ ਪੂਜਾ ਸਮਾਰੋਹ ਦਾ ਆਯੋਜਨ ਕਰਨ ਦੇ ਨਾਲ ਐਤਵਾਰ ਦੀਆਂ ਸੇਵਾਵਾਂ ਨੂੰ ਆਨਲਾਈਨ ਆਯੋਜਿਤ ਕੀਤਾ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਰਿਪਬਲਿਕਨ ਹਾਊਸ ਮੈਂਬਰਾਂ ਨੂੰ ਬਿਨਾਂ ਸਕ੍ਰੀਨਿੰਗ ਸਦਨ ਇਮਾਰਤ ਵਿੱਚ ਦਾਖਲ ਹੋਣ 'ਤੇ ਹੋਇਆ ਜੁਰਮਾਨਾ





**ਫਰਿਜ਼ਨੋ (ਕੈਲੀਫੋਰਨੀਆ), 7 ਫਰਵਰੀ 2021–** ਅਮਰੀਕੀ ਸਦਨ ਵਿੱਚ ਸਰਕਾਰ ਵੱਲੋਂ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਲਾਗੂ ਕੀਤੇ ਜਾ ਰਹੇ ਹਨ , ਜਿਹਨਾਂ ਦੀ ਕੁਤਾਹੀ ਕਰਨ ਲਈ ਜੁਰਮਾਨਿਆਂ ਦੀ ਵੀ ਵਿਵਸਥਾ ਕੀਤੀ ਗਈ ਹੈ। ਇਹਨਾਂ ਸੁਰੱਖਿਆ ਨਿਯਮਾਂ ਨੂੰ ਤੋੜਨ 'ਤੇ ਕਿਸੇ ਨੂੰ ਵੀ ਬਖਸ਼ਿਆ ਨਹੀ ਜਾ ਰਿਹਾ ਹੈ ,ਚਾਹੇ ਉਹ ਸੰਸਦ ਮੈਂਬਰ ਹੀ ਕਿਉਂ ਨਾ ਹੋਣ। ਹਾਲ ਹੀ ਵਿੱਚ ਰਿਪਬਲਿਕਨ ਪਾਰਟੀ ਦੇ ਦੋ ਸੰਸਦ ਮੈਂਬਰਾਂ ਨੂੰ ਸਦਨ ਦੀ ਇਮਾਰਤ 'ਚ ਸੁਰੱਖਿਆ ਦੇ ਨਵੇਂ ਨਿਯਮਾਂ ਦੀ ਉਲੰਘਣਾ ਕਰਨ ਲਈ ਜੁਰਮਾਨਾ ਲਗਾਇਆ ਗਿਆ ਹੈ ।

ਇਸ ਮਾਮਲੇ ਵਿੱਚ ਰਿਪਬਲਿਕਨ ਪ੍ਰਤਿਨਿਧ ਜਾਰਜੀਆ ਦੇ ਐਂਡਰਿਊ ਕਲਾਈਡ ਅਤੇ ਟੈਕਸਸ ਦੇ ਲੂਈ ਗੋਮਰਟ ਨੂੰ ਨਵੇਂ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਨਾ ਕਰਨ 'ਤੇ ਹਰੇਕ ਨੂੰ 5000 ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਇਹ ਜੁਰਮਾਨਾ ਸਦਨ ਦੀ ਮੰਜ਼ਲਿ 'ਚ ਦਾਖਲ ਹੋਣ ਤੋਂ ਪਹਿਲਾਂ ਸੁਰੱਖਿਆ ਜਾਂਚ ਪੂਰੀ ਕਰਨ 'ਚ ਅਸਫਲ ਰਹਿੰਦੇ ਮੈਂ-ਬਰਾਂ ਨੂੰ ਸਜ਼ਾ ਦੇਣ ਲਈ ਰੱਖਿਆ ਗਿਆ ਹੈ, ਅਤੇ ਇਸ ਸੰਬੰਧੀ ਮੰਗਲਵਾਰ ਨੂੰ ਪਾਸ ਕੀਤੇ ਗਏ ਨਵੇਂ ਨਿਯਮ ਅਨੁਸਾਰ ਇਹ ਜੁਰਮਾਨਾ ਮੈਂਬਰਾਂ ਦੀਆਂ ਤਨਖਾਹਾਂ ਵਿੱਚੋਂ ਕੱਟ ਲਿਆ ਜਾਵੇਗਾ। ਇਸਦੇ ਇਲਾਵਾ ਦੂਜੀ ਵਾਰ ਨਿਯਮਾਂ ਦੀ ਉਲੰਘਣਾ ਦੇ ਨਤੀਜੇ ਵਜੋਂ ਇਹ ਜੁਰਮਾਨਾ ਵਧ ਕੇ 10,000 ਡਾਲਰ ਤੱਕ ਹੋ ਜਾਵੇਗਾ।

ਇਹਨਾਂ ਦੋਵੇਂ ਰਿਪਬਲਿਕਨ ਮੈਂਬਰਾਂ ਦੇ ਮਾਮਲੇ ਵਿੱਚ ਕਲਾਈਡ ਨੇ ਹਾਊਸ ਫਲੋਰ ਵਿੱਚ ਦਾਖਲ ਹੋਣ ਸਮੇਂ ਸਕ੍ਰੀਨਿੰਗ ਪ੍ਰਕਿਰਿਆ ਲਈ ਮੈਟਲ ਡਿਟੈਕ-ਟਰਾਂ ਵਿਚੋਂ ਲੰਘਣ ਤੋਂ ਇਨਕਾਰ ਕਰ ਦਿੱਤਾ ਜਦੋਂ ਕਿ ਗੋਹਮਰਟ ਨੇ ਇਸ ਪ੍ਰਕਿਰਿਆ ਨੂੰ ਬਾਥਰੂਮ ਜਾਣ ਲਈ ਛੱਡ ਦਿੱਤਾ ਸੀ।

# ਫਰਿਜ਼ਨੋ ਵਿੱਚ ਦਰੱਖਤ ਨਾਲ ਟਕਰਾਈ ਕਾਰ, ਡਰਾਈਵਰ ਦੀ ਹੋਈ ਮੌਕੇ 'ਤੇ ਮੌਤ

**ਫਰਿਜ਼ਨੋ (ਕੈਲੀਫੋਰਨੀਆ), 7 ਫਰਵਰੀ 2021–** ਕੈਲੀਫੋਰਨੀਆ ਸੂਬੇ ਵਿੱਚ ਹੁੰਦੇ ਸੜਕ ਹਾਦਸਿਆਂ ਵਿੱਚ ਸ਼ਨੀਵਾਰ ਦੀ ਸਵੇਰ ਇੱਕ ਹੋਰ ਹਾਦਸਾ ਸ਼ਾਮਿਲ ਹੋ ਗਿਆ ਹੈ। ਇਸ ਹਾਦਸੇ ਬਾਰੇ ਕੈਲੀਫੋਰਨੀਆ ਹਾਈਵੇਅ ਪੈਟ੍ਰੋਲ (ਸੀ ਐਚ ਪੀ) ਦੀ ਰਿਪੋਰਟ ਅਨੁਸਾਰ ਦੱਖਣੀ ਪੂਰਬੀ ਫਰਿਜ਼ਨੋ ਵਿੱਚ ਸ਼ਨੀਵਾਰ ਨੂੰ ਇੱਕ ਐਸ ਯੂ ਵੀ ਦੀ ਦਰੱਖਤ ਨਾਲ ਟੱਕਰ ਹੋਣ ਤੋਂ ਬਾਅਦ ਇੱਕ 60 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੂੰ ਫਰਿਜ਼ਨੋ ਦੇ ਬਟਲਰ ਅਤੇ ਸਨੀਸਾਈਡ ਐਵੀਨਿਊ ਦੇ ਨੇੜੇ ਹੋਏ ਹਾਦਸੇ ਦੀ ਸੂਚਨਾ ਸਵੇਰੇ 9:30 ਤੋਂ ਪਹਿਲਾਂ ਪ੍ਰਾਪਤ ਹੋਈ। ਇਸ ਹਾਦਸੇ ਬਾਰੇ ਸੀ ਐਚ ਪੀ ਦੇ ਬੁਲਾਰੇ ਮਾਈਕ ਸਾਲਸ ਨੇ ਦੱਸਿਆ ਕਿ ਇੱਕ 60 ਸਾਲਾਂ ਆਦਮੀ ਸਨੀਸਾਈਡ ਦੇ ਪੱਛਮ ਵਿੱਚ ਬਟਲਰ ਐਵੇਨਿਊ ਦੇ ਪੱਛਮ ਵੱਲ ਇੱਕ




ਫੋਰਡ ਐਜ ਕਾਰ ਤੇ ਜਾ ਰਿਹਾ ਸੀ, ਇਸੇ ਦੌਰਾਨ ਉਸਦੀ ਕਾਰ ਕੰਟਰੋਲ ਤੋਂ ਬਾਹਰ ਹੋ ਕੇ ਸੜਕ ਤੇ ਇੱਕ ਪਾਸੇ ਦੀ ਹੁੰਦੀ ਹੋਈ ਇੱਕ ਦਰੱਖਤ ਨਾਲ ਟਕਰਾ ਗਈ। ਸਾਲਸ ਅਨੁਸਾਰ ਇਸ ਹਾਦਸੇ ਵਿੱਚ ਵਾਹਨ ਦੇ ਬੁਰੀ ਤਰ੍ਹਾਂ ਨੁਕਸਾਨੇ ਜਾਣ ਦੇ ਨਾਲ ਕਾਰ ਚਾਲਕ ਨੂੰ ਮੌਕੇ ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਸੀ। ਇਸ ਆਦਮੀ ਦਾ ਨਾਮ ਉਸਦੇ ਪਰਿਵਾਰ ਨੂੰ ਸੂਚਿਤ ਕਰਨ ਤੋਂ ਪਹਿਲਾਂ ਫਿਲਹਾਲ ਜਾਰੀ ਨਹੀਂ ਕੀਤਾ ਗਿਆ ਸੀ।

ਅਧਿਕਾਰੀਆਂ ਅਨੁਸਾਰ ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਧਿਕਾਰੀ , ਡਰਾਈਵਰ ਵੱਲੋਂ ਕਾਰ ਦਾ ਨਿਯੰਤਰਣ ਗੁਆਉਣ ਤੋਂ ਪਹਿਲਾਂ ਕੋਈ ਸਿਹਤ ਸਮੱਸਿਆ ਦਾ ਸਾਹਮਣਾ ਕਰਨ ਦੀ ਸੰਭਾਵਨਾ ਨੂੰ ਵੀ ਧਿਆਨ ਵਿੱਚ ਰੱਖ ਰਹੇ ਹਨ। ਪੁਲਿਸ ਨੇ ਹਾਦਸੇ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕ ਵਿਅਕਤੀ ਨੇ ਹਾਦਸੇ ਦੌਰਾਨ ਸੀਟ ਬੈਲਟ ਪਾਈ ਹੋਈ ਸੀ ਅਤੇ ਕਿਸੇ ਤਰ੍ਹਾਂ ਦੇ ਨਸ਼ੇ ਦੀ ਵਰਤੋਂ ਕਰਕੇ ਇਹ ਹਾਦਸਾ ਹੋਣ ਦਾ ਸ਼ੱਕ ਨਹੀ ਹੈ।

# ਅਮਰੀਕਾ ਵਿੱਚ ਕੋਰੋਨਾ ਟੀਕਿਆਂ ਦੀ ਵੰਡ 'ਚ ਸਹਾਇਤਾ ਕਰਨਗੇ ਸੈਨਾ ਦੇ ਜਵਾਨ

**ਫਰਿਜ਼ਨੋ (ਕੈਲੀਫੋਰਨੀਆ), 6 ਫਰਵਰੀ 2021–** ਅਮਰੀਕਾ ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਕੋਰੋਨਾ ਟੀਕਾਕਰਨ ਨੂੰ ਤੇਜ਼ ਕਰਨ ਦੀ ਲਗਾਤਾਰ ਕੋਸ਼ਿਸ਼ ਜਾਰੀ ਹੈ। ਮੌਜੂਦਾ ਸਮੇਂ ਦੇਸ਼ ਵਿੱਚ ਕੋਰੋਨਾ ਵਾਇਰਸ ਟੀਕਿਆਂ ਦੀ ਵੰਡ ਨੂੰ ਤੇਜ ਕਰਨ ਲਈ 1000 ਤੋਂ ਜ਼ਿਆਦਾ ਸੈਨਾ ਦੇ ਜਵਾਨਾਂ ਦੀ ਮੱਦਦ ਲਈ ਜਾਵੇਗੀ। ਇਸ ਸੰਬੰਧੀ ਵ੍ਹਾਈਟ ਹਾਊਸ ਦੇ ਸੀਨੀਅਰ ਕੋਰੋਨਾ ਵਾਇਰਸ ਦੇ ਸਲਾਹਕਾਰ ਐਂਡੀ ਸਲਾਵਿਤ ਨੇ ਸ਼ੁੱਕਰਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਦੇਸ਼ ਭਰ ਵਿੱਚ 1000 ਤੋਂ ਵੱਧ ਸਰਗਰਮ ਡਿਊਟੀ ਸੈਨਿਕ ਸੰਯੁਕਤ ਰਾਜ ਵਿੱਚ ਟੀਕਾਕਰਨ ਸਥਾਨਾਂ ਦੀ ਸਹਾਇਤਾ ਕਰਨਗੇ ਜਦਕਿ ਕੈਲੀਫੋਰਨੀਆ ਵਿੱਚ ਇਸ ਮਹੀਨੇ ਵਿੱਚ ਅਮਰੀਕੀ ਸੈਨਾ ਦੇ ਜਵਾਨ ਟੀਕਾ ਸਪਲਾਈ ਵਿੱਚ ਆਪਣਾ ਯੋਗਦਾਨ ਪਾਉਣਗੇ। ਸਲਾਵਿਤ ਅਨੁਸਾਰ ਰੱਖਿਆ ਸੱਕਤਰ ਲੋਇਡ ਅਸਟਿਨ ਨੇ ਇਸ ਕਦਮ 'ਤੇ



ਸਹਿਮਤੀ ਪ੍ਰਗਟ ਕਰਦਿਆਂ ਕੈਲੀਫੋਰਨੀਆ ਵਿੱਚ ਸੈਨਿਕਾਂ ਦਾ ਇਹ ਮਿਸ਼ਨ 10 ਦਿਨਾਂ ਦੇ ਅੰਦਰ ਅੰਦਰ ਸ਼ੁਰੂ ਕਰਨ ਬਾਰੇ ਕਿਹਾ ਹੈ। ਵ੍ਹਾਈਟ ਹਾਊਸ ਦੀ ਕੋਵਿਡ -19 ਰਿਸਪੌਂਸ ਟੀਮ ਨੇ ਸ਼ੁੱਕਰਵਾਰ ਨੂੰ ਘੋਸ਼ਣਾ ਕਰਦਿਆਂ ਜਾਣਕਾਰੀ ਦਿੱਤੀ ਕਿ ਸਰਕਾਰ ਗਰਮੀਆਂ ਦੇ ਅਖੀਰ ਤੱਕ ਛੇ ਹੋਰ ਵਾਧੂ ਸੈਨਿਕ ਕੰਪਨੀਆਂ ਨੂੰ ਘਰੇਲੂ ਕੋਰੋਨਾ ਟੈਸਟਾਂ ਦੀ ਸਪਲਾਈ 60 ਮਿਲੀਅਨ ਤੋਂ ਵੱਧ ਤੱਕ ਪਹੁਚਾਉਣ ਲਈ ਸਹਾਇਤਾ ਕਰੇਗੀ। ਇਸਦੇ ਇਲਾਵਾ ਕੋਵਿਡ -19 ਸਪਲਾਈ ਕੋਆਰਡੀਨੇਟਰ ਟਿਮ ਮੈਨਿੰਗ ਅਨੁਸਾਰ ਸਰਕਾਰ ਰੱਖਿਆ ਉਤਪਾਦਨ ਐਕਟ ਰਾਹੀਂ ਘਰੇਲੂ ਟੈਸਟਿੰਗ ਦੀ ਸਪਲਾਈ ਨੂੰ ਵੀ ਵਧਾ ਰਹੀ ਹੈ। ਇਸ ਮੰਤਵ ਲਈ ਸਰਕਾਰ ਆਸਟਰੇਲੀਆਈ ਕੰਪਨੀ ਐਲਯੂਮ ਤੋਂ ਘਰੇਲੂ ਟੈਸਟਾਂ ਦੇ ਉਤਪਾਦਨ ਨੂੰ ਵਧਾਉਣ ਲਈ ਸਹਾਇਤਾ ਲਵੇਗੀ। ਇਸਦੇ ਨਾਲ ਹੀ ਮੈਨਿੰਗ ਅਨੁਸਾਰ ਸਰਕਾਰ ਰੱਖਿਆ ਉਤਪਾਦਨ ਐਕਟ ਤਹਿਤ ਫਾਈਜ਼ਰ ਟੀਕੇ ਦੇ ਨਿਰਮਾਣ ਅਤੇ ਸਿਹਤ ਸੰਭਾਲ ਕਰਮਚਾਰੀਆਂ ਦੀ ਸਹਾਇਤਾ ਲਈ ਰਬੜ ਦੇ ਮੈਡੀਕਲ ਦਸਤਾਨਿਆਂ ਦਾ ਉਤਪਾਦਨ ਕਰੇਗੀ।

# ਸਾਬਕਾ ਸੈਨਿਕ ਨੂੰ ਲੱਗਭਗ 70 ਸਾਲਾਂ ਬਾਅਦ ਪ੍ਰਾਪਤ ਹੋਇਆ ਹਾਈ ਸਕੂਲ ਡਿਪਲੋਮਾ

**ਫਰਿਜ਼ਨੋ (ਕੈਲੀਫੋਰਨੀਆ), 6 ਫਰਵਰੀ 2021–** ਜੇਕਰ ਕੁੱਝ ਸਿੱਖਣ ਜਾਂ ਪ੍ਰਾਪਤ ਕਰਨ ਦੀ ਇੱਛਾ ਹੋਵੇ ਤਾਂ ਉਮਰ ਇਸ ਵਿੱਚ ਮਾਇਨੇ ਨਹੀ ਰੱਖਦੀ। ਜੇਕਰ ਮਨੁੱਖ ਵਿੱਚ ਇੱਛਾ ਹੋਵੇ ਤਾਂ ਕਿਸੇ ਵੀ ਉਮਰ 'ਚ ਕੁੱਝ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦੀ ਇੱਕ ਉਦਾਹਰਣ ਅਮਰੀਕਾ ਦੇ ਓਹੀਓ ਵਿੱਚ ਮਿਲੀ ਹੈ। ਇੱਥੇ ਇੱਕ ਸਾਬਕਾ ਸੈਨਿਕ ਨੂੰ ਉਸਦੀ ਦ੍ਰਿੜ ਇੱਛਾ ਸਦਕਾ ਹਾਈ ਸਕੂਲ ਡਿਪਲੋਮਾ ਤਕਰੀਬਨ 70 ਸਾਲਾਂ ਬਾਅਦ ਪ੍ਰਾਪਤ ਹੋਇਆ ਹੈ। ਇਸ ਮਾਮਲੇ ਵਿੱਚ ਦੇਸ਼ ਦੀ ਸੇਵਾ ਕਰਨ ਤੋਂ ਬਾਅਦ,ਇਸ ਵਿਅਕਤੀ ਨੂੰ ਡਿਪਲੋਮੇ ਦੇ ਤੌਰ 'ਤੇ ਖ਼ਾਸ ਤੋਹਫ਼ਾ ਦਿੱਤਾ ਗਿਆ ਹੈ। ਓਹੀਓ ਦੇ ਕਲਾਈਡ ਨਾਲ ਸੰਬੰਧਿਤ ਵਿਨਸ ਗੋਲੇਮਬੀਓਸਕੀ ਨਾਮ ਦੇ ਸਾਬਕਾ ਸੈਨਿਕ ਨੂੰ ਆਖਰਕਾਰ ਉਸ ਦੇ ਪਰਿਵਾਰ ਦੁਆਰਾ ਸਕੂਲ ਬੋਰਡ



ਨੂੰ ਆਪਣੇ ਦਾਦਾ ਜੀ ਦੀ ਇੱਛਾ ਪੂਰੀ ਕਰਨ ਦੀ ਬੇਨਤੀ ਕੀਤੇ ਜਾਣ ਦੇ ਬਾਅਦ ਇਹ ਹਾਈ ਸਕੂਲ ਡਿਪਲੋਮਾ ਮਿਲਿਆ ਹੈ। 88 ਸਾਲਾ ਵਿਨਸ ਉਸ ਸਮੇਂ ਸਿਰਫ 17 ਸਾਲਾਂ ਦਾ ਸੀ, ਜਦੋਂ ਉਹ ਹਵਾਈ ਸੈਨਾ ਵਿੱਚ ਭਰਤੀ ਹੋ ਕੇ ਕੋਰੀਆ ਦੀ ਲੜਾਈ ਵਿੱਚ ਆਪਣਾ ਯੋਗਦਾਨ ਪਾਉਣ ਗਿਆ ਸੀ। ਉਸ ਸਮੇਂ, ਵਿਨਸ ਕਲਾਈਡ ਹਾਈ ਸਕੂਲ ਵਿੱਚ ਇੱਕ ਸੀਨੀਅਰ ਸੀ ਅਤੇ ਉਸਦੀ ਪੜ੍ਹਾਈ ਪੂਰੀ ਹੋਣ ਦੇ ਕਰੀਬ ਸੀ। ਫੌਜ ਵਿੱਚੋਂ ਆਉਣ ਦੇ ਬਾਅਦ ਗੋਲੇਮ-ਬੀਓਸਕੀ ਨੇ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਕੋਲ ਹਾਈ ਸਕੂਲ ਡਿ-ਪਲੋਮਾ ਲੈਣ ਬਾਰੇ ਆਪਣੀ ਇੱਛਾ ਪ੍ਰਗਟ ਕੀਤੀ ਸੀ। ਜਿਸਦੇ ਬਾਅਦ ਆਖਰਕਾਰ 4 ਜਨਵਰੀ ਨੂੰ ਵਿਨਸ ਦਾ ਹਾਈ ਸਕੂਲ ਡਿਪਲੋਮਾ ਪ੍ਰਾਪਤ ਹੋਇਆ ਅਤੇ ਇਸ ਸੰਬੰਧੀ ਇੱਕ ਵੀਡੀਓ ਫੇਸ-ਬੁੱਕ 'ਤੇ ਵੀ ਸਾਂਝੀ ਕੀਤੀ ਗਈ। ਵਿਨਸ ਨੂੰ ਮਿਲੇ ਇਸ ਸਨਮਾਨ ਦੇ ਸੰਬੰਧ ਵਿੱਚ ਉਸਦੇ ਪਰਿਵਾਰ ਅਨੁਸਾਰ ਉਹਨਾਂ ਲਈ ਵਿਨਸ ਨੂੰ ਗ੍ਰੈਜੂਏਟ ਦੇ ਤੌਰ 'ਤੇ ਵੇਖਣਾ ਇੱਕ ਬਹੁਤ ਵੱਡਾ ਸਨਮਾਨ ਹੈ।

# ਅਮਰੀਕਾ ਵਿੱਚ ਤਕਰੀਬਨ 39 ਮਿਲੀਅਨ ਲੋਕਾਂ ਨੂੰ ਲੱਗੀ ਕੋਰੋਨਾ ਵਾਇਰਸ ਵੈਕਸੀਨ : ਸੀਡੀਸੀ



**ਫਰਿਜ਼ਨੋ (ਕੈਲੀਫੋਰਨੀਆ), 8 ਫਰਵਰੀ 2021–** ਅਮਰੀਕਾ ਵਿੱਚ ਕੋਰੋਨਾ ਵਾਇਰਸ ਦੇ ਖਿਲਾਫ ਜੰਗ ਜਾਰੀ ਹੈ। ਇਸ ਜਾਨਲੇਵਾ ਵਾਇਰਸ ਨੂੰ ਹਰਾਉਣ ਲਈ ਦੇਸ਼ ਭਰ ਵਿੱਚ ਕੋਰੋਨਾ ਟੀਕਾਕਰਨ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਜਿਸਦੇ ਤਹਿਤ ਫਾਈਜ਼ਰ ਅਤੇ ਮੋਡਰਨਾ ਕੰਪਨੀਆਂ ਦੁਆਰਾ ਬਣਾਏ ਟੀਕਿਆਂ ਦੀ ਵਰਤੋਂ ਲੋਕਾਂ ਨੂੰ ਵਾਇਰਸ ਤੋਂ ਸੁਰੱਖਿਆ ਪ੍ਰਦਾਨ ਕਰਨ ਲਈ ਕੀਤੀ ਜਾ ਰਹੀ ਹੈ। ਦੇਸ਼ ਭਰ ਵਿੱਚ ਚੱਲ ਰਹੀ ਕੋਰੋਨਾ ਟੀਕਾ ਮੁਹਿੰਮ ਵਿੱਚ ਅਮਰੀਕੀ ਸੰਸਥਾ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ.ਡੀ.ਸੀ) ਦੇ ਅੰਕੜਿਆਂ ਅਨੁਸਾਰ ਸਯੁੰਕਤ ਰਾਜ ਵਿੱਚ ਨੇ ਕੋਵਿਡ -19 ਟੀਕੇ ਦੀਆਂ ਤਕਰੀਬਨ 59,304,600 ਖੁਰਾਕਾਂ ਵੰਡੀਆਂ ਗਈਆਂ ਹਨ ਅਤੇ ਸ਼ਨੀਵਾਰ ਸਵੇਰ ਤੱਕ ਲੱਗਭਗ 39,037,964 ਖੁਰਾਕਾਂ ਦੇਸ਼ ਵਾਸੀਆਂ ਨੂੰ ਦਿੱਤੀਆਂ ਗਈਆਂ ਹਨ। ਇਸ ਏਜੰਸੀ ਅਨੁਸਾਰ ਸ਼ਨੀਵਾਰ ਸਵੇਰੇ 6:00 ਵਜੇ ਤੱਕ ਦੇ ਇਹ ਅੰਕੜੇ ਮੋਡਰਨਾ ਅਤੇ ਫਾਈਜ਼ਰ / ਬਾਇਓਨਟੈਕ ਦੋਵਾਂ ਦੇ ਟੀਕਿਆਂ ਲਈ ਹਨ। ਇਸਦੇ ਇਲਾਵਾ ਸੀ.ਡੀ.ਸੀ ਦੇ ਸ਼ੁੱਕਰਵਾਰ ਨੂੰ ਪ੍ਰਕਾਸ਼ਿਤ ਕੀਤੇ ਗਏ ਅੰਕੜਿਆਂ ਅਨੁਸਾਰ, ਏਜੰਸੀ ਨੇ ਟੀਕਿਆਂ ਦੀਆਂ 36,819,212 ਖੁਰਾਕਾਂ ਲਗਾਉਣ ਦੇ ਨਾਲ 58,380,300 ਟੀਕਿਆਂ ਦੀ ਵੰਡ ਕੀਤੀ ਸੀ। ਇਸ ਸੰਸਥਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਰੋਨਾ ਟੀਕਿਆਂ ਦੀਆਂ ਲਗਾਈਆਂ ਖੁਰਾਕਾਂ ਵਿੱਚੋਂ ਤਕਰੀਬਨ 30,250,964 ਲੋਕਾਂ ਨੇ ਸ਼ਨੀਵਾਰ ਤੱਕ ਟੀਕੇ ਦੀ 1 ਖੁਰਾਕ ਪ੍ਰਾਪਤ ਕੀਤੀ ਹੈ, ਜਦੋਂਕਿ 8,317,180 ਲੋਕਾਂ ਨੇ ਦੂਜੀ ਖੁਰਾਕ ਲਗਵਾਈ ਹੈ। ਇਸਦੇ ਨਾਲ ਹੀ ਏਜੰਸੀ ਨੇ ਦੱਸਿਆ ਕਿ ਟੀਕੇ ਦੀਆਂ ਕੁੱਲ 4,628,962 ਖੁਰਾਕਾਂ ਲੰਬੇ ਸਮੇਂ ਦੀ ਦੇਖਭਾਲ ਦੀਆਂ ਸਹੂਲਤਾਂ ਵਿੱਚ ਵੀ ਦਿੱਤੀਆਂ ਗਈਆਂ ਹਨ।

# ਸੁਪਰੀਮ ਕੋਰਟ ਨੇ ਰਾਜ ਦੁਆਰਾ ਚਰਚਾਂ ਉੱਤੇ ਲਾਗੂ ਕੀਤੇ ਕੁੱਝ ਕੋਰੋਨਾ ਨਿਯਮਾਂ 'ਤੇ ਲਗਾਈ ਰੋਕ

**ਫਰਿਜ਼ਨੋ (ਕੈਲੀਫੋਰਨੀਆ), 6 ਫਰਵਰੀ 2021–** ਕੈਲੀਫੋਰਨੀਆ ਸੂਬੇ ਵਿੱਚ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਸੁਰੱਖਿਆ ਕਾਰਨਾਂ ਕਰਕੇ ਰਾਜ ਸਰਕਾਰ ਦੁਆਰਾ ਧਾਰਮਿਕ ਸਥਾਨਾਂ ,ਪੂਜਾ ਘਰਾਂ ਜਿਵੇਂ ਕਿ ਚਰਚਾਂ ਆਦਿ ਵਿੱਚ ਇਨਡੋਰ ਸੇਵਾਵਾਂ ਸੰਬੰਧੀ ਸਖਤ ਨਿਯਮ ਲਾਗੂ ਕੀਤੇ ਗਏ ਸਨ। ਇਹਨਾਂ ਨਿਯਮਾਂ ਦੇ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਦੇਰ ਰਾਤ ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਕੈਲੀਫੋਰਨੀਆ ਰਾਜ ਦੁਆਰਾ ਇਨਡੋਰ ਚਰਚ ਸੇਵਾਵਾਂ 'ਤੇ ਲੱਗੀਆਂ ਕੁੱਝ ਪਾਬੰਦੀਆਂ



ਨੂੰ ਰੋਕ ਦਿੱਤਾ ਹੈ। ਇਸ ਮਾਮਲੇ ਵਿੱਚ ਸੈਨ ਡਿਏਗੋ ਨੇੜੇ 600 ਸੀਟਾਂ ਵਾਲੀ ਸਾਊਥ ਬੇਅ ਯੂਨਾਈਟਿਡ ਪੇਂਟੇਕੋਸਟਲ ਚਰਚ ਅਤੇ 1,250 ਸੀਟਾਂ ਵਾਲੀ ਹਾਰਵੈਸਟ ਰਾਕ ਚਰਚ ਨੇ ਇੱਕ ਬੇਨਤੀ ਰਾਹੀ ਰਾਜ ਦੇ ਕੁੱਝ ਹਿੱਸਿਆਂ ਵਿੱਚ ਚਰਚਾਂ ਵਿਚਲੀਆਂ ਸਾਰੀਆਂ ਇਨਡੋਰ ਸੇਵਾਵਾਂ 'ਤੇ ਪਾਬੰਦੀਆਂ ਲਾਗੂ ਕਰਦੇ ਨਿਯਮਾਂ ਉੱਪਰ ਰੋਕ ਲਗਾਉਣ ਲਈ ਕਿਹਾ ਸੀ। ਇਸ 6-3 ਦੀ ਬਹੁਗਿਣਤੀ ਦੇ ਫੈਸਲੇ ਨੇ ਰਾਜ ਨੂੰ ਕੋਰੋਨਾ ਵਾਇਰਸ ਦੇ ਫੈਲਣ ਨਾਲ ਸੰਬੰਧਿਤ ਅੰਦਰੂਨੀ ਸੇਵਾਵਾਂ 'ਤੇ ਰੋਕ ਲਗਾਉਣ ਦੇ ਫੈਸਲੇ ਨੂੰ ਉਲਟਾਇਆ ਹੈ। ਪਰ ਇਸਦੇ ਨਾਲ ਹੀ ਅਦਾਲਤ ਨੇ ਅੰਦਰੂਨੀ ਸੇਵਾਵਾਂ ਵਿੱਚ ਇਮਾਰਤ ਦੇ ਅਕਾਰ ਦੇ ਅਧਾਰ' ਤੇ ਲੋਕਾਂ ਨੂੰ ਖੜ੍ਹੇ ਹੋਣ ਦੀ ਆਗਿਆ ਦੇਣ ਦੇ ਨਾਲ ਰਾਜ ਨੂੰ ਭਜਨ ਆਦਿ ਗਾਉਣ 'ਤੇ ਰੋਕ ਲਗਾਉਣ ਦੇ ਅਧਿਕਾਰ ਦਿੱਤੇ ਹਨ। ਕੈਲੀ-ਫੋਰਨੀਆ ਕੋਰੋਨਾ ਵਾਇਰਸ ਤਾਲਾਬੰਦੀ ਦੌਰਾਨ ਖੇਤਰ ਵਿੱਚ ਪਾਬੰਦੀਆਂ ਲਗਾਉਣ ਲਈ ਚਾਰ ਪੱਧਰੀ ਟੀਅਰ ਪ੍ਰਣਾਲੀ ਦੀ ਵਰਤੋਂ ਕਰਦਾ ਹੈ ਅਤੇ ਸੰਯੁਕਤ ਰਾਜ ਦੀ ਨੌਵੀਂ ਸਰਕਟ ਅਪੀਲ ਦੀ ਅਦਾਲਤ ਨੇ ਇਸ ਮਹੀਨੇ ਰਾਜ ਦੇ ਸਭ ਤੋਂ ਉੱਚ ਪੱਧਰੀ ਜੋਖਮ ਵਾਲੀਆਂ ਕਾਉਂਟੀਆਂ ਵਿੱਚ ਇਨਡੋਰ ਸੇਵਾਵਾਂ ਵਾਲੇ ਪੂਜਾ ਘਰਾਂ 'ਤੇ ਮਨਾਹੀ ਨੂੰ ਕਾਇਮ ਰੱਖਿਆ ਹੈ ।

# 'ਜਿਨ੍ਹਾਂ ਪੁੱਠੀਆਂ ਖੱਲਾਂ ਲੁਹਾਈਆਂ' ਕਿਤਾਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੋਕ ਅਰਪਣ

ਸ਼ਹੀਦ ਬਾਬਾ ਜੈ ਬਾਬਾ ਜੈ ਸਿੰਘ ਖਲਕਟ ਤੇ ਉਨ੍ਹਾਂ ਦੀ ਸ਼ਹੀਦੀ ਤੇ ਅਧਾਰਿਤ ਇਤਿਹਾਸਕ ਨਾਵਲ 'ਜਿਨ੍ਹਾਂ ਪੁੱਠੀਆਂ ਖੱਲਾਂ ਲੁਹਾਈਆਂ' ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਹਰਪ੍ਰੀਤ ਸਿੰਘ ਨੇ ਲੋਕ ਅਰਪਣ ਕੀਤਾ। ਜਥੇਦਾਰ ਭਾਈ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਣਗੌਲੇ ਸ਼ਹੀਦ ਸਿੰਘਾਂ ਸਬੰਧੀ ਖੋਜਾਂ ਹੋਣੀਆਂ ਲਾਜ਼ਮੀ ਹਨ, ਇਹ ਕੰਮ ਗੁਰਨਾਮ ਸਿੰਘ ਅਕੀਦਾ ਵੱਲੋਂ ਸ਼ਹੀਦ ਬਾਬਾ ਜੈ ਸਿੰਘ ਖਲਕਟ ਦਾ ਇਤਿਹਾਸਕ ਨਾਵਲ ਲਿਖ ਕੇ ਬਾਖ਼ੂਬੀ ਕਰ ਦਿੱਤਾ ਹੈ, ਅਜੇ ਹੋਰ ਖੋਜਾਂ ਦੀ ਲੋੜ ਰਹੇਗੀ। ਉਨ੍ਹਾਂ ਕਿਹਾ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੀ ਸ਼ਹੀਦੀ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਸੁਸ਼ੋਭਿਤ ਹੈ, ਇਨ੍ਹਾਂ ਦੇ ਇਤਿਹਾਸ ਬਾਰੇ ਹੁਣ ਕਾਫ਼ੀ ਖੋਜ ਹੋਣ ਲੱਗ ਪਈ ਹੈ, ਗੁਰਨਾਮ ਸਿੰਘ ਅਕੀਦਾ ਨੇ ਇਤਿਹਾਸਕ ਨਾਵਲ ਲਿਖ ਕੇ ਵੱਡਾ ਕੰਮ ਕੀਤਾ ਹੈ। ਇੱਥੇ ਬੋਲਦਿਆਂ ਪੰਜਾਬ ਯੂਨੀਵਰਸਿਟੀ ਪਟਿਆਲਾ ਸਿੱਖ ਧਰਮ ਵਿਸ਼ਵ-ਕੋਸ਼ ਦੇ ਮੁਖੀ ਅਤੇ ਇਸ ਨਾਵਲ ਦੀ ਭੂਮਿਕਾ ਲਿਖਣ ਵਾਲੇ ਡਾ. ਪਰਮਵੀਰ ਸਿੰਘ ਨੇ ਕਿਹਾ ਕਿ ਸੀਨੀਅਰ ਪੱਤਰਕਾਰ ਅਤੇ ਲੇਖਕ ਗੁਰਨਾਮ ਸਿੰਘ ਅਕੀਦਾ ਵੱਲੋਂ ਲਿਖਿਆ ਇਹ ਇਤਿਹਾਸਕ ਨਾਵਲ ਸ਼ਹੀਦ ਬਾਬਾ ਜੈ



ਸਿੰਘ ਖਲਕਟ ਅਤੇ ਉਨ੍ਹਾਂ ਦੇ ਸਮਕਾਲੀ ਸ਼ਹੀਦ ਸਿੰਘਾਂ ਉੱਤੇ ਅਧਾਰਿਤ ਹੈ। ਜਿਸ ਵਿਚ ਅਣਗੌਲੇ ਸਿੰਘਾਂ ਦੇ ਨਿਰੋਲ ਸਿੱਖ ਇਤਿਹਾਸ ਨੂੰ ਉਜਾਗਰ ਕੀਤਾ ਗਿਆ ਹੈ, ਮੈਨੂੰ ਇਹ ਨਾਵਲ ਪੜ੍ਹ ਕੇ ਜਿੱਥੇ ਖ਼ੁਸ਼ੀ ਹੋਈ ਉੱਥੇ ਹੀ ਬਾਬਾ ਜੀ ਦਾ ਇਤਿਹਾਸ ਜਾਣ ਕੇ ਸਿੱਖੀ ਉੱਤੇ ਮਾਣ ਵੀ ਹੋਇਆ। ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਇਹ ਇਤਿਹਾਸਕ ਨਾਵਲ ਪੜ੍ਹ ਕੇ ਸਾਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰਨੀ ਜ਼ਰੂਰੀ ਹੈ। ਬਰਾਡਕਾਸਟਰ ਪਰਮਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਸਿੰਘ ਟੈਰੇਨ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਕੀਤੇ ਇਸ ਨਾਵਲ ਦੇ 184 ਸਫ਼ੇ ਹਨ, ਜਿਸ ਨੂੰ ਪੜ੍ਹਦਿਆਂ ਰੁਚੀ ਬਣਦੀ ਹੈ, ਸ਼ਬਦਾਂ, ਬਾਗ਼ਾਂ ਤੇ ਸ਼ਹਿਰ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਰਿਲੀਜ਼ ਕੀਤੇ ਇਸ ਇਤਿਹਾਸਕ ਨਾਵਲ ਨੂੰ ਪੜ੍ਹ ਕੇ ਹੀ ਪਤਾ ਲੱਗੇਗਾ ਕਿ ਸ਼ਹੀਦ ਬਾਬਾ ਜੈ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀ ਸ਼ਹੀਦੀ ਕਿਵੇਂ ਹੋਈ ਸੀ। ਫਰੈਂਚ ਪ੍ਰੋ. ਜਸਵੰਤ ਸਿੰਘ ਪੂਨੀਆ ਨੇ ਕਿਹਾ ਕਿ ਗੁਰਨਾਮ ਸਿੰਘ ਅਕੀਦਾ ਵੱਲੋਂ ਪਹਿਲਾਂ ਲਿਖੀਆਂ ਕਿਤਾਬਾਂ ਵੀ ਮੈਂ ਪੜ੍ਹ ਚੁੱਕਿਆ ਹਾਂ ਜੋ ਤੱਥਾਂ ਤੇ ਅਧਾਰਿਤ ਹਨ, ਹੁਣ ਇਹ ਨਾਵਲ ਵਿਚ ਸਿੱਖ ਇਤਿਹਾਸ ਉਜਾਗਰ ਕਰਕੇ ਸ. ਅਕੀਦਾ ਨੇ ਚੰਗਾ ਕੰਮ ਕੀਤਾ ਹੈ। ਇਸ ਸਮੇਂ ਗੁਰਨਾਮ ਸਿੰਘ ਅਕੀਦਾ ਨੇ ਕਿਹਾ ਕਿ ਸਮੇਂ, ਸਥਾਨ, ਤੇ ਵਿਸ਼ਾ ਵਸਤੂ ਅਨੁਸਾਰ ਇਸ ਨਾਵਲ ਨੂੰ ਲਿਖਣ ਦੀ ਕੋਸ਼ਿਸ਼ ਕੀਤੀ ਹੈ, ਇਸ ਸਮੇਂ ਸਿੰਘ ਸਾਹਿਬ ਭਾਈ ਹਰਪ੍ਰੀਤ ਸਿੰਘ ਨੂੰ ਸ਼ਹੀਦ ਬਾਬਾ ਜੈ ਸਿੰਘ ਖਲਕਟ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸਿਰੋਪਾਉ ਪਾਕੇ ਸਨਮਾਨਿਤ ਕੀਤਾ। ਇਸ ਵੇਲੇ ਪ੍ਰਧਾਨ ਸੁਰਜੀਤ ਸਿੰਘ, ਜਨਰਲ ਸਕੱਤਰ ਰੋਸ਼ਨ ਸਿੰਘ, ਖ਼ਜ਼ਾਨਚੀ ਕਰਮ ਸਿੰਘ ਤੇ ਹੋਰ ਕਮੇਟੀ ਮੈਂਬਰ ਵੀ ਮੌਜੂਦ ਸਨ। ਪਬਲਿਸ਼ਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਮੈਂ ਇਹ ਨਾਵਲ ਪ੍ਰਕਾਸਿਤ ਕਰਕੇ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ।

– ਕੁਲਦੀਪ ਚੰਦ (9417563054)





ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਦੇ ਨਿਰਮਾਣ ਲਈ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਤੋਂ ਆਸ਼ੀਰਵਾਦ ਲੈਣ ਲਈ ਪਹੁੰਚੇ ਰਾਜ ਸਭਾ ਮੈਂਬਰ ਸ੍ਰੀ ਦੁਸ਼ਿਅੰਤ ਕੁਮਾਰ ਗੌਤਮ, ਨਾਲ ਸ੍ਰੀ ਦਿਨੇਸ਼ ਕੁਮਾਰ ਸੰਗਠਨ ਮਹਾਂਮੰਤਰੀ ਪੰਜਾਬ, ਸ੍ਰੀ ਰਾਜੇਸ਼ ਬਾਘਾ ਉਪ ਪ੍ਰਧਾਨ ਭਾਜਪਾ ਪੰਜਾਬ, ਮਨਜੀਤ ਬਾਲੀ ਮੈਂਬਰ ਡਾ. ਅੰਬੇਡਕਰ ਫਾਊਂਡੇਸ਼ਨ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ ਭਾਰਤ ਸਰਕਾਰ, ਸੁਸ਼ੀਲ ਸ਼ਰਮਾ ਜ਼ਿਲ੍ਹਾ ਪ੍ਰਧਾਨ ਭਾਜਪਾ ਜਲੰਧਰ ਸ਼ਹਿਰੀ ਅਤੇ ਐਡਵੋਕੇਟ ਮੋਹਿਤ ਭਾਰਦਵਾਜ ਵੀ ਹਾਜ਼ਰ ਸਨ।

# ਕੋਰ ਦਵਿੰਦਰ ਦਾ ਸਿੰਗਲ ਟਰੈਕ ਗੁਰੂ ਜੀ ਤੁਹਾਡੇ ਮੰਦਿਰਾਂ ਤੇ ਕੀਤਾ ਰਿਲੀਜ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**– ਅਨੇਕਾਂ ਗੀਤਾਂ ਦੀ ਨਾਮਵਰ ਗਾਇਕਾ ਕੋਰ ਦਵਿੰਦਰ ਵਲੋਂ ਕਈ ਗੀਤ ਸਰੋਤਿਆਂ ਦੇ ਸਨਮੁੱਖ ਕੀਤੇ ਸਰੋਤਿਆਂ ਵਲੋਂ ਬੜਾ ਪਿਆਰ ਦਿਤਾ ਤੇ ਹੁਣ ਧਾਰਮਿਕ ਟਰੈਕ ਨਾਲ ਸੰਗਤਾਂ ਦੇ ਰੁਬਰੂ ਹੋ ਰਹੀ ਕੋਰ ਦਵਿੰਦਰ ਨੇ ਦੱਸਿਆ ਕਿ ਧਾਰਮਿਕ ਗੀਤ, ਗੁਰੁ ਜੀ ਤੁਹਾਡੇ ਮੰਦਿਰਾਂ ਤੇ, ਨੂੰ ਮਿਸ਼ਨਰੀ ਲੇਖਕ ਸੱਤਪਾਲ ਸਾਹਲੋਂ ਵਲੋਂ ਲਿਖਿਆ ਗਿਆ ਇਸ ਦਾ ਸੰਗੀਤ ਇੰਡ ਜੱਸੀ ਵਲੋਂ ਤਿਆਰ ਕੀਤਾ ਤੇ ਇਸ ਫਿਲਮਾਂਕਣ ਪੀਕੇ ਕਲੇਰ ਨੇ ਕੀਤਾ ਤੇ ਇਸ ਧਾਰਮਿਕ ਟਰੈਕ ਨੂੰ ਅਦਬੀ ਮਹਿਕ ਪ੍ਰੋਡਕਸ਼ਨ ਕੰਪਨੀ ਦੇ ਲੈਬਲ ਹੇਠ ਕਮਲਾ ਸੱਲਣ ਦੀ ਦੇਖ ਰੇਖ ਚ ਤਿਆਰ ਕੀਤਾ ਤੇ ਇਕ ਸਾਦੇ ਸਮਾਗਮ ਚ ਮਿਸ਼ਨ ਨੂੰ ਪਿਆਰ ਕਰਨ ਵਾਲੀਆਂ



ਸ਼ਖਸ਼ੀਅਤਾਂ ਵਲੋਂ ਸੰਗਤਾਂ ਦੇ ਸਨਮੁੱਖ ਕਰ ਦਿਤਾ ਗਿਆ ਇਸ ਮੋਕੇ ਕਥਾਵਾਚਕ ਗਿਆਨੀ ਓਕਾਰ ਸਿੰਘ ਗੜ ਪਧਾਣਾ ਨੇ ਦੱਸਿਆ ਕਿ ਸਤਿਗੁਰ ਰਵਿਦਾਸ ਜੀ ਨੇ ਸਮੁੱਚੀ ਮਾਨਵਤਾ ਚੰਗੇ ਪਾਸੇ ਲਗਾਉਣ ਲਈ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਤਾਂ ਜੋ ਆਪਣੇ ਸਮਾਜ ਦੇ ਲੋਕ ਜੋ ਵਹਿਮਾਂ ਭਰਮਾਂ ਚ ਪੈਣ ਕਾਰਨ ਕੁਰਾਹੇ ਪੈ ਗਏ ਸਨ ਉਨਾਂ ਨੂੰ ਸਿੱਧੇ ਰਾਹੇ ਪਾਉਣ ਲਈ ਸਮੇਂ ਦੀਆਂ ਸਰਕਾਰਾਂ ਨਾਲ ਸ਼ੰਘਰਸ਼ ਕਰਕੇ ਸਮਾਜ ਦੇ ਲੋਕਾਂ ਨੂੰ ਜਾਗਰੁਕ ਕਰਨ ਸਾਰਾ ਜੀਵਨ ਲਗਾ ਦਿਤਾ ਤੇ ਗੀਤਕਾਰ ਸੱਤਪਾਲ ਸਾਹਲੋਂ ਵਲੋਂ ਰਹਿਬਰਾਂ ਦੇ ਮਿਸ਼ਨ ਨੂੰ ਪ੍ਰਫੁੱਲਤ ਕਰਨ ਲਈ ਰਚਨਾ ਤਿਆਰ ਕੀਤੀ ਤੇ ਆਸ ਕਰਦੇ ਹਾਂ ਕਿ ਸਤਿਗੁਰਾਂ ਦੀਆਂ ਨਾਮਲੇਵਾ ਸੰਗਤਾਂ ਮਾਣ ਸਤਿਕਾਰ ਦੇਣਗੀਆ ਉਨਾ ਸਾਰੀ ਟੀਮ ਨੂੰ ਮੁਬਾਰਕ ਬਾਦ ਦਿਤੀ। ਇਸ ਮੋਕੇ ਸ੍ਰੀ ਸੱਤਪਾਲ ਸਾਹਲੋਂ, ਕਮਲਾ ਸੱਲਣ, ਅਮਨਦੀਪ ਸੱਲਣ, ਗਾਇਕਾ ਕੋਰ ਦਵਿੰਦਰ, ਸੀਮਾ ਰਾਣੀ. ਜਸਵੰਤ ਬੰਟੀ, ਸਿੰਗਾਰਾ ਸਿੰਘ ਸੱਲਣ, ਗੁਰਦੀਪ ਸਕੋਹਪੁਰੀ, ਵੀਰੂ ਸਾਹਲੋ, ਅਸ਼ਵਨੀ ਕਮਾਮ, ਸਰਪੰਚ ਬੇਗੋਵਾਲ, ਕਸ਼ਮੀਰ ਲਾਲ, ਯਸ਼ ਰਾਣਾ ਆਦਿ ਹਾਜਰ ਸਨ।

# ਅੰਦੋਲਨਕਾਰੀਆਂ 'ਤੇ ਅਣ-ਮਨੁੱਖੀ, ਗੈਰ-ਜਮਹੂਰੀ ਰੋਕਾਂ ਮੜ੍ਹਨ ਖ਼ਿਲਾਫ਼ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਆਵਾਜ਼ ਉਠਾਉਣ ਦਾ ਸੱਦਾ

**ਜਲੰਧਰ**– ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਕੇਂਦਰੀ ਭਾਜਪਾ ਹਕੂਮਤ, ਕਿਸਾਨਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਪ੍ਰਵਾਨ ਕਰਨ ਦੀ ਬਜਾਏ ਚੜ੍ਹਦੇ ਸੂਰਜ ਦਿੱਲੀ ਦੇ ਇਰਦ ਗਿਰਦ ਸੜਕਾਂ ਉਪਰ ਕਿੱਲਾਂ ਗੱਡਣ, ਤਾਰਾਂ ਵਿਛਾਉਣ, ਬੈਰੀਕੇਡ ਖੜ੍ਹੇ ਕਰਨ, ਖਾਈਆਂ ਪੁੱਟਣ, ਨੈੱਟ, ਬਿਜਲੀ, ਪਾਣੀ ਬੰਦ ਕਰਨ, ਦਿੱਲੀ ਵਾਸੀਆਂ ਅਤੇ ਨਾਲ ਲੱਗਦੇ ਮੁਹੱਲਿਆਂ, ਪਿੰਡਾਂ ਦੇ ਲੋਕਾਂ ਵੱਲੋਂ ਕਿਸਾਨ ਮੋਰਚੇ ਨੂੰ ਮਿਲ ਰਿਹਾ ਸਮਰਥਨ ਬੰਦ ਕਰਨ, ਮੀਡੀਆ ਕਾਮਿਆਂ ਨੂੰ ਵੀ ਅੰਦੋਲਨਕਾਰੀਆਂ ਤੱਕ ਜਾਣ ਤੋਂ ਰੋਕਣ ਲਈ ਪਾਬੰਦੀਆਂ ਮੜ੍ਹਨ ਦੇ ਸਿਰੇ ਦੇ ਅਣਮਨੁੱਖੀ ਅਤੇ ਗੈਰ-ਜਮਹੂਰੀ ਫੜੇ ਰਾਹ ਦੀ ਨਿੰਦਾ ਕਰਦਿਆਂ, ਮੁਲਕ ਭਰ ਦੀਆਂ ਲੋਕ-ਪੱਖੀ, ਇਨਸਾਫ਼-ਪਸੰਦ, ਜਮਹੂਰੀ ਅਤੇ ਮਾਨਵੀ ਸੰਸਥਾਵਾਂ, ਵਿਅਕਤੀਆਂ ਨੂੰ ਇਹਨਾਂ ਕਦਮਾਂ ਖ਼ਿਲਾਫ਼ ਲੋਕ-ਆਵਾਜ਼ ਉਠਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਹੈ ਕਿ ਵਿਸ਼ਵ ਦੀ ਮਹਾਂ ਜਮਹੂਰੀਅਤ ਅਖਵਾਉਣ ਵਾਲੇ ਦੇਸ਼ ਵੱਲੋਂ ਜਾਰੀ ਕੀਤੇ ਜਾ ਰਹੇ ਫ਼ੁਰਮਾਨ ਅਤੇ ਅਮਲ, ਜਮਹੂਰੀ ਆਵਾਜ਼ ਨੂੰ ਬੰਦ ਕਰਨ ਅਤੇ ਫ਼ਿਰਕੂ ਫਾਸ਼ੀ ਤਾਕਤਾਂ ਨੂੰ ਹਕੂਮਤੀ ਥਾਪੜਾ ਦੇ ਕੇ ਪਾਲਣ ਪੋਸ਼ਣ ਅਤੇ ਲੋਕਾਂ ਉਪਰ ਹਮਲੇ ਕਰਨ ਲਈ ਸਿਸ਼ਕਾਰਨ ਵਾਲਾ ਹੈ।

ਕਮੇਟੀ ਨੇ ਦੋਸ਼ ਲਾਇਆ ਕਿ ਇੱਕ ਬੰਨੇ ਵਿਸ਼ਵੀਕਰਨ ਦੇ ਗਾਣੇ ਗਾਏ ਜਾ ਰਹੇ ਹਨ, ਦੂਜੇ ਬੰਨੇ ਇਸ ਵਿਸ਼ਵ ਦੀ ਜਾਈ ਦੇ ਇੱਕ ਟਵਿੱਟਰ ਤੋਂ ਬੁਖ਼ਲਾ ਕੇ ਮੋਦੀ ਹਕੂਮਤ ਖੇਤੀ ਕਾਨੂੰਨਾਂ ਨੂੰ 'ਅੰਦਰੂਨੀ ਮਾਮਲਾ' ਦੱਸਕੇ ਕਲਾਕਾਰਾਂ, ਬੁੱਧੀਜੀਵੀਆਂ ਖਿਲਾਫ਼ ਭੜਕਾਹਟ ਭਰਿਆ ਮਾਹੌਲ ਯੋਜਨਾਬੱਧ ਢੰਗ ਨਾਲ ਸਿਰਜ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਭਾਜਪਾ ਹਕੂਮਤ ਦਾ ਦੋਗਲਾ ਕਿਰਦਾਰ ਜੱਗ ਜ਼ਾਹਰ ਹੈ, ਜਿਹੜੀ ਅਮਰੀਕੀ ਰਾਸ਼ਟਰਪਤੀ, ਆਈ.ਐਮ.ਐਫ., ਵਿਸ਼ਵ ਵਪਾਰ ਵਰਗੀਆਂ ਸੰਸਥਾਵਾਂ ਵੱਲੋਂ ਖੇਤੀ ਕਾਨੂੰਨਾਂ ਦੀਆਂ ਘੋੜੀਆਂ ਗਾਏ ਜਾਣ ਤੋਂ ਬਾਗੋ ਬਾਗ ਹੈ। ਇਹ ਬਿਆਨ ਬਾਜ਼ੀ ਹਕੂਮਤ ਨੂੰ ਬਾਹਰੀ ਨਹੀਂ ਜਾਪਦੀ, ਜਿਹੜੀ ਆਵਾਜ਼ ਅੰਦੋਲਨਕਾਰੀਆਂ ਦਾ ਸਮਰਥਨ ਕਰੇ, ਉਸਨੂੰ ਵਿਦੇਸ਼ੀ ਕਹਿਕੇ ਭੰਡਿਆ ਜਾ ਰਿਹਾ ਹੈ। ਸੰਘਰਸ਼ਸ਼ੀਲ ਲੋਕਾਂ ਉਪਰ ਵੰਨ-ਸੁਵੰਨੇ ਲੇਬਲ ਚਿਪਕਾ ਕੇ, ਪੁਰ-ਅਮਨ ਸੰਘਰਸ਼ ਕਰਦੇ, ਲੋਕਾਂ ਉਪਰ ਜ਼ੁਲਮੀ ਝੱਖੜ ਝੁਲਾਉਣ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਜ਼ੋਰਦਾਰ ਮੰਗ ਕੀਤੀ ਹੈ ਕਿ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਅਤੇ ਹੱਥੀਂ ਕਿਰਤ ਕਰਨ ਵਾਲੇ ਵਿਸ਼ਾਲ ਜਨਸਮੂਹ ਦੀ ਮੌਤ ਦਾ ਵਰੰਟ ਲੈ ਕੇ ਆ ਰਹੇ ਖੇਤੀ ਕਾਲ਼ੇ ਕਾਨੂੰਨ ਫੌਰੀ ਵਾਪਸ ਲਏ ਜਾਣ, ਗ੍ਰਿਫ਼ਤਾਰ ਲੋਕਾਂ ਨੂੰ ਰਿਹਾਅ ਕੀਤਾ ਜਾਵੇ। ਮੜ੍ਹੇ ਝੂਠੇ ਕੇਸ ਰੱਦ ਕੀਤੇ ਜਾਣ, ਹਰ ਤਰ੍ਹਾਂ ਦੀਆਂ ਠੋਸੀਆਂ ਰੋਕਾਂ ਹਟਾਈਆਂ ਜਾਣ ਅਤੇ ਹੱਕੀਂ ਮੰਗਾਂ ਫੌਰੀ ਪ੍ਰਵਾਨ ਕੀਤੀਆਂ ਜਾਣ।

ਅੰਦੋਲਨ ਦੇ ਸਮਰਥਨ 'ਚ ਪੁਰਅਮਨ ਆਵਾਜ਼ ਉਠਾਉਂਦੇ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਵੀ ਕਮੇਟੀ ਨੇ ਨਿੰਦਾ ਕੀਤੀ ਹੈ।

# ਕੈਪਟਨ ਸਰਕਾਰ ਅਨੁਸੂਚਿਤ ਜਾਤੀਆਂ ਦੇ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਮੁਹੱਈਆ ਕਰਵਾਉਣ ਦਾ ਦਾਅਵਾ ਕੋਝਾ ਮਜ਼ਾਕ- ਕੈਂਥ

ਚੰਡੀਗੜ੍ਹ- ਅਨੁਸੂਚਿਤ ਜਾਤੀਆਂ ਦੇ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸ਼ੁਰੂਆਤ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਸਰਕਾਰ 35 ਪ੍ਰਤੀਸ਼ਤ ਤੋਂ ਵੀ ਵੱਧ ਆਬਾਦੀ ਵਾਲੇ ਸਮਾਜਿਕ, ਧਾਰਮਿਕ , ਆਰਥਿਕ ਪੱਛੜੇ ਸਮਾਜ ਨਾਲ ਪਿਛਲੇ ਚਾਰ ਸਾਲਾਂ ਤੋਂ ਰਾਜਨੀਤੀ ਖੇਡਣ ਦਾ ਦੋਸ਼ ਲਾਉਦਿਆਂ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਸੈਵ-ਰੋਜ਼ਗਾਰ ਮੌਕੇ ਪ੍ਰਦਾਨ ਕਰਨ ਵਿੱਚ ਕੈਪਟਨ ਸਰਕਾਰ ਬੁਰੀ ਤਰ੍ਹਾਂ ਅਸਫਲ ਸਾਬਿਤ ਹੋ ਰਹੀ ਹੈ।

ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸਾਧੂ ਸਿੰਘ ਧਰਮਸੋਤ ਦੁਆਰਾ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਪਿਛਲੇ 4 ਸਾਲਾਂ ਵਿੱਚ ਇੱਕ ਲੱਖ ਨੌਜਵਾਨਾਂ ਨੂੰ ਵੀ ਸੈਵ-ਰੋਜ਼ਗਾਰ ਮੁਹੱਈਆ ਕਰਾਉਣ ਵਿਚ ਸਫਲ ਨਹੀਂ ਹੋ ਸਕੇ।ਕੈਪਟਨ ਸਰਕਾਰ ਅਨੁਸੂਚਿਤ ਜਾਤੀਆਂ ਦੇ ਨੌਜਵਾਨਾਂ ਨੂੰ ਸੈਵ-ਰੋਜ਼ਗਾਰ ਮੁਹੱਈਆ ਕਰਵਾਉਣ ਦਾ ਦਾਅਵਾ ਕੋਝਾ ਮਜ਼ਾਕ ਹੈ।

ਸ੍ਰ ਕੈਂਥ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ 309 ਕਰੋੜ ਰੁਪਏ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਅੱਜ ਤੱਕ ਮਨਪ੍ਰੀਤ ਸਿੰਘ ਬਾਦਲ ਵਿੱਤ ਮੰਤਰੀ



ਪੰਜਾਬ ਨੇ ਜਾਰੀ ਕਰਨ ਵਿਚ ਟਾਲ-ਮਟੋਲ ਕਰਕੇ ਆਪਣਾ ਡੰਗ ਟਪਾਉਣ ਦੀ ਨੀਤੀ ਵਿਚ ਕਾਮਯਾਬ ਹਨ।ਉਹਨਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਸਬੰਧਤ ਭਾਲਾਈ ਵਿਭਾਗ ਨੂੰ ਲੋੜੀਂਦੇ ਫੰਡ ਨੂੰ ਜਾਰੀ ਹੀ ਨਹੀਂ ਕੀਤਾ ਜਾਂਦਾ ਸਗੋਂ ਵਿੱਤ ਵਿਭਾਗ ਫੰਡਾਂ ਨੂੰ ਕਿਸੇ ਹੋਰ ਥਾਵਾਂ ਉੱਤੇ ਇਸਤੇਮਾਲ ਕਰਕੇ ਖਾਨਾ ਪੂਰਤੀ ਕੀਤੀ ਜਾਂਦੀ ਹੈ ਅਤੇ ਵਿੱਤ ਵਿਭਾਗ ਅਨੁਸੂਚਿਤ ਜਾਤੀਆਂ ਦੇ ਵਿਕਾਸ ਵਿੱਚ ਅੜਿੱਕਾ ਬਣ ਗਿਆ ਹੈ। ਕੈਪਟਨ ਸਰਕਾਰ ਦੇ ਮੰਤਰੀਆਂ ਦੇ ਦਾਅਵੇ ਅਨੁਸੂਚਿਤ ਜਾਤੀ ਵਰਗ ਦੇ ਸੁਪਨਿਆਂ ਨੂੰ ਖਤਰਨਾਕ ਤਰੀਕਿਆਂ ਨਾਲ ਖਤਮ ਕਰਨ ਦਾ ਇਲਜਾਮ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਲਗਾਇਆ ਹੈ। ਉਹਨਾਂ ਕਿਹਾ ਕਿ ਅਨੁਸੂਚਿਤ ਜਾਤੀ ਸਬ ਪਲਾਨ ਨੂੰ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਮੰਤਰੀ ਮੰਡਲ ਕੈਬਨਿਟ ਨੇ ਅੱਜ ਤੱਕ ਸਿਧਾਂਤਕ ਰੂਪ ਵਿਚ ਹਾਲੇ ਤੱਕ ਕੋਈ ਫੈਸਲਾ ਨਹੀਂ ਕੀਤਾ ਨਾ ਹੀ ਅਨੁਸੂਚਿਤ ਜਾਤੀਆਂ ਦੇ ਤਿੰਨ ਮੰਤਰੀ ਮੰਡਲ ਵਿੱਚ ਸ਼ਾਮਿਲ ਮੰਤਰੀਆਂ ਅਤੇ ਵਿਧਾਇਕਾਂ ਨੇ ਲਾਗੂ ਕਰਨ ਲਈ ਕੋਈ ਦਬਾਅ ਪਾਇਆ। ਕੈਪਟਨ ਸਰਕਾਰ ਦੇ ਅਨੁਸੂਚਿਤ ਜਾਤੀਆਂ ਦੀ ਭਾਲਾਈ ਦੇ ਵਾਇਦੇ ਅਤੇ ਦਾਆਵੇ ਖੋਖਲੇ ਸਾਬਿਤ ਹੋ ਰਹੇ ਹਨ।

ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਸਕਾਟਲੈਂਡ ਵਿੱਚ ਰੁਜ਼ਗਾਰ ਨੂੰ ਬਚਾਉਣ ਲਈ ਵਧੀਆ ਯੋਜਨਾ ਦੀ ਜਰੂਰਤ: ਅਨਸ ਸਰਵਰ



**ਗਲਾਸਗੋ–** ਕੋਰੋਨਾਂ ਵਾਇਰਸ ਮਹਾਂਮਾਰੀ ਕਾਰਨ ਲਾਗੂ ਹੋਈਆਂ ਪਾਬੰਦੀਆਂ ਕਾਰਨ ਸਕਾਟਲੈਂਡ ਵਿੱਚ ਹਜ਼ਾਰਾਂ ਲੋਕਾਂ ਨੇ ਆਪਣੀਆਂ ਨੌਕਰੀਆਂ ਗਵਾਈਆਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਕਾਟਲੈਂਡ ਵਿੱਚ ਕੰਮ ਕਰਨ ਵਾਲੇ ਦਸ ਲੋਕਾਂ ਵਿੱਚੋਂ ਇੱਕ ਤੋਂ ਵੱਧ ਜ਼ਿਆਦਾ ਵਿਅਕਤੀ ਫਰਲੋ ਸਕੀਮ ਤਹਿਤ ਘਰ ਬੈਠੇ ਹਨ, ਜਿਸ ਕਰਕੇ ਬੇਰੁਜ਼ਗਾਰੀ ਦੀ ਇੱਕ ਵੱਡੀ ਲਹਿਰ ਦੁਆਰਾ ਸਕਾਟਲੈਂਡ ਨੂੰ ਪ੍ਰਭਾਵਿਤ ਕਰਨ ਦਾ ਖਦਸ਼ਾ ਹੈ। ਯੂਕੇ ਸਰਕਾਰ ਦੇ ਅਧਿਕਾਰਤ ਅੰਕੜੇ ਦਰਸਾਉਂਦੇ ਹਨ ਕਿ ਸਕਾਟਲੈਂਡ ਦੀ ਕਮਾਈ ਛੁੱਟੀ ਵਿੱਚ 45 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਸੰਬੰਧੀ ਲੇਬਰ ਪਾਰਟੀ ਦੇ ਅਨਸ ਸਰਵਰ ਅਨੁਸਾਰ ਸਕਾਟਲੈਂਡ ਵਿੱਚ 282,800 ਲੋਕ 31 ਦਸੰਬਰ ਤੱਕ ਫਰਲੋ ਸਕੀਮ ਨੂੰ ਅਪਣਾ ਰਹੇ ਸਨ ਜੋ ਕਿ ਅਕਤੂਬਰ ਦੇ ਅਖੀਰ ਵਿਚਲੀ 195,200 ਦੀ ਗਿਣਤੀ ਤੋਂ ਜ਼ਿਆਦਾ ਸਨ । ਜਿਸਦਾ ਅਰਥ ਹੈ ਕਿ ਸਕਾਟਲੈਂਡ ਵਿੱਚ ਲਗਭਗ 11 ਫੀਸਦੀ ਯੋਗ ਕਰਮ–ਚਾਰੀ 146,500 ਔਰਤਾਂ ਅਤੇ 136,300 ਪੁਰਸ਼ ਫਰਲੋ ਦੇ ਅਧੀਨ ਹਨ। ਇਸ ਸਕੀਮ ਨੂੰ ਚਾਂਸਲਰ ਰਿਸ਼ੀ ਸੁਨਕ ਦੁਆਰਾ ਕਈ ਵਾਰ ਵਧਾਇਆ ਗਿਆ ਹੈ ਅਤੇ ਹੁਣ ਅਪ੍ਰੈਲ ਦੇ ਅਖੀਰ ਵਿੱਚ ਖਤਮ ਕਰਨ ਦੀ ਯੋਜਨਾ ਹੈ। ਇਸ ਲਈ ਸਰਵਰ ਅਨੁਸਾਰ ਹਜ਼ਾਰਾਂ ਸਕਾਟਲੈਂਡ ਵਾਸੀ ਇਸ ਯੋਜਨਾ ਦੇ ਖਤਮ ਹੋਣ 'ਤੇ ਆਪਣੀਆਂ ਨੌਕਰੀਆਂ ਲਈ ਚਿੰਤਤ ਹਨ। ਸਰਵਰ ਦੁਆਰਾ ਨਿਕੋਲਾ ਸਟਰਜਨ ਅਤੇ ਪ੍ਰਧਾਨ ਮੰਤਰੀ ਬੌਰਿਸ ਜੋਹਨਸਨ ਨੂੰ ਸਕਾਟਲੈਂਡ ਵਿੱਚ ਰੁਜ਼ਗਾਰ ਨੂੰ ਬਚਾਉਣ ਲਈ ਤੇ ਵਧੀਆ ਭਵਿੱਖ ਲਈ ਇੱਕ ਸਾਰਥਿਕ ਯੋਜਨਾ ਉਲੀਕਣ ਦੀ ਅਪੀਲ ਕੀਤੀ ਹੈ। ਸਰਵਰ ਨੇ ਇਸ ਸੰਬੰਧੀ ਬੋਲਦਿਆਂ ਕਿਹਾ ਕਿ ਸਕਾਟਲੈਂਡ ਅਤੇ ਬ੍ਰਿਟੇਨ ਦੀਆਂ ਸਰਕਾਰਾਂ ਨੂੰ ਇਸ ਮਹਾਂਮਾਰੀ ਦੌਰਾਨ ਆਪਸੀ ਮਤਭੇਦਾਂ ਨੂੰ ਇੱਕ ਪਾਸੇ ਰੱਖ ਕੇ ਲੋਕਾਂ ਦੇ ਚੰਗੇ ਭਵਿੱਖ ਅਤੇ ਬੇਰੁਜ਼ਗਾਰੀ ਨੂੰ ਰੋਕਣ ਲਈ ਕੰਮ ਕਰਨਾ ਚਾਹੀਦਾ ਹੈ।

# ਯੂਕੇ ਦੀ ਸ਼ਾਨ ਕਪਤਾਨ ਸਰ ਟੌਮ ਮੂਰ ਦਾ 100 ਸਾਲ ਦੀ ਵਿੱਚ ਉਮਰ ਹੋਇਆ ਦਿਹਾਂਤ





**ਗਲਾਸਗੋ/ਲੰਡਨ–** ਯੂਕੇ ਦੀ ਮਹਾਨ ਸਖਸ਼ੀਅਤ ਅਤੇ ਸਾਬਕਾ ਤਜ਼ਰਬੇਕਾਰ ਸੈਨਿਕ ਕਪਤਾਨ ਸਰ ਟੌਮ ਮੂਰ, ਜਿਹਨਾਂ ਨੇ ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਐਨ ਐਚ ਐਸ ਲਈ ਲੱਖਾਂ ਪੌਂਡ ਦੀ ਸਹਾਇਤਾ ਰਾਸ਼ੀ ਇਕੱਠੀ ਕਲਕੇ ਤਾਲਾਬੰਦੀ ਵਿੱਚ ਦੇਸ਼ ਦੀ ਸਹਾਇਤਾ ਵਿੱਚ ਯੋਗਦਾਨ ਪਾਇਆ ਸੀ, ਕੋਰੋਨਾ ਅਤੇ ਹੋਰ ਸਿਹਤ ਸਮੱਸਿਆਵਾਂ ਨਾਲ ਪੀੜਤ ਹੋਣ ਦੇ ਬਾਅਦ ਆਪਣੀ 100 ਸਾਲ ਦੀ ਉਮਰ ਭੋਗਦਿਆਂ 2 ਫਰਵਰੀ ਨੂੰ ਹਸਪਤਾਲ ਵਿੱਚ ਪੂਰੇ ਹੋ ਗਏ ਹਨ। ਕਪਤਾਨ ਟੌਮ ਮੂਰ ਨੂੰ ਨਮੂਨੀਆ ਅਤੇ ਕੋਵਿਡ –19 ਤੋਂ ਪੀੜਤ ਹੋਣ ਕਰਕੇ 31 ਜਨਵਰੀ ਨੂੰ ਬੈੱਡਫੋਰਡ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਮਹਾਨ ਵਿਅਕਤੀ ਦੇ ਦਿਹਾਂਤ ਦੀ ਘੋਸ਼ਣਾ ਉਸ ਦੀਆਂ ਧੀਆਂ ਹੰਨਾਹ ਇੰਗਰਾਮ ਮੂਰ ਅਤੇ ਲੂਸੀ ਟੇਕਸੀਰਾ ਦੁਆਰਾ ਕੀਤੀ ਗਈ। ਵਿਸ਼ਵ ਯੁੱਧ 2 ਵਿੱਚ ਸੇਵਾਵਾਂ ਨਿਭਾ ਚੁੱਕੇ ਕੈਪਟਨ ਮੂਰ ਨੇ ਮਹਾਂਮਾਰੀ ਦੇ ਸੰਕਟ ਦੌਰਾਨ ਸਿਹਤ ਸੇਵਾਵਾਂ ਦੀ ਸਹਾਇਤਾ ਲਈ ਸਿਰਫ 1000 ਪੌਂਡ ਇਕੱਠੇ ਕਰਨੇ ਸ਼ੁਰੂ ਕੀਤੇ ਸਨ ਪਰੰਤੂ ਉਸ ਦਾ ਮਿਸ਼ਨ ਅੰਤਰਰਾਸ਼ਟਰੀ ਪੱਧਰ 'ਤੇ ਫੈਲਿਆ ਜਿਸ ਨਾਲ ਉਸ ਦੁਆਰਾ ਇਕੱਤਰ ਕੀਤੀ ਕੁੱਲ ਦਾਨ ਰਾਸ਼ੀ ਤਕਰੀਬਨ 32.7 (32,794,701) ਮਿਲੀਅਨ ਪੌਂਡ ਤੱਕ ਪਹੁੰਚ ਗਈ, ਜਿਸ ਵਿੱਚ ਲੱਗਭਗ 1.5 ਮਿਲੀਅਨ ਲੋਕਾਂ ਨੇ ਆਪਣਾ ਯੋਗਦਾਨ ਦਿੱਤਾ। ਟੌਮ ਮੂਰ ਦੇ ਇਹਨਾਂ ਯਤਨਾਂ ਦੀ ਸਲਾਹੁਤਾ ਕਰਦਿਆਂ, 2020 ਵਿੱਚ ਵਿੰਡਸਰ ਕੈਸਲ ਵਿਖੇ ਇੱਕ ਵਿਲੱਖਣ ਓਪਨ ਏਅਰ ਸਮਾਰੋਹ ਦੌਰਾਨ ਮਹਾਰਾਣੀ ਦੁਆਰਾ ਉਸਨੂੰ ਨਾਈਟਹੁੱਡ ਨਾਲ ਸਨਮਾਨਿਤ ਕੀਤਾ ਗਿਆ।

# ਯੂਕੇ ਦੀਆਂ ਨੰਬਰ ਪਲੇਟਾਂ ਤੋਂ ਯੂਰਪੀਅਨ ਯੂਨੀਅਨ ਹਟਾ ਕੇ ਯੂਨੀਅਨ ਜੈਕ ਨਾਲ ਕੀਤਾ ਤਬਦੀਲ




**ਗਲਾਸਗੋ/ਲੰਡਨ–** ਯੂਰਪੀਅਨ ਯੂਨੀਅਨ ਨਾਲ ਨਾਤਾ ਤੋੜਨ ਤੋਂ ਬਾਅਦ ਯੂਕੇ ਦੁਆਰਾ ਹੌਲੀ ਹੌਲੀ ਸਭ ਖੇਤਰਾਂ ਵਿੱਚ ਆਪਣਾ ਅਧਿਕਾਰ ਜਮਾਇਆ ਜਾ ਰਿਹਾ ਹੈ। ਕਈ ਤਰਾਂ ਦੇ ਵਪਾਰਿਕ ਸੰਬੰਧਾਂ ਨੂੰ ਵੱਖ ਕਰਨ ਤੋਂ ਬਾਅਦ ਯੂਕੇ ਸਰਕਾਰ ਦੁਆਰਾ ਬ੍ਰਿਟਿਸ਼ ਨੰਬਰ ਪਲੇਟਾਂ ਅਤੇ ਡ੍ਰਾਇਵਿੰਗ ਲਾਇਸੈਂਸਾਂ ਉੱਪਰੋਂ ਯੂਰਪੀਅਨ ਯੂਨੀਅਨ ਦੇ ਝੰਡੇ ਨੂੰ ਹਟਾ ਕੇ ਯੂਨੀਅਨ ਜੈਕ ਨਾਲ ਬਦਲਿਆ ਗਿਆ ਹੈ। ਇਸ ਸੰਬੰਧੀ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ 1 ਜਨਵਰੀ ਤੋਂ ਜਾਰੀ ਨਵੇਂ ਬੈਚਾਂ ਨਾਲ ਸਾਰੇ ਨੰਬਰ ਪਲੇਟ ਡਿਜ਼ਾਈਨ ਅਤੇ ਲਾਇਸੈਂਸ ਬਦਲੇ ਜਾਣਗੇ। ਹਾਲਾਂਕਿ ਬ੍ਰਿਟੇਨ ਦੇ ਵਾਹਨ ਚਾਲਕ ਅਜੇ ਵੀ ਇਜਾਜ਼ਤ ਲਏ ਬਿਨਾਂ ਯੂਰਪ ਵਿਚ ਘੁੰਮਣ ਲਈ ਆਪਣੇ ਫੋਟੋ ਕਾਰਡ ਲਾਇਸੈਂਸਾਂ ਦੀ ਵਰਤੋਂ ਕਰਨ ਦੇ ਯੋਗ ਹੋਣਗੇ। ਜਿਆਦਾਤਰ ਯੂਰਪੀਅਨ ਦੇਸ਼ਾਂ ਵਿੱਚ ਡਰਾਈਵਰਾਂ ਨੂੰ ਉਹਨਾਂ ਦੀ ਨੰਬਰ ਪਲੇਟ ਵਿੱਚ ਯੂਨੀਅਨ ਫਲੈਗ ਦੇ ਨਾਲ 'ਜੀ ਬੀ' ਹੋਣ ਦੀ ਸੂਰਤ ਵਿੱਚ ਇੱਕ ਜੀ ਬੀ ਸਟਿੱਕਰ ਪ੍ਰਦਰਸ਼ਿਤ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਟਰਾਂਸਪੋਰਟ ਸੈਕਟਰੀ ਗਰਾਂਟ ਸ਼ਾਪਸ ਅਨੁਸਾਰ ਡਰਾਈਵਿੰਗ ਲਾਇਸੈਂਸਾਂ ਅਤੇ ਨੰਬਰ ਪਲੇਟਾਂ ਦੇ ਡਿਜ਼ਾਇਨਾਂ ਨੂੰ ਬਦਲਣਾ ਬ੍ਰਿਟਿਸ਼ ਵਾਹਨ ਚਾਲਕਾਂ ਲਈ ਇਤਿਹਾਸਕ ਪਲ ਅਤੇ ਯੂਰਪੀਅਨ ਯੂਨੀਅਨ ਤੋਂ ਆਜ਼ਾਦੀ ਦਾ ਪੁਨਰਗਠਨ ਹੈ। ਵਿਭਾਗ ਅਨੁਸਾਰ ਪੁਰਾਣੀਆਂ ਪਲੇਟਾਂ ਅਤੇ ਲਾਇਸੈਂਸ ਅਜੇ ਵੀ ਜਾਇਜ਼ ਹੋਣਗੇ ਪਰ ਨਵੇਂ ਅਤੇ ਰੀਨਿਊ ਕਰਵਾਉਣ ਵਾਲਿਆਂ ਨੂੰ ਇਹਨਾਂ ਦੇ ਨਵੇਂ ਸੰਸਕਰਣ ਦਿੱਤੇ ਜਾਣਗੇ।

# ਬ੍ਰਿਟੇਨ ਦੀ ਮੁਸਲਿਮ ਕੌਂਸਲ ਵੱਲੋਂ ਪਹਿਲੀ ਔਰਤ ਨੇਤਾ ਦੀ ਚੋਣ, ਗਲਾਸਗੋ ਨੂੰ ਮਿਲਿਆ ਮਾਣ

**ਗਲਾਸਗੋ/ਲੰਡਨ–** ਬ੍ਰਿਟੇਨ ਦੀ ਮੁਸਲਿਮ ਕੌਂਸਲ (ਐਮ ਸੀ ਬੀ) ਨੇ ਜ਼ਾਰਾ ਮੁਹੰਮਦ ਦੇ ਰੂਪ ਵਿੱਚ ਆਪਣੀ ਪਹਿਲੀ ਔਰਤ ਨੇਤਾ ਦੀ ਚੋਣ ਕੀਤੀ ਹੈ। ਬ੍ਰਿਟੇਨ ਦੇ ਸਭ ਤੋਂ ਵੱਡੇ ਮੁਸਲਿਮ ਸੰਗਠਨ ਦੀ ਮਤਦਾਨ ਪ੍ਰਕਿਰਿਆ ਵਿੱਚ ਸਭ ਤੋਂ ਵੱਧ



ਵੋਟਾਂ ਹਾਸਲ ਕਰਨ ਤੋਂ ਬਾਅਦ ਸੈਕਟਰੀ ਜਨਰਲ ਵਜੋਂ ਨਿਯੁਕਤ ਹੋਣ ਮੌਕੇ ਬੋਲਦਿਆਂ ਜ਼ਾਰਾ ਮੁਹੰਮਦ ਨੇ ਇਸਨੂੰ ਇੱਕ ਮਾਣ ਵਾਲੀ ਗੱਲ ਕਿਹਾ ਹੈ। ਜ਼ਾਰਾ ਮੁਹੰਮਦ ਨੇ ਇਹ ਅਹੁਦਾ ਐਮ ਸੀ ਬੀ ਦੇ ਮੁਖੀ ਵਜੋਂ ਚਾਰ ਸਾਲ ਪੂਰੇ ਕਰਨ ਵਾਲੇ ਹਾਰੂਨ ਖਾਨ ਨੂੰ ਹਰਾ ਕੇ ਪ੍ਰਾਪਤ ਕੀਤਾ ਹੈ। ਆਪਣੀ ਇਸ ਜਿੱਤ ਨਾਲ ਗਲਾਸਗੋ ਦੀ 29 ਸਾਲਾ ਲੜਕੀ ਨੂੰ ਔਰਤਾਂ ਅਤੇ ਨੌਜਵਾਨਾਂ ਦੀ ਲੀਡਰਸ਼ਿਪ ਦੀਆਂ ਭੂਮਿਕਾਵਾਂ ਲਈ ਪ੍ਰੇਰਿਤ ਹੋਣ ਦੀ ਉਮੀਦ ਹੈ। ਜ਼ਾਰਾ ਦੀ ਇਸ ਪ੍ਰਾਪਤੀ ਲਈ ਲੰਡਨ ਦੇ ਮੇਅਰ ਸਾਦਿਕ ਖਾਨ ਨੇ ਵੀ ਟਵੀਟ ਕਰਦਿਆਂ ਜ਼ਾਰਾ ਮੁਹੰਮਦ ਦੀ ਸਫਲਤਾ ਦੀ ਕਾਮਨਾ ਕੀਤੀ ਹੈ। ਮਨੁੱਖੀ ਅਧਿਕਾਰਾਂ ਦੇ ਕਾਨੂੰਨ ਵਿੱਚ ਮਾਸਟਰ ਡਿਗਰੀ ਪ੍ਰਾਪਤ ਜ਼ਾਰਾ ਇਸ ਤੋਂ ਪਹਿਲਾਂ ਐਮ ਸੀ ਬੀ ਲਈ ਸਹਾਇਕ ਸਕੱਤਰ ਜਨਰਲ ਵਜੋਂ ਸੇਵਾ ਨਿਭਾ ਰਹੀ ਸੀ।

# 20 ਸਾਲ ਬਟੋਰਦੇ ਰਹੇ ਬੈਰਿਸਟਲ ਚਿੜੀਆਘਰ ਪਾਰਕਿੰਗ ਫੀਸ ਦਾ ਪੈਸਾ, ਹੁਣ ਫੂਰਰ




**ਗਲਾਸਗੋ/ਲੰਡਨ–** ਬੈਰਿਸਟਲ ਦੇ ਫੈਂਟਮ ਚਿੜੀਆਘਰ ਦੀ ਕਾਰ ਪਾਰਕਿੰਗ ਵਿੱਚ ਤਕਰੀਬਨ 20 ਸਾਲਾਂ ਤੋਂ ਅਣ ਅਧਿਕਾਰਿਤ ਕਾਮਿਆਂ ਦੁਆਰਾ ਪਾਰਕਿੰਗ ਲਈ ਪੈਸੇ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਚਿੜੀਆਘਰ ਦੇ ਇਹਨਾਂ ਨਕਲੀ ਕਾਮਿਆਂ ਦੇ ਇੰਨਾ ਸਮਾਂ ਸੈਲਾਨੀਆਂ ਤੋਂ ਪਾਰਕਿੰਗ ਲਈ ਪੈਸਾ ਲੈਣ ਪਿੱਛੇ ਕੌਂਸਲ ਅਤੇ ਚਿੜੀਆਘਰ ਵਿਚਕਾਰ ਆਪਸੀ ਤਾਲਮੇਲ ਦੀ ਘਾਟ ਸੀ। ਇਹਨਾਂ ਕਾਮਿਆਂ ਵਿੱਚੋਂ ਇੱਕ ਜਿਸ ਸੰਬੰਧੀ ਬੈਰਿਸਟਲ ਚਿੜੀਆਘਰ ਨੇ ਸੋਚਿਆ ਕਿ ਉਹ ਕੌਂਸਲ ਲਈ ਕੰਮ ਕਰ ਰਿਹਾ ਹੈ, ਅਤੇ ਸਥਾਨਕ ਅਥਾਰਟੀ ਨੇ ਸੋਚਿਆ ਕਿ ਉਹ ਚਿੜੀਆਘਰ ਲਈ ਕੰਮ ਕਰ ਰਿਹਾ ਹੈ। ਜਦਕਿ ਇਹ ਨਕਲੀ ਕਰਮਚਾਰੀ 20 ਸਾਲਾਂ ਦੀ ਘਪਲੇਬਾਜ਼ੀ ਤੋਂ ਬਾਅਦ ਗਾਇਬ ਹੋ ਗਿਆ। ਇਸ ਖੇਤਰ ਵਿੱਚ ਚਿੜੀਆਘਰ ਦੁਆਰਾ ਨੇੜਲੇ ਸਥਾਨ ਨੂੰ ਕਾਰ ਪਾਰਕਿੰਗ ਵਜੋਂ ਵਰਤਣ ਲਈ ਪਿਛਲੇ ਕਈ ਸਾਲਾਂ ਤੋਂ ਇੱਕ ਕਮਿਊਨਿਟੀ ਮੁਹਿੰਮ ਸਮੂਹ ਡਾਊਨਜ਼ ਫਾਰ ਪੀਪਲਜ਼ ਨੇ ਇਤਰਾਜ਼ ਵੀ ਜਤਾਇਆ ਹੈ। ਇਸ ਚਿੜੀਆਘਰ 'ਚ ਕਾਰ ਦੁਆਰਾ ਆਉਣ ਵਾਲੇ ਲੋਕਾਂ ਨੂੰ ਸਹੀ ਢੰਗ ਨਾਲ ਸਹੂਲਤ ਨਾ ਮੁਹੱਈਆ ਕਰਾਉਣ ਦੀ ਅਸਫਲਤਾ ਤਕਰੀਬਨ ਇੱਕ ਸਦੀ ਤੋਂ ਪਹਿਲਾਂ ਦੀ ਹੈ। ਚਿੜੀਆਘਰ ਦੇ ਸੇਵਾਦਾਰਾਂ ਨੇ 1988 ਵਿੱਚ ਵਰਦੀਆਂ ਪਹਿਨਣੀਆਂ ਸ਼ੁਰੂ ਕੀਤੀਆਂ ਸਨ ਜਦੋਂ ਪਾਰਕਿੰਗ ਸਟਿੱਕਰਾਂ ਦਾ ਸਿਸਟਮ ਸ਼ੁਰੂ ਕੀਤਾ ਗਿਆ ਸੀ।

# ਗਲਾਸਗੋ ਏਅਰਪੋਰਟ 'ਤੇ ਦੁਬਈ ਜਾ ਰਹੇ ਵਿਅਕਤੀ ਨੂੰ 8 ਲੱਖ 60 ਹਜ਼ਾਰ ਪੌਂਡ ਦੀ ਰਾਸ਼ੀ ਸਮੇਤ ਕੀਤਾ ਕਾਬੂ

**ਗਲਾਸਗੋ–** ਗਲਾਸਗੋ ਏਅਰਪੋਰਟ 'ਤੇ ਤਿੰਨ ਸੂਟਕੇਸਾਂ ਵਿਚ ਭਰੀ ਹੋਈ ਤਕਰੀਬਨ 860,000 ਪੌਂਡ ਦੀ ਰਾਸ਼ੀ ਨਾਲ ਫੜੇ ਗਏ ਇੱਕ ਵਿਅਕਤੀ ਨੂੰ ਗਲਾਸਗੋ ਦੀ ਹਾਈ ਕੋਰਟ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਚੈੱਕ ਗਣਰਾਜ ਨਾਲ ਸੰਬੰਧਿਤ 42 ਸਾਲਾ



ਵਿਅਕਤੀ ਲੁਕਾਸ ਪੋਕੋਰਨੀ ਨੂੰ ਬਾਰਡਰ ਫੋਰਸ ਦੇ ਅਧਿਕਾਰੀਆਂ ਦੁਆਰਾ 8 ਨਵੰਬਰ 2020 ਨੂੰ ਉਸ ਸਮੇਂ ਗ੍ਰਿਫਤਾਰ ਕੀਤਾ, ਜਦੋਂ ਉਹ ਲੱਖਾਂ ਪੌਂਡ ਦੀ ਰਾਸ਼ੀ ਨਾਲ ਦੁਬਈ ਲਈ ਉਡਾਣ ਭਰਨ ਜਾ ਰਿਹਾ ਸੀ। ਅਧਿਕਾਰੀਆਂ ਨੇ ਉਸ ਦੇ ਕਬਜ਼ੇ ਵਿਚਲੇ ਤਿੰਨ ਸੂਟਕੇਸਾਂ ਦੀ ਤਲਾਸ਼ੀ ਲੈਣ ਉਪਰੰਤ ਕੁੱਲ 860,000 ਪੌਂਡ ਤੋਂ ਵੱਧ ਦੀ ਨਕਦੀ ਪ੍ਰਾਪਤ ਕੀਤੀ, ਜਿਸ ਸੰਬੰਧੀ ਪੋਕੋਰਨੀ ਕੋਈ ਯੋਗ ਦਸਤਾਵੇਜ਼ ਦੇਣ ਦੇ ਅਸਮਰੱਥ ਸੀ । ਇਸ ਮਾਮਲੇ ਵਿੱਚ ਸਕਾਟਲੈਂਡ ਪੁਲਿਸ ਅਤੇ ਨੈਸ਼ਨਲ ਕ੍ਰਾਈਮ ਏਜੰਸੀ (ਐਨ ਸੀ ਏ) ਨੇ ਯੂਨਾਈਟਿਡ ਕਿੰਗਡਮ ਤੋਂ ਦੁਬਈ ਵਿੱਚ ਨਕਦੀ ਦੀ ਤਸਕਰੀ ਸੰਬੰਧੀ ਖੁਫੀਆ ਜਾਂਚ ਦੇ ਇੱਕ ਹਿੱਸੇ ਵਜੋਂ ਗ੍ਰਿਫਤਾਰ ਤੋਂ ਬਾਅਦ ਲੁਕਾਸ ਪੋਕੋਰਨੀ 'ਤੇ ਮਨੀ ਲਾਂਡਰਿੰਗ ਦੇ ਦੋਸ਼ ਲਗਾਏ ਹਨ ਅਤੇ ਗਲਾਸਗੋ ਵਿੱਚ ਹਾਈ ਕੋਰਟ ਨੇ ਵੀ ਅਪਰਾਧ ਐਕਟ 2002 ਦੇ ਅਧੀਨ ਚੱਲ ਰਹੇ ਤਿੰਨ ਇਲਜਾਮਾਂ ਲਈ ਪੋਕੋਰਨੀ ਨੂੰ ਦੋਸ਼ੀ ਠਹਿਰਾਇਆ ਹੈ। ਇਸ ਮਾਮਲੇ ਦੇ ਸੰਬੰਧ ਵਿੱਚ ਐਨ ਸੀ ਏ ਦੇ ਖੇਤਰੀ ਮੁਖੀ ਗੈਰੀ ਮੈਕਲੀਨ ਅਨੁਸਾਰ ਵੱਡੀ ਗਿਣਤੀ ਵਿੱਚ ਜ਼ਬਤ ਕੀਤੀ ਗਈ ਇਹ ਰਾਸ਼ੀ ਪੁਲਿਸ ਦੀ ਵੱਡੀ ਸਫਲਤਾ ਸੀ, ਜਿਸ ਨਾਲ ਇਸ ਪੈਸੇ ਨੂੰ ਅਪਰਾਧਿਕ ਗਤੀਵਿਧੀਆਂ, ਹਿੰਸਾ ਆਦਿ ਵਿੱਚ ਲਗਾਏ ਜਾਣ ਤੋਂ ਰੋਕਿਆ ਗਿਆ ਹੈ।

# ਯੂਕੇ: ਅਦਾਲਤ ਦੁਆਰਾ ਇਲਾਜ ਰੋਕਣ ਦੇ ਫੈਸਲੇ ਦੇ ਬਾਅਦ ਹੋਈ ਬੱਚੀ ਦੀ ਮੌਤ

**ਗਲਾਸਗੋ/ਲੰਡਨ–** ਬ੍ਰਿਸਟਲ ਵਿੱਚ ਦਿਮਾਗੀ ਤੌਰ 'ਤੇ ਬਿਮਾਰ ਇੱਕ ਬੱਚੀ ਦੀ ਹਸਪਤਾਲ ਵਿੱਚ ਇਲਾਜ ਰੋਕਣ ਸੰਬੰਧੀ ਅਦਾਲਤੀ ਫੈਸਲੇ ਤੋਂ ਬਾਅਦ ਮੌਤ ਹੋ ਗਈ ਹੈ। ਇਸ ਮਾਮਲੇ ਵਿੱਚ ਇੱਕ ਗਰਭਵਤੀ ਔਰਤ ਡੈਨੀਅਲ ਜੋਨਸ ਦੀ ਬ੍ਰਿਸਟਲ ਸਥਿਤ ਉਸਦੇ ਮਾਪਿਆਂ ਦੇ ਘਰ ਕਿਸੇ ਕਾਰਨ ਮੌਤ ਹੋ ਗਈ ਸੀ ਅਤੇ ਇਸ ਛੋਟੀ ਬੱਚੀ ਡੈਨੀ ਦਾ ਜਨਮ ਅਪਰੇਸ਼ਨ ਦੁਆਰਾ 17 ਜਨਵਰੀ ਨੂੰ ਹਸਪਤਾਲ ਵਿੱਚ ਹੋਇਆ ਸੀ। ਪਰ ਇਹ ਬੱਚੀ ਜਨਮ ਤੋਂ ਹੀ ਗੰਭੀਰ ਦਿਮਾਗੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਸੀ ਅਤੇ ਡਾਕਟਰਾਂ ਅਨੁਸਾਰ ਡੈਨੀ ਦੀ ਦਿਮਾਗੀ ਹਾਲਤ ਠੀਕ ਨਾ ਹੋਣ ਕਰਕੇ ਉਸਦਾ ਇਲਾਜ ਕਰਨਾ ਸਾਰਥਿਕ ਨਹੀਂ ਸੀ। ਇਸ ਅਪੀਲ 'ਤੇ ਹਾਈ ਕੋਰਟ ਦੇ ਇੱਕ ਜੱਜ ਨੇ ਸ਼ੁੱਕਰਵਾਰ ਨੂੰ ਫੈਸਲਾ ਸੁਣਾਇਆ ਕਿ ਡਾਕਟਰ ਡੈਨੀ ਦਾ ਇਲਾਜ ਰੋਕ ਕੇ ਉਸ ਨੂੰ ਕਾਨੂੰਨੀ ਤੌਰ 'ਤੇ ਵੈਂਟੀਲੇਟਰ ਤੋਂ ਹਟਾ ਸਕਦੇ ਹਨ। ਇਸ ਦੇ ਬਾਅਦ ਮ੍ਰਿਤਕ ਮਹਿਲਾ ਜੋਨਸ ਦੇ ਪੁਰਸ਼ ਮਿੱਤਰ, 18 ਸਾਲਾ ਓਜ਼ੀ ਗੌਡਫਰੇ, ਜਿਸ ਨੂੰ ਡੈਨੀ ਦਾ ਬਾਇਓਲਾਜ਼ੀਕਲ ਪਿਤਾ ਮੰਨਿਆ ਜਾਂਦਾ ਹੈ, ਨੇ ਸੋਸ਼ਲ ਮੀਡੀਆ 'ਤੇ ਲੜਕੀ ਦੀ ਮੌਤ ਦੀ ਘੋਸ਼ਣਾ ਕੀਤੀ। ਹਾਈ ਕੋਰਟ ਨੇ ਸੁਣਵਾਈ ਵਿੱਚ ਦੱਸਿਆ ਗਿਆ ਸੀ ਕਿ ਮ੍ਰਿਤਕਾ ਜੋਨਸ ਨੇ ਆਪਣੇ ਗਰਭ–ਵਤੀ ਹੋਣ ਬਾਰੇ ਕਿਸੇ ਨੂੰ ਨਹੀਂ ਦੱਸਿਆ ਸੀ ਅਤੇ ਡੈਨੀ ਨੂੰ ਜਨਮ ਤੋਂ ਥੋੜੀ ਦੇਰ ਬਾਅਦ ਹੀ ਗੰਭੀਰ ਕੇਅਰ ਯੂਨਿਟ (ਆਈ ਸੀ ਯੂ) ਵਿੱਚ ਭੇਜ ਦਿੱਤਾ ਗਿਆ ਸੀ।




ਯੂਨੀਵਰਸਿਟੀ ਹਸਪਤਾਲ ਬ੍ਰਿਸਟਲ ਅਤੇ ਵੈਸਟਨ ਐਨ ਐਚ ਐਸ ਫਾਉਂਡੇਸ਼ਨ ਟਰੱਸਟ ਦੇ ਪ੍ਰਬੰਧਕਾਂ ਨੇ ਜੱਜ ਜਸਟਿਸ ਹੇਡਨ ਨੂੰ ਡੈਨੀ ਦੇ ਸਭ ਤੋਂ ਚੰਗੇ ਹਿੱਤਾਂ ਲਈ ਫੈਸਲਾ ਕਰਨ ਲਈ ਅਪੀਲ ਕੀਤੀ ਸੀ। ਟਰੱਸਟ ਅਧਿਕਾਰੀਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਅਨੁਸਾਰ ਡੈਨੀ ਦੇ ਪਿਤਾ ਮੰਨੇ ਜਾਂਦੇ ਗੌਡਫਰੇ ਦੀ ਅਸਲ ਵਿੱਚ ਉਸਦੇ ਪਿਤਾ ਹੋਣ ਦੀ ਪੁਸ਼ਟੀ ਕਰਨ ਵਾਲੇ ਟੈਸਟ ਅਜੇ ਸੰਭਵ ਨਹੀਂ ਸਨ, ਜਿਸ ਕਰਕੇ ਡੈਨੀ ਲਈ ਇਲਾਜ ਰੋਕਣ ਦੀ ਇਜਾਜ਼ਤ ਦੇਣ ਵਾਲਾ ਮਾਪਿਆਂ ਵੱਲੋਂ ਕੋਈ ਵਿਅਕਤੀ ਮੌਜੂਦ ਨਾ ਹੋਣ ਕਰਕੇ ਇੱਕ ਜੱਜ ਨੂੰ ਇਹ ਫੈਸਲਾ ਲੈਣਾ ਪਿਆ। ਇਸਦੇ ਇਲਾਵਾ ਇਸ ਮਾਮਲੇ ਵਿੱਚ ਮ੍ਰਿਤਕਾ ਜੋਨਸ ਦੀ ਮੌਤ ਸੰਬੰਧੀ ਜਾਂਚ ਹੋਣ ਦੀ ਉਮੀਦ ਹੈ।

ਹੁਸ਼ਿਆਰਪੁਰ/ ਸ਼ਾਮਚੁਰਾਸੀ ਖਬਰਨਾਮਾ / ਕੁਲਦੀਪ ਚੁੰਬਰ

# ਸ਼੍ਰੀ ਗੁਰੂ ਰਵਿਦਾਸ ਸਭਾ ਕਰਮੋਨਾ ਇਟਲੀ ਨੇ 600 ਯੂਰੋ ਬਸਪਾ ਨੂੰ ਕੀਤੇ ਭੇਟ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸ਼੍ਰੀ ਗੁਰੂ ਰਵਿਦਾਸ ਸਭਾ ਕਰਮੋਨਾ ਇਟਲੀ ਦੇ ਪ੍ਰਧਾਨ ਅਸ਼ਨੀ ਚੰਬਾ ਅਤੇ ਸਟੇਜ ਸਕੱਤਰ ਜਸਵਿੰਦਰ ਚੰਬਾ ਨੇ ਬਹੁਜਨ ਸਮਾਜ ਪਾਰਟੀ ਦੀ ਮਜ਼ਬੂਤੀ ਲਈ ਕਰਮੋਨਾ ਕਮੇਟੀ ਦੀ ਤਰਫੋਂ 600 ਯੂਰੋ ਇਕੱਠਾ ਕਰਕੇ ਸ਼੍ਰੀ ਸਰਬਜੀਤ ਵਿਰਕ ਨੂੰ ਭੇਟ ਕੀਤੇ ਗਏ। ਇਸ ਮੌਕੇ ਸ਼੍ਰੀ ਸਰਬਜੀਤ ਵਿਰਕ ਨੇ ਜਿੱਥੇ ਕਰਮੋਨਾ ਕਮੇਟੀ ਦਾ ਧੰਨਵਾਦ ਕੀਤਾ ਉੱਥੇ ਹੀ ਉਨ੍ਹਾਂ ਕਿਹਾ ਕਿ



ਜੇਕਰ ਮਿਸ਼ਨ ਦੇ ਪ੍ਰਚਾਰ ਅਤੇ ਚੜ੍ਹਦੀ ਕਲਾ ਲਈ ਇਸੇ ਤਰ੍ਹਾਂ ਆਪਾਂ ਰੱਲ ਕੇ ਹੰਭਲਾ ਮਾਰੀਏ ਤਾਂ ਕਾਮਯਾਬੀ ਦੀ ਮੰਜ਼ਿਲ ਜਰੂਰ ਸਰ ਕਰ ਲਵਾਂਗੇ। ਸਰਬਜੀਤ ਵਿਰਕ ਵਲੋਂ ਸ਼੍ਰੀ ਗੁਰੂ ਰਵਿਦਾਸ ਸਭਾ ਕਰਮੋਨਾ ਦੀ ਪੂਰੀ ਕਮੇਟੀ ਨੂੰ ਭਾਰਤ ਰਤਨ ਡਾ. ਬੀ ਆਰ ਅੰਬੇਡਕਰ ਵੈਲਫੇਅਰ ਐਸੋਸੀਏਸ਼ਨ ਰਜਿ. ਇਟਲੀ ਵਲੋਂ ਧੰਨਵਾਦ ਕਰਦਿਆਂ ਸੰਵਿਧਾਨ ਦੀਆਂ ਕਾਪੀਆਂ ਦੇ ਕੇ ਸਨਮਾਨ ਕੀਤਾ ਗਿਆ।

# ਨਗਰ ਕੌਂਸਲ ਸ਼ਾਮਚੁਰਾਸੀ ਦੀ ਚੋਣ ਦੰਗਲ ਵਿਚ ਕਾਂਗਰਸ ਦੇ 9 ਉਮੀਦਵਾਰ ਉਤਰੇ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸ਼ਾਮਚੁਰਾਸੀ ਹਲਕੇ ਦੇ ਵਿਧਾਇਕ ਪਵਨ ਕੁਮਾਰ ਆਦੀਆ ਵਲੋਂ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਨਗਰ ਕੌਂਸਲ ਸ਼ਾਮਚੁਰਾਸੀ ਦੀ ਚੋਣ ਦੰਗਲ ਵਿਚ ਆਪਣੇ 9 ਉਮੀਦਵਾਰ ਉਤਾਰੇ ਹਨ। ਜਿੰਨ੍ਹਾਂ ਦੀ ਕਿਸਮਤ ਦਾ ਫੈਸਲਾ ਵੋਟਰ 14 ਫਰਵਰੀ ਨੂੰ ਵੋਟ ਪਾ ਕੇ ਕਰ ਦੇਣਗੇ। ਵਾਰਡ ਨੰਬਰ 1 ਤੋਂ ਹਰਭਜਨ ਕੌਰ ਐਸ ਸੀ ਵੂਮੈਨ, ਵਾਰਡ ਨੰਬਰ 2 ਤੋਂ ਅਮਿਤ ਕੁਮਾਰ ਐਸ ਸੀ, ਵਾਰਡ ਨੰਬਰ 3 ਤੋਂ ਕੁਲਵਿੰਦਰ ਕੌਰ ਐਸ ਸੀ ਵੂਮੈਨ, ਵਾਰਡ ਨੰਬਰ 4 ਤੋਂ ਕੁਲਜੀਤ ਸਿੰਘ ਜਨਰਲ, ਵਾਰਡ ਨੰਬਰ 5 ਤੋਂ ਬਲਜਿੰਦਰ ਕੌਰ ਜਨਰਲ



ਵੂਮੈਨ, ਵਾਰਡ ਨੰਬਰ 6 ਤੋਂ ਬਲਵੀਰ ਸਿੰਘ ਬੀ ਸੀ, ਵਾਰਡ ਨੰਬਰ 7 ਤੋਂ ਜੀਵਨ ਜੋਤੀ ਜਨਰਲ ਵੂਮੈਨ, ਵਾਰਡ ਨੰਬਰ 8 ਤੋਂ ਨਿਰਮਲ ਕੁਮਾਰ ਐਸ ਸੀ, ਵਾਰਡ ਨੰਬਰ 9 ਤੋਂ ਗੁਰਜੀਤ ਐਸ ਸੀ ਆਪਣੀ ਆਪਣੀ ਕਿਸਮਤ ਅਜਮਾਉਣ ਲਈ ਦਿਨ ਰਾਤ ਵੋਟਰਾਂ ਵਿਚ ਆਪਣਾ ਚੋਣ ਪ੍ਰਚਾਰ ਕਰਕੇ ਉਨ੍ਹਾਂ ਦੀਆਂ ਵਾਰਡਾਂ ਵਿਚ ਅਧੂਰੇ ਵਿਕਾਸ ਕੰਮਾਂ ਨੂੰ ਮੁਕੰਮਲ ਕਰਵਾਉਣ ਦਾ ਵਾਅਦਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਸੂਚੀ ਵਿਚ ਵਾਰਡ ਨੰਬਰ 5, ਵਾਰਡ ਨੰਬਰ 4, ਵਾਰਡ ਨੰਬਰ 6, ਵਾਰਡ ਨੰਬਰ 8 ਦੇ ਉਮੀਦਵਾਰ ਸਾਬਕਾ ਐਮ ਸੀ ਹਨ।

# ਕਹਿੰਦੇ ਨੇ ਤਲਵਾਰ ਤੋਂ ਜਿਆਦਾ ਕਲਮ ਤਿੱਖੀ ਹੁੰਦੀ ਏ- ਰਕੇਸ਼ ਮੈਹਤੋਂ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਕਹਿੰਦੇ ਨੇ ਕਲਮ ਤਲਵਾਰ ਤੋਂ ਜਿਆਦਾ ਤਿੱਖੀ ਹੁੰਦੀ ਹੈ ਜਿਸ ਦਾ ਪਤਾ ਸਾਨੂੰ ਤਾਂ ਲੱਗਾ ਜਦੋ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਜੀ ਨੇ ਬੜੀ ਮਿਹਨਤ ਤੇ ਲਗਨ ਨਾਲ ਮਨੂੰ ਸਮ੍ਰਿਤੀ ਨੂੰ ਆਪਣੇ ਸਮਾਜ ਵਿਚੋਂ ਖਤਮ ਕਰਨ ਲਈ ਤੇ ਦੱਬੇ ਕੁਚਲੇ ਲੋਕਾਂ ਦੀ ਅਵਾਜ ਨੂੰ ਬੁਲੰਦ ਕਰਨ ਲਈ ਸੰਵਿਧਾਨ ਦਾ ਨਿਰਮਾਣ ਕੀਤਾ ਕੁਝ ਘਟੀਆ ਸੋਚ ਵਾਲਿਆਂ ਲਈ ਬੇਸ਼ੱਕ ਇੱਕ ਕਿਤਾਬ ਹੈ ਪਰ ਸਾਡੇ ਸਮਾਜ ਲਈ ਇਹ ਸਤਿਕਾਰਯੋਗ ਹੈ ਕਿਓਕਿ ਇਸ ਸੰਵਿਧਾਨ ਚ ਬਾਬਾ ਸਾਹਿਬ ਨੇ ਉਹ ਚੀਜਾਂ ਕਲਮ ਨਾਲ ਲਿਖ ਦਿਤੀਆਂ ਜਿਨਾਂ ਨੂੰ ਮਿਟਾਉਣ ਲਈ ਅੱਜ ਵੀ ਘਟੀਆਂ ਲਡਿਰ ਖੂਨ ਦੀ ਹੋਲੀ ਖੇਡਣ ਤੋਂ ਪਿਛਾਂਹ ਨਹੀ ਹੱਟ ਰਹੇ ਤੇ ਸਾਡੇ ਲਈ ਇੱਕ ਇਤਿਹਾਸ ਸਿਰਜ ਗਏ ਤੇ ਉਨਾਂ ਦੀ ਕਲਮ ਵਿਚੋਂ ਨਿਕਲੇ ਅੱਖਰਾਂ ਨੇ ਇਤਿਹਾਸ ਲਿਖ ਦਿਤਾ ਤੇ ਇਸ ਤੋਂ ਪਤਾ ਲੱਗਦਾ ਕਿ ਤਲਵਾਰ ਤੋਂ ਜਿਆਦਾ ਕਲਮ ਤਿੱਖੀ ਹੁੰਦੀ ਹੈ ਇਹ ਵਿਚਾਰ ਨਾਮਵਰ ਮਿਸ਼ਨਰੀ ਗੀਤਕਾਰ ਰਕੇਸ਼ ਮੈਹਤੋਂ ਯੂਕੇ ਨੇ ਫੋਨ ਤੇ ਵਿਸੇਸ਼ ਗੱਲਬਾਤ ਦੋਰਾਨ ਪ੍ਰਗਟਾਏ ਉਨਾ ਕਿਹਾ ਕਿ ਅੱਜ ਤੋਂ ਛੇ ਕੁ ਸਦੀਆਂ ਪਹਿਲਾਂ ਵੀ ਸਾਡੇ ਸਮਾਜ ਤੇ ਸਮੇਂ ਦੇ ਹਾਕਮਾਂ ਨੇ ਇੱਕ ਪਛੜੇ ਹੋਣ ਦਾ ਠੱਪਾ ਲਗਾਕੇ ਅਨੇਕਾਂ ਜੁਲਮ ਢਾਏ ਤੇ ਸਾਡਾ ਸਮਾਜ ਬੇਸ਼ੱਕ ਆਰਥਿਕ ਪੱਖੋਂ ਕਮਜੋਰ ਸੀ ਪਰ ਇੰਨਾਂ ਜੁਲਮ ਨਾ ਸਹਾਰ ਕੇ ਉਸ ਰੱਬ ਅੱਗੇ ਅਰਦਾਸ ਬੇਨਤੀ ਕੀਤੀ ਕਿਓਕਿ ਦੁਖੀ ਇਨਸਾਨ ਦੀ ਅਰਦਾਸ ਕਦੇ ਬੇਅਰਥੀ ਨਹੀਂ ਜਾਂਦੀ ਤੇ ਇਨਾਂ ਜੁਲਮਾਂ ਨੂੰ ਜੜੋਂ ਖਤਮ ਕਰਨ ਲਈ ਉਸ ਅਕਾਲ ਪੁਰਖ ਅੱਗੇ ਕੀਤੀਆਂ ਫਰਿਆਦਾਂ ਨੂੰ ਬੂਰ ਪਿਆ ਤੇ ਇਕ ਇਨਸਾਨੀ ਰੂਪ ਚ ਰੱਬੀ ਜੋਤ ਪ੍ਰਗਟ ਹੋਈ ਸੀ ਜਿਸ ਨਾਮ ਰਵਿਦਾਸ ਸੀ ਤੇ ਸਾਡੇ ਲਈ ਹੀ ਉਹ ਚਾਨਣ ਮੁਨਾਰਾ ਹਨ।

ਗੁਰੂ ਰਵਿਦਾਸ ਜੀ ਨੇ ਸਮੁੱਚੀ ਮਾਨਵਤਾ ਨੂੰ ਚੰਗੇ ਪਾਸੇ ਲਗਾਉਣ ਲਈ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਤਾਂ ਜੋ ਆਪਣੇ ਸਮਾਜ ਦੇ ਲੋਕ ਜੋ ਵਹਿਮਾਂ ਭਰਮਾਂ ਚ ਪੈਣ ਕਾਰਨ ਕੁਰਾਹੇ ਪੈ ਗਏ ਸਨ ਉਨਾਂ ਨੂੰ ਸਿੱਧੇ ਰਾਹੇ ਪਾਉਣ ਲਈ ਸਮੇਂ ਦੀਆਂ ਸਰਕਾਰਾਂ ਨਾਲ ਸ਼ੰਘਰਸ਼ ਕਰਕੇ ਸਮਾਜ ਦੇ ਲੋਕਾਂ ਨੂੰ ਜਾਗਰੁਕ ਕਰਨ ਸਾਰਾ ਜੀਵਨ ਲਗਾ ਦਿਤਾ ਤੇ ਅੱਜ ਉਨਾਂ ਰਹਿਬਰਾਂ ਦੀ ਬਦੋਲਤ ਹੀ ਕਲਮ ਸਾਡੇ ਹੱਥ ਆਈ ਹੈ ਜਿਸ ਕਲਮ ਵਿਚੋ ਅਨੇਕਾਂ ਮਿਸ਼ਨਰੀ ਗੀਤ ਨਿਕਲੇ ਜਿਨਾਂ ਚ ਮਸੀਹਾ, ਫੈਨ, ਬੇਗਮਪੁਰਾ ਐਕਸਪ੍ਰੈਸ, ਨੀਲਾ ਝੰਡਾ, ਤੇ ਜਿਨਾਂ ਗੀਤਾਂ ਨਾਲ ਪਹਿਚਾਣ ਬਣੀ ਉਨਾ ਚ ਪੱਕੇ ਹਾਥੀ ਵਾਲੇ, ਰਾਜਨੀਤੀ, ਤਰੱਕੀਆਂ, ਤੇ ਹੋਰ ਵੱਖ ਵੱਖ ਕਲਾਕਾਰਾਂ ਦੀ ਅਵਾਜ ਚ ਸਤਿਗੁਰਾਂ ਦੀ ਮਹਿਮਾ ਵਾਲੇ ਧਾਰਮਿਕ ਗੀਤ ਜਲਦ ਪ੍ਰਕਾਸ਼ ਦਿਹਾੜੇ ਤੇ ਸਨਮੁੱਖ ਕਰਾਂਗਾ ਤੇ ਉਨਾਂ ਮਹਾਨ ਰਹਿਬਰਾਂ ਦੇ ਮਿਸਨ ਨੂੰ ਹਮੇਸ਼ਾਂ ਕਲਮ ਨਾਲ ਬੁਲੰਦ ਕਰਦਾ ਰਹਾਂਗਾ।

# ਸੰਤੋਖ ਸਿੰਘ ਜੱਸੀ ਵੱਲੋਂ ਜ਼ਿਲਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਲਾਇਬ੍ਰੇਰੀ ਲਈ ਕਿਤਾਬਾਂ ਭੇਟ

**ਨਵਾਂਸ਼ਹਿਰ–** ਲੇਖਕ, ਪੱਤਰਕਾਰ ਅਤੇ ਪੰਜਾਬ ਤੇ ਜ਼ਿਲਾ ਪ੍ਰਸ਼ਾਸਨ ਤੋਂ ਸਨਮਾਨਿਤ ਸਰਪੰਚ ਸੰਤੋਖ ਸਿੰਘ ਜੱਸੀ ਵੱਲੋਂ ਆਪਣੀ ਪਲੇਠੀ ਪੁਸਤਕ 'ਬਾਬਾ ਸਾਹਿਬ ਡਾ. ਅੰਬੇਡਕਰ ਯੂ. ਐਨ. ਓ ਤੱਕ' ਦੀਆਂ 21 ਕਾਪੀਆਂ ਜ਼ਿਲਾ ਪ੍ਰਬੰਧਕੀ ਕੰਪਲੈਕਸ ਸਥਿਤ ਜ਼ਿਲਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ ਗਈਆਂ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸ਼ੇਨਾ ਅਗਰਵਾਲ ਨੇ ਉਨਾਂ ਵੱਲੋਂ ਕੀਤੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉੱਦਮੀ ਤੇ ਹਿੰਮਤੀ ਨੌਜਵਾਨ ਕਿਸੇ ਸਮਾਜ ਦੀ ਰੀੜ ਦੀ ਹੱਡੀ ਹੁੰਦੇ ਹਨ। ਉਨਾਂ ਕਿਹਾ ਕਿ ਲਿਖਣਾ ਵੀ ਇਕ ਕਲਾ ਹੈ ਅਤੇ ਸਾਡੀ ਲੇਖਣੀ ਮਨੁੱਖਤਾ ਪੱਖੀ ਹੋਣੀ ਚਾਹੀਦੀ ਹੈ। ਇਸ ਮੌਕੇ ਲੇਖਕ ਸੰਤੋਖ ਸਿੰਘ ਜੱਸੀ ਨੇ ਕਿਹਾ ਕਿ 14 ਅਪ੍ਰੈਲ ਤੱਕ 500 ਹੋਰ ਕਿਤਾਬਾਂ ਲਾਇਬ੍ਰੇਰੀਆਂ, ਸਕੂਲਾਂ ਅਤੇ ਕਾਲਜਾਂ ਨੂੰ ਭੇਟ ਕੀਤੀਆਂ ਜਾਣਗੀਆਂ, ਤਾਂ ਜੋ ਨੌਜਵਾਨ ਵਿਦਿਆਰਥੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਤੇ ਫਲਸਫ਼ੇ ਤੋਂ ਸੇਧ ਲੈ ਸਕਣ। ਇਸ ਮੌਕੇ ਜ਼ਿਲਾ ਰੋਜ਼ਗਾਰ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਰੁਪਿੰਦਰ ਕੌਰ, ਹੁਨਰ ਵਿਕਾਸ ਮਿਸ਼ਨ ਤੋਂ ਰਾਜ ਕੁਮਾਰ ਅਤੇ ਡੀ. ਬੀ. ਈ. ਈ ਦਾ ਸਟਾਫ ਹਾਜ਼ਰ ਸੀ।





# ਗਾਇਕ ਗੁਰਬਖਸ਼ ਸ਼ੌਂਕੀ ਨੇ 'ਸਰਦਾਰ' ਟਰੈਕ ਨਾਲ ਦਿੱਤੀ ਦਸਤਕ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸੁਰੀਲੀ ਸੁਰ ਦੇ ਖੂਬਸੂਰਤ ਸਿਰਨਾਵੇਂ ਦਾ ਨਾਮ ਗਾਇਕ ਗੁਰਬਖਸ਼ ਸ਼ੌਂਕੀ ਆਏ ਦਿਨ ਆਪਣੇ ਨਵੇਂ ਨਵੇਂ ਟਰੈਕ ਲਾਂਚ ਕਰਕੇ ਸਰੋਤਿਆਂ ਦੀ ਪ੍ਰਵਾਨਗੀ ਦਾ ਸਤਿਕਾਰ ਖੱਟ ਰਿਹਾ ਹੈ। ਹਾਲ ਹੀ ਵਿਚ ਉਸ ਦਾ ਇਕ ਟਰੈਕ ਸਾਹਿਬੇ ਕਮਾਲ ਸਰਬੰਸਦਾਨੀ ਦਸਮ ਪਿਤਾ ਧੰਨ-ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਦਿਆਂ 'ਸਰਦਾਰ' ਟਾਇਟਲ ਹੇਠ ਰਿਲੀਜ਼ ਕੀਤਾ ਗਿਆ। ਜਿਸ ਦੇ ਪੂਰੇ ਬੋਲ 'ਸਰਦਾਰ ਤਾਂ ਤੂ ਹੀ ਹੈ'। ਇਸ ਟਰੈਕ ਨੂੰ ਕੇ ਵੀ ਮਿਊਜਿਕ ਕੰਪਨੀ ਅਤੇ ਦਵਿੰਦਰ ਖੰਨਾ ਨੇ ਪੇਸ਼ ਕੀਤਾ ਹੈ। ਮਿਊਜਿਕ ਰੋਮੀ ਸਿੰਘ ਦਾ ਹੈ ਅਤੇ ਗੀਤਕਾਰ ਜੈਲੀ ਮਨਜੀਤਪੁਰੀ ਹਨ, ਵੀਡੀਓ ਬੌਬੀ ਬਾਜਵਾ ਨੇ ਸ਼ਾਨਦਾਰ ਢੰਗ ਨਾਲ ਬਣਾਇਆ ਅਤੇ ਇਸ ਦੇ ਡਾਇਰੈਕਟਰ ਕੁਲਵਿੰਦਰ ਬਿੱਟੀ ਹਨ।




# ਸ਼ਾਮਚੁਰਾਸੀ 'ਚ ਆਮ ਆਦਮੀ ਪਾਰਟੀ ਦੇ 6 ਉਮੀਦਵਾਰ ਲੜਨਗੇ ਚੋਣ



**ਹੁਸ਼ਿਆਰਪੁਰ/ਸ਼ਾਮਚੁਰਾਸੀ–** ਨਗਰ ਕੌਂਸਲ ਸ਼ਾਮਚੁਰਾਸੀ ਵਲੋਂ ਹੋ ਰਹੀ ਚੋਣ ਵਿਚ ਆਮ ਆਦਮੀ ਪਾਰਟੀ ਵਲੋਂ ਵੀ ਆਪਣੇ 6 ਉਮੀਦਵਾਰ ਵੱਖ-ਵੱਖ ਵਾਰਡਾਂ ਤੋਂ ਨਾਮਜਦ ਕੀਤੇ ਗਏ ਹਨ। ਜਿੰਨ੍ਹਾਂ ਦਾ ਚੋਣ ਪ੍ਰਚਾਰ ਸਿਖਰਾਂ ਛੂਹ ਰਿਹਾ ਹੈ। ਸ਼ਾਮਚੁਰਾਸੀ ਵਿਚ ਉਂਝ ਕੁਲ 9 ਵਾਰਡ ਹਨ। ਜਿੰਨ੍ਹਾਂ ਵਿਚੋਂ ਆਮ ਆਦਮੀ ਪਾਰਟੀ ਦੇ 6 ਉਮੀਦਵਾਰ ਚੋਣ ਨਿਸ਼ਾਨ ਝਾੜੂ ਤੇ ਆਪਣੀ ਕਿਸਮਤ ਅਜਮਾ ਰਹੇ ਹਨ। ਵਾਰਡ ਨੰਬਰ 1 ਤੋਂ ਬਲਵਿੰਦਰ ਕੌਰ, ਵਾਰਡ ਨੰਬਰ 2 ਤੋਂ ਜਮਨਾ ਦੇਵੀ, ਵਾਰਡ ਨੰਬਰ 4 ਤੋਂ ਜਗਦੀਸ਼ ਖੋਸਲਾ, ਵਾਰਡ ਨੰਬਰ 5 ਤੋਂ ਕਿਰਨ ਬਾਲਾ, ਵਾਰਡ ਨੰਬਰ 6 ਤੋਂ ਸੁਰਿੰਦਰ ਕੁਮਾਰ ਅਤੇ ਵਾਰਡ ਨੰਬਰ 7 ਤੋਂ ਕਿਰਨ ਕੁਮਾਰੀ ਉਮੀਦਵਾਰ ਹਨ। ਜ਼ਿਕਰਯੋਗ ਹੈ ਵਾਰਡ ਨੰਬਰ 6 ਤੋਂ ਉਮੀਦਵਾਰ ਸੁਰਿੰਦਰ ਕੁਮਾਰ ਸ਼ਿੰਦਾ ਨਗਰ ਕੌਂਸਲ ਸ਼ਾਮਚੁਰਾਸੀ ਦੇ ਸਾਬਕਾ ਪ੍ਰਧਾਨ ਹਨ, ਜੋ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ, ਪਰ ਟਿਕਟ ਨਾ ਮਿਲਣ ਕਾਰਨ ਆਪਣਾ ਟਰੈਕ ਚੈਂਜ ਕਰ ਲਿਆ। ਜਗਦੀਸ਼ ਖੋਸਲਾ ਵੀ ਕਾਂਗਰਸ ਪਾਰਟੀ ਦੇ ਸਰਗਰਮ ਆਗੂ ਰਹੇ, ਪਰ ਉਨ੍ਹਾਂ ਨੇ ਵੀ ਆਮ ਆਦਮੀ ਪਾਰਟੀ ਦਾ ਪੱਲਾ ਫੜ ਕੇ ਕਾਂਗਰਸ ਪ੍ਰਤੀ ਆਪਣੀ ਨਰਾਜਗੀ ਜਾਹਰ ਕੀਤੀ। ਬਾਕੀ ਵਾਰਡਾਂ 3, 8 ਅਤੇ 9 ਵਿਚ ਪਾਰਟੀ ਨੇ ਉਮੀਦਵਾਰ ਨਹੀਂ ਉਤਾਰੇ।

# ਹਸ਼ਮਤ ਸੁਲਤਾਨਾਂ ਸਿਸਟਰਜ਼ ਨੇ 'ਕਿਸਾਨ ਅੰਦੋਲਨ' ਟਰੈਕ ਨਾਲ ਲਗਵਾਈ ਹਾਜ਼ਰੀ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸੁਰਖਾਬ ਰਿਕਾਰਡਸ ਦੀ ਪੇਸ਼ਕਸ਼ 'ਕਿਸਾਨ ਅੰਦੋਲਨ' ਟਰੈਕ ਲੈ ਕੇ ਹਾਜ਼ਰ ਹੋਈਆਂ ਹਨ, ਹਸ਼ਮਤ ਸੁਲਤਾਨਾਂ ਸਿਸਟਰਜ਼। ਧਰਮਾ ਜਿਊਂਦਾ ਵਾਲਾ ਦੇ ਲਿਖੇ ਇਸ ਗੀਤ ਦਾ ਸੰਗੀਤ ਭਾਈ ਮੰਨਾ ਸਿੰਘ ਨੇ ਦਿੱਤਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸੁਰਖਾਬ ਰਿਕਾਰਡਸ ਦੇ ਗੁਰਮਿੰਦਰ ਕੈਂਡੋਵਾਲ ਅਤੇ ਹਨੀ ਬਰਾੜ ਨੇ ਦੱਸਿਆ ਕਿ ਯੂ ਟਿਊਬ ਚੈਨਲ ਤੇ ਇਸ ਟਰੈਕ ਨੂੰ 28 ਜਨਵਰੀ ਨੂੰ ਰਿਲੀਜ਼ ਕਰ ਦਿੱਤਾ ਗਿਆ। ਇਸ ਟਰੈਕ ਰਾਹੀਂ ਕਿਸਾਨ ਸੰਘਰਸ਼ ਨੂੰ ਸ਼ਾਂਤਮਈ ਤਰੀਕੇ ਨਾਲ ਫਤਿਹ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ।



# ਬਹੁ-ਕੌਮੀ ਕਿਸਾਨ ਸੰਘਰਸ਼ ਅਤੇ ਨਵੇਂ ਭਾਰਤ ਦਾ ਨਿਰਮਾਣ

ਦੋ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਵਿਰੋਧ ਪ੍ਰਦਰਸ਼ਨ ਕਰਦੇ ਹੋਏ ਕਿਸਾਨਾਂ ਨੂੰ ਸਰਕਾਰ ਵਲੋਂ ਹਿੰਸਕ, ਵੱਖਵਾਦੀ ਅਤੇ ਸਮਾਜ ਵਿਰੋਧੀ ਬਣਾਉਣ ਦੇ ਬਾਵਜੂਦ, ਕਿਸਾਨ ਸੰਘਰਸ਼ ਸ਼ਾਂਤਮਈ ਬਣਿਆ ਰਿਹਾ ਹੈ। ਭਾਜਪਾ ਸਰਕਾਰ, ਆਰਐਸਐਸ ਅਤੇ ਸਹਿਯੋਗੀ ਭੜਕਾਊ ਏਜੰਟ-ਨੈਟਵਰਕਾਂ ਨੂੰ ਕਿਸਾਨਾਂ ਦੇ ਅੰਦੋਲਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦਰਅਸਲ, ਕਿਸਾਨ ਅੰਦੋਲਨ ਨੇ ਹੋਰ ਤਾਕਤ, ਵਿਚਾਰਧਾਰਕ ਸਪਸ਼ਟਤਾ, ਅਤੇ ਕਾਰਜਨੀਤਿਕ ਸੁਵਿਧਾ ਹਾਸਲ ਕੀਤੀ ਹੈ। ਹਾਲ ਹੀ ਵਿੱਚ ਹੋਈਆਂ ਕਿਸਾਨਾਂ ਦੀਆਂ ਮੰਗਾਂ ਦੇ ਵਿਸ਼ਵੀਕਰਨ ਨੇ ਭਾਜਪਾ ਸਰਕਾਰ ਦੇ ਦਵਾਲੀਏਪਣ ਦਾ ਮੁਜਾਹਰਾ ਕੀਤਾ ਹੈ । ਕਿਸਾਨਾਂ ਨੂੰ ਹਿੰਸਕ ਅਤੇ ਦੇਸ਼ ਵਿਰੋਧੀ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਨੇ ਹਿੰਦੂਤਵਾ ਦੇ ਸੌੜੇ ਪੱਖ ਨੂੰ ਵਧੇਰੇ ਉਜਾਗਰ ਕੀਤਾ ਹੈ।

ਸ਼ੁਰੂ ਤੋਂ ਹੀ, ਭਾਜਪਾ ਦੇ ਭੜਕਾਊ ਏਜੰਟ ਬਹੁਤ ਸਾਰੇ ਕਿਸਾਨਾਂ ਵਿੱਚ ਘੁਸਪੈਠ ਕਰ ਗਏ ਸਨ। ਉਨ੍ਹਾਂ ਨੇ ਕਿਸਾਨਾਂ ਦੇ ਕੈਂਪਾਂ ਦਾ ਸਰਵੇਖਣ ਕੀਤਾ ਤਾਂ ਜੋ ਸ਼ਾਂਤਮਈ ਅੰਦੋਲਨ ਨੂੰ ਅਸਥਿਰ ਕਰਨ ਲਈ ਤੌਰ ਤਰੀਕੇ ਘੜੇ ਜਾ ਸਕਣ। ਉਨ੍ਹਾਂ ਦਾ ਸਿਧਾਂਤ ਲੋਕਪ੍ਰਿਯ ਸਮਰਥਨ ਦੀ ਜੜ੍ਹ 'ਤੇ ਹਮਲਾ ਕਰਨਾ ਸੀ ਜਿਸ ਨੇ ਬਿਨਾਂ ਕਿਸੇ ਰੁਕਾਵਟ ਦੇ ਕਿਸਾਨ ਲਹਿਰ ਨੂੰ ਚਲਦਾ ਰੱਖਿਆ। ਸਿੱਖ ਸੰਸਥਾਵਾਂ ਦੀ ਨਿਸ਼ਕਾਮ ਸੇਵਾ ਹੀ ਸੀ ਜੋ ਕਿ ਭਿਆਨਕ ਠੰਡ, ਬਾਰਸ਼, ਭੁੱਖ ਅਤੇ ਅਸਹਿਯੋਗ ਦੇ ਵਿਰੁੱਧ ਲੜਨ ਲਈ ਬਹੁਤ ਸਾਰੇ ਸਰੋਤ ਪ੍ਰਦਾਨ ਕਰ ਰਹੀ ਸੀ। ਭੜਕਾਉਣ ਵਾਲਿਆਂ ਦਾ ਟੀਚਾ ਇਕ ਪਾਸੇ ਸਿੱਖਾਂ ਦੀ ਹਮਾਇਤ ਕੱਟਣਾ ਸੀ, ਅਤੇ ਦੂਜੇ ਪਾਸੇ ਸਿੱਖਾਂ ਵਿਚ ਭੰਬਲਭੂਸਾ ਅਤੇ ਡਰ ਪੈਦਾ ਕਰਨਾ ਸੀ। ਉਨ੍ਹਾਂ ਦਾ ਆਖਰੀ ਨਿਸ਼ਾਨਾ ਖੇਤ ਆਗੂ ਸਨ ਜਿਨ੍ਹਾਂ ਨੂੰ ਖਾਲਿਸਤਾਨੀ, ਖੱਬੇਪੱਖੀ, ਨਕਸਲਵਾਦੀ ਹੋਣ ਦਾ ਦੋਸ਼ ਲਾਇਆ ਗਿਆ ਸੀ। ਖੱਬੇ ਪੱਖੀ ਅਤੇ ਖਾਲਿਸਤਾਨੀਆਂ ਵਿਚਕਾਰ ਪਿਛਲੀ ਦੁਸ਼ਮਣੀ ਨੂੰ ਮੁੜ ਨਾਟਕੀ ਢੰਗ ਨਾਲ ਪੇਸ਼ ਕਰਨਾ ਸੀ, ਅਤੇ ਇਸ ਤਰ੍ਹਾਂ ਤਿੰਨ ਵਿਵਾਦਪੂਰਨ ਖੇਤੀਬਾੜੀ ਕਾਨੂੰਨਾਂ ਤੋਂ ਧਿਆਨ ਭੰਗ ਕਰਕੇ ਕਲਪਨਾਤਮਕ ਟਕਰਾਅ ਵੱਲ ਮੋੜਨਾ ਸੀ।

ਟਕਰਾਅ ਨੂੰ ਵਧਾਉਣ ਵਿਚ ਭੜਕਾਊ ਏਜੰਟਾਂ ਦੀ ਯੋਗਤਾ ਬਾਰੇ ਆਸਾਨੀ ਨਾਲ ਕਲਪਨਾ ਕਰਨਾ ਔਖਾ ਹੈ। ਉਨ੍ਹਾਂ ਦੀ ਲੋਕ-ਪ੍ਰਿਯਤਾ, ਧਾਰਮਿਕ ਮੰਚਾਂ, ਰਾਜਨੀਤਿਕ ਨੈਟਵਰਕਾਂ ਅਤੇ ਅੰਤਰਰਾਸ਼ਟਰੀ ਪਿੜਾਂ ਵਿੱਚ ਕੰਮ ਕਰਦੀ ਹੈ। ਇਸ ਲਈ ਭੜਕਾਊ ਏਜੰਟ ਇਤਿਹਾਸ, ਸਾਹਿਤ, ਕਨੂੰਨ, ਮਨੁੱਖੀ ਅਧਿਕਾਰਾਂ ਬਾਰੇ ਬਹੁਤ ਜਾਣੂ ਹੁੰਦੇ ਹਨ ਅਤੇ ਇਹ ਉਨ੍ਹਾਂ ਨੂੰ ਕਿਸੇ ਵੀ ਲਹਿਰ ਦੇ ਸੱਚੇ ਨੇਤਾਵਾਂ ਬਾਰੇ ਵਿਵਾਦ ਪੈਦਾ ਕਰਨ ਲਈ ਸਹਾਈ ਹੁੰਦਾ ਹੈ। ਭੜਕਾਊ ਏਜੰਟਾਂ ਦੀ ਕਾਰਜ ਪ੍ਰਣਾਲੀ ਤਹਿਤ ਦੋਵਾਂ ਕੈਂਪਾਂ ਵਿਚ ਵੰਡ-ਪਾਊ ਅਸਲਾ ਮੁਹੱਈਆ ਕਰਵਾਉਣਾ ਅਤੇ ਇਸ ਤਰ੍ਹਾਂ ਹਿੰਸਾ ਪੈਦਾ ਕਰਨਾ ਹੁੰਦਾ ਹੈ ਜੋ ਕਿ ਸਰਕਾਰ ਨੂੰ ਦਹਿਸ਼ਤੀ ਮਹੌਲ ਪੈਦਾ ਕਰਨ ਦੇ ਯੋਗ ਬਣਾਉਂਦਾ ਹੈ।



ਡਾ: ਅਮਰੀਕ ਸਿੰਘ

ਭਾਰਤ ਸਰਕਾਰ ਵੱਲੋਂ ਕਿਸਾਨਾਂ ਨੇਤਾਵਾਂ ਨਾਲ ਗੱਲਬਾਤ ਦੇ 12 ਦੌਰ ਸਿਰਫ ਇਕ ਚਾਲ ਹੀ ਸਨ, ਜੋ ਸਮੇਂ ਦੀ ਖਰੀਦ ਕਰਨ ਦੀ ਰਣਨੀਤੀ ਸੀ ਤਾਂ ਜੋ ਭੜਕਾਊ ਏਜੰਟ ਆਪਣੇ ਮਾਲਕਾਂ ਲਈ ਠੋਸ ਨਤੀਜੇ ਦੇ ਸਕਣ। ਕਿਹ ਜਾਂਦਾ ਹੈ ਕਿ ਉਨ੍ਹਾਂ ਨੇ 25 ਜਨਵਰੀ ਦੀ ਰਾਤ ਨੂੰ ਆਪਣਾ ਨਿਸ਼ਾਨਾ ਹਾਸਲ ਕਰ ਲਿਆ ਸੀ ਜਦੋਂ ਉਨ੍ਹਾਂ ਨੇ ਸਿੰਘੂ ਸਰਹੱਦ 'ਤੇ ਸਟੇਜ' ਤੇ ਕਬਜ਼ਾ ਕਰ ਲਿਆ ਸੀ। ਇਹ ਪੜਾਅ ਕਿਸਾਨਾਂ ਦੀ ਸੰਯੁਕਤ ਲੀਡਰਸ਼ਿਪ ਨੂੰ ਭਰਮਾਉਣ ਅਤੇ ਪੂਰੀ ਲਹਿਰ ਨੂੰ ਹਿੰਸਾ ਦੇ ਰਾਹ ਵੱਲ ਲਿਜਾਣ ਲਈ ਤੈਅ ਕੀਤਾ ਗਿਆ ਸੀ। ਕਿਸਾਨ ਲੀਡਰਾਂ ਨਾਲ ਗੱਲਬਾਤ ਬੰਦ ਕਰਨ ਤੋਂ ਪਹਿਲਾਂ, ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਆਪਣੇ ਸਟੈਂਡ ਵਿਚ ਕਠੋਰਤਾ ਦਾ ਸੰਕੇਤ ਦਿਤਾ ਜਿਵੇਂ ਉਹ ਆਪਣੇ ਏਜੰਟਾਂ ਦੇ ਕੰਮ ਨਾਲ ਪ੍ਰਸੰਨ ਸਨ।

ਏਜੰਟਾਂ ਦੀ ਗੁਪਤ ਕੋਸਿਸ਼ ਤੋਂ ਇਲਾਵਾ, ਬੀਜੇਪੀ ਸਰਕਾਰ ਨੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਬੇਹੱਦ ਠੰਡੇ ਮੌਸਮ ਅਤੇ ਅਪਵਿੱਤਰ ਹਾਲਤਾਂ ਦਾ ਸਾਹਮਣਾ ਕਰ ਰਹੇ ਕਿਸਾਨਾਂ ਨੂੰ ਡਰਾਉਣ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ), ਦਿੱਲੀ ਪੁਲਿਸ ਅਤੇ ਆਮਦਨ ਕਰ ਵਿਭਾਗ 'ਤੇ ਜ਼ੋਰ ਦਿੱਤਾ। ਜਦੋਂ ਸ੍ਰੀ ਤੋਮਰ ਨੇ ਉਨ੍ਹਾਂ ਨੂੰ ਵਿਵਾਦਪੂਰਨ ਕਾਨੂੰਨਾਂ ਨੂੰ ਦੋ ਸਾਲਾਂ ਲਈ ਮੁਅੱਤਲ ਕਰਨ ਦੀ ਪੇਸ਼ਕਸ਼ ਕੀਤੀ, ਤਾਂ ਕਿਸਾਨਾਂ ਨੂੰ ਕੁਚਲਣ ਦਾ ਸ਼ਾਜਿਸ਼ ਸਿਖਰ ਤੇ ਪਹੁੰਚ ਗਈ ਸੀ।

ਇਹ ਦੋਸ਼ ਲਾਇਆ ਜਾਂਦਾ ਹੈ ਕਿ ਦੀਪ ਸਿੱਧੂ ਅਤੇ ਉਸਦੇ ਕਈ ਹੋਰ ਸਾਥੀਆਂ ਨੇ ਭਾਜਪਾ ਸਰਕਾਰ ਨੂੰ ਅੰਦੋਲਨ ਦੇ ਮੁਜ਼ਾਹਰਾਕਾਰੀਆਂ ਖਿਲਾਫ ਸ਼ਕਿੰਜਾ ਕੱਸਣ ਲਈ ਪ੍ਰੇਰਿਤ ਕਰਨ ਲਈ ਕੰਮ ਕੀਤਾ। ਉਨ੍ਹਾਂ ਨੇ ਹਿੰਸਕ ਸਿੱਖ ਰਾਸ਼ਟਰਵਾਦ ਦੇ ਏਜੰਟ ਵਜੋਂ ਕੰਮ ਕੀਤਾ ਤਾਂ ਜੋ ਰਾਕੇਸ਼ ਟਕੈਤ ਵਰਗੇ ਨੇਤਾਵਾਂ ਨੂੰ ਮੁੱਖ ਤੌਰ 'ਤੇ ਉਤਰਾ ਖੰਡ, ਯੂ ਪੀ, ਰਾਜਸਥਾਨ ਅਤੇ ਹਰਿਆਣਾ ਦੇ ਹਿੰਦੂ ਆਕਰਸ਼ਤ ਕਰਨ ਲਈ ਠੱਲ੍ਹ ਪਾਈ ਜਾ ਸਕੇ। ਕੁਝ ਕਿਸਾਨਾਂ ਦੇ ਅਨੁਸਾਰ ਦੀਪ ਸਿੱਧੂ ਅਤੇ ਉਸਦੇ ਸਾਥੀਆਂ ਨੇ ਲਾਲ ਕਿਲ੍ਹੇ ਤਕ ਪਹੁੰਚ ਕਰਨ ਲਈ ਅਮਿਤ ਸ਼ਾਹ ਦੀ ਟੀਮ ਨਾਲ ਸਿੱਧਾ ਤਾਲਮੇਲ ਕੀਤਾ। ਕੀ ਪੰਜਾਬ ਦੇ ਭਾਜਪਾ ਨੇਤਾਵਾਂ ਹਰਜੀਤ ਗਰੇਵਾਲ ਅਤੇ ਸੁਰਜੀਤ ਜਿਆਣੀ ਨੇ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਉਣ ਤੋਂ ਬਾਅਦ ਸਿੱਧੂ ਨੂੰ ਘਟਨਾ ਸਥਾਨ ਤੋਂ ਬਚਣ ਲਈ ਕਵਰ ਪ੍ਰਦਾਨ ਕੀਤੇ ਸਨ? ਸੱਚਾਈ ਕਦੇ ਸਾਹਮਣੇ ਨਹੀਂ ਆਵੇਗੀ। ਪਰ ਇਸ ਗੱਲ ਦੇ ਬਹੁਤ ਸਾਰੇ ਸਬੂਤ ਹਨ ਕਿ ਦੀਪ ਸਿੱਧੂ ਅਤੇ ਉਸਦੇ ਸਾਥੀਆਂ ਦੁਆਰਾ ਲਾਲ ਕਿਲ੍ਹੇ ਦੇ ਟਰਿੱਗਰ ਨੂੰ ਦਬਾਉਣ ਤੋਂ ਬਾਅਦ ਪੁਲਿਸ ਅਤੇ ਭਾਜਪਾ ਵਰਕਰਾਂ ਨੇ ਅਚਾਨਕ ਕਿਸਾਨਾਂ 'ਤੇ ਕਾਬੂ ਪਾਉਣ ਲਈ ਹਮਲੇ ਦੀ ਤਿਆਰੀ ਪਹਿਲਾਂ ਹੀ ਕੀਤੀ ਹੋਈ ਸੀ।

ਕੁਝ ਭਾਜਪਾ ਚੁਣੇ ਗਏ ਨੇਤਾਵਾਂ ਦੀ ਨਿਗਰਾਨੀ ਹੇਠ ਗਾਜੀ ਬਾਰਡਰ 'ਤੇ ਭਾਰੀ ਤਾਇਨਾਤੀ ਹਿੰਸਕ ਕਾਰਵਾਈ ਲਈ ਸਭ ਕੁਝ ਤਿਆਰ ਸੀ। ਜੇ ਕਿਸਾਨ ਨੇਤਾ ਟਕੈਤ ਨੇ ਪ੍ਰਦਰਸ਼ਨਕਾਰੀਆਂ ਖਿਲਾਫ ਇਕ ਗੰਭੀਰ ਸਾਜਿਸ਼ ਨੂੰ ਨਾ ਫੜਿਆ ਹੁੰਦਾ ਤਾਂ ਅੰਦੋਲਨ ਵਿੱਚ ਵੱਡੇ ਪੱਧਰ 'ਤੇ ਖ਼ੂਨ-ਖ਼ਰਾਬਾ ਹੋਣਾ ਸੀ। ਮੰਨਿਆ ਜਾਂਦਾ ਹੈ ਕਿ ਹਿੰਸਕ ਤਿੱਖੀ ਕਾਰਵਾਈ ਦਾ ਨਿਸ਼ਾਨਾ ਮੁੱਖ ਤੌਰ 'ਤੇ ਯੂਪੀ, ਉਤਰਾਖੰਡ ਅਤੇ ਹਰਿਆਣਾ ਵਿਚ ਵੱਸੇ ਪੰਜਾਬੀ ਕਿਸਾਨ ਸਨ। ਭਾਜਪਾ ਹਿੰਦੂਤਵ ਰਾਸ਼ਟਰਵਾਦ ਦੇ ਹਿੱਤ ਵਿੱਚ ਉਨ੍ਹਾਂ ਦੀ ਕਾਰਵਾਈ ਨੂੰ ਜਾਇਜ਼ ਠਹਿਰਾ ਸਕਦੀ ਸੀ।

ਰਾਕੇਸ਼ ਟਕੈਤ ਇਕ ਉੱਚੇ ਨੇਤਾ ਵਜੋਂ ਉੱਭਰਿਆ ਹੈ ਜੋ ਕਿ ਨਵੇਂ ਭਾਰਤ ਦੇ ਨਿਰਮਾਣ ਵੱਲ ਇਕ ਕਦਮ ਹੈ। 'ਨਵਾਂ ਭਾਰਤ' ਸਭਿਆਚਾਰਾਂ, ਭਾਸ਼ਾਵਾਂ ਅਤੇ ਜੀਵਨ ਸ਼ੈਲੀ ਦੀ ਵਿਭਿੰਨਤਾ ਵਿੱਚ ਜੜਿਆ ਹੋਇਆ ਹੋਵੇਗਾ। ਇਕ ਨਵੀਂ ਕੌਮ ਜੋ ਹਰੇਕ ਖੇਤਰੀ ਰਾਜ ਨੂੰ ਆਪਣੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜੀਵਨ ਨੂੰ ਸਵੈ-ਨਿਰਧਾਰਤ ਕਰਨ ਦੀ ਆਗਿਆ ਦਿੰਦੀ ਹੈ। ਰਾਜ ਵਿਦੇਸ਼ੀ ਹਮਲੇ ਅਤੇ ਹੋਰ ਖਤਰਿਆਂ ਤੋਂ ਆਪਣੇ ਹਿੱਤਾਂ ਦੀ ਰੱਖਿਆ ਲਈ ਸਾਂਝੇ ਤੌਰ ਤੇ ਸੰਘੀ ਸਰਕਾਰ ਦਾ ਗਠਨ ਕਰ ਸਕਦੇ ਹਨ। ਦਰਅਸਲ, ਕੇਂਦਰ ਰਾਜਾਂ ਦੇ ਕੁਦਰਤੀ ਅਧਿਕਾਰਾਂ 'ਤੇ ਕਬਜ਼ਾ ਨਹੀਂ ਕਰੇਗਾ ਜੋਕਿ ਹੁਣ ਹੋ ਰਿਹਾ ਹੈ। ਨਵੇਂ ਇੰਡੀਆ ਦੇ ਰੂਪਾਂਤਰ ਸਾਫ ਦਿਖਾਈ ਦੇਣ ਲੱਗੇ ਹਨ । ਟਕੈਤ ਨੇ 'ਨਵੇਂ ਭਾਰਤ' ਦੀ ਅਣਜਾਣੇ ਵਿਚ ਅਜਿਹੀ ਤੀਬਰ ਇੱਛਾ ਪੈਦਾ ਕੀਤੀ ਕਿ ਉਸਨੂੰ ਸੁਣਨ ਵਾਲੇ ਕਿਸਾਨਾਂ ਦੀ ਗਿਣਤੀ ਬਹੁਤ ਵਧ ਗਈ ਹੈ।

ਸ੍ਰੀ ਟਕੈਤ ਦੀ ਭਾਵਾਤਮਕ ਪ੍ਰਤੀਕ੍ਰਿਆ ਨੇ ਭਾਜਪਾ ਦੇ ਤਣਾਅਪੂਰਨ ਅਤੇ ਅਸਹਿਣਸ਼ੀਲ ਰਾਸ਼ਟਰਵਾਦ ਨੂੰ ਉਜਾਗਰ ਕੀਤਾ ਹੈ। ਹੋਰਨਾਂ ਨੇਤਾਵਾਂ ਦੇ ਨਾਲ ਤਾਲਮੇਲ ਵਿੱਚ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਨੇ 26 ਜਨਵਰੀ ਦੀ ਟਰੈਕਟਰ ਰੈਲੀ ਨੂੰ ਇੱਕ ਵੱਡੀ ਤਬਾਹੀ ਤੋਂ ਬਚਾ ਲਿਆ। ਨੇਤਾਵਾਂ ਨੇ ਰਾਹ ਵਿਚ ਆਈਆਂ ਰੁਕਾਵਟਾਂ ਦੇ ਬਾਵਜੂਦ ਪ੍ਰਵਾਨਿਤ ਰਸਤੇ ਦੀ ਪਾਲਣਾ ਕੀਤੀ। ਇਸ ਤਰ੍ਹਾਂ, ਉਨ੍ਹਾਂ ਨੇ ਭੜਕਾਊ ਲੋਕਾਂ ਦੇ ਮਨਸੂਬਿਆ ਨੂੰ ਸਫਲਤਾਪੂਰਵਕ ਅਲੱਗ ਕਰ ਦਿੱਤਾ। ਲਾਲ ਕਿਲ੍ਹੇ ਜਾਣ ਲਈ ਲੰਘਣ ਦੀ ਆਗਿਆ ਸੀ। ਲਾਲ ਕਿਲ੍ਹੇ 'ਤੇ' ਨਿਸ਼ਾਨ ਸਾਹਿਬ 'ਲਹਿਰਾਉਣਾ ਕੁਝ ਸਿੱਖਾਂ ਨੂੰ ਪ੍ਰਸੰਨ ਕਰਦਾ ਦਿਖਾਈ ਦਿੱਤਾ ਸੀ, ਇਸੇ ਕਰਕੇ ਦਿਲੀ ਪੁਲਿਸ ਨੇ ਨਿਰਦੋਸ਼ਾਂ ਨੂੰ ਹਿੰਸਾ ਵਿਚ ਫਸਾਇਆ। ਦਰਜਨਾਂ ਪੁਲਿਸ ਮੁਲਾਜ਼ਮਾਂ ਦੁਆਰਾ ਸਿੱਖਾਂ ਦੀ ਬੇਰਹਿਮੀ ਨਾਲ ਕੁੱਟਮਾਰ ਨੇ 1984 ਨੂੰ ਯਾਦ ਕਰਾ ਦਿੱਤਾ । 6 ਫਰਵਰੀ ਨੂੰ ਯੂਪੀ, ਉਤਰਾਖੰਡ ਅਤੇ ਦਿੱਲੀ ਨੂੰ 'ਚੱਕਾ ਜਾਮ' ਦੇ ਸੱਦੇ ਤੋਂ ਬਾਹਰ ਕੱਢਣ ਦਾ ਅਚਾਨਕ ਫੈਸਲਾ ਇਸ ਗੱਲ ਦਾ ਸਬੂਤ ਸੀ ਕਿ ਕਿਸਾਨ ਆਗੂ ਹਿੰਸਕ ਹਿੰਦੂ ਰਾਸ਼ਟਰਵਾਦ ਦੀਆ ਚਾਲਾਂ ਉੱਤੇ ਹਮਲਾ ਕਰਨ ਦੇ ਸਮਰੱਥ ਹਨ।

ਕਿਸਾਨ ਨੇਤਾਵਾਂ ਦੇ ਤਿੰਨ ਵਿਵਾਦਤ ਬਿੱਲ ਖਾਰਜ ਕਰਵਾਉਣ ਦੀ ਲੜਾਈ ਵਿੱਚ ਜੋ ਕੁੱਝ ਵੀ ਯੋਗਦਾਨ ਪਾਇਆ ਜਾ ਸਕਦਾ ਹੈ, ਪਾਉਣਾ ਜਾਇਜ ਹੈ। ਪਰ ਅਜਿਹੇ ਸਮੇਂ ਇਸ ਲੜਾਈ ਵਿੱਚ ਹੋਰ ਮੁੱਦਿਆ ਨੂੰ ਪ੍ਰਧਾਨਤਾ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਭਾਜਪਾ ਨੂੰ ਕਿਸਾਨ ਮੁੱਦੇ ਹਿੰਦੂ-ਰਾਸ਼ਟਰਵਾਦ ਦੇ ਪਰਿਪੇਖ ਵਿੱਚ ਦੇਖਣ ਦੀ ਬਜਾਏ ਕਿਸਾਨੀ ਦੇ ਸੰਧਰਭ ਵਿੱਚ ਸਮਝਣ ਦੀ ਲੋੜ ਹੈ। ਕਿੰਨੇ ਕਿਸਾਨਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਕਿੰਨੇ ਸਮਰਥਕਾਂ ਨੇ ਆਪਣੇ ਰਾਸ਼ਟਰੀ ਸਨਮਾਨ ਚਿੰਨ ਮੋੜੇ, ਕਿੰਨੀ ਠੰਡ, ਬਾਰਸ਼ ਤੇ ਨਫਰਤ ਦੇ ਤੂਫਾਨਾਂ ਦਾ ਸਾਹਮਣਾ ਕੀਤਾ, ਜੇਕਰ ਇਹ ਸਭ ਕੁੱਝ ਭਾਜਪਾਈਆਂ ਦੇ ਦਿਲ ਨੂੰ ਹਿਲਾਉਂਦਾ ਨਹੀਂ ਤੇ ਕਿਸਾਨਾਂ ਦੇ ਦੁਖ ਦੂਰ ਕਰਨ ਲਈ ਪ੍ਰੇਰਦਾ ਨਹੀਂ, ਤਾਂ ਜ਼ਰੂਰ ਉਨ੍ਹਾਂ ਦੀ ਵਿਚਾਰਧਾਰਾ ਵਿੱਚ ਕੋਈ ਕਮੀ ਹੈ । ਇਤਿਹਾਸ ਜੇ ਸ਼ਾਸ਼ਕਾਂ ਲਈ ਲੋਕ-ਭਲਾਈ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ ਤਾਂ ਇਹ ਵੀ ਯਕੀਨਨ ਬਣਾਉਂਦਾ ਹੈ ਕਿ ਬੁੱਚੜ ਵਿਰਤੀ ਵਾਲੇ ਇਨ੍ਹਾਂ ਤਖਤਾਂ ਤੇ ਨਾਂ ਬੈਠਣ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691
Email: myfuturetruck@gmail.com






# ਸਾਹਿਤ ਵਿਚ ਤੇਜ਼ੀ ਨਾਲ ਉਭਰ ਰਿਹਾ ਨਾਂ ਮੁਟਿਆਰ ਕਵਲਪ੍ਰੀਤ ਕੌਰ ਰਤੀਆ (ਇੰਜੀ.)



ਪ੍ਰੀਤਮ ਲੁਧਿਆਣਵੀ
9876428641

ਜਿਲ੍ਹਾ ਤਰਨਤਾਰਨ ਦੇ ਪਿੰਡ ਭਰੋਵਾਲ ਵਿਚ ਪਿਤਾ ਸ. ਗੁਰਦੀਪ ਸਿੰਘ ਜੀ (ਸਰਕਾਰੀ ਸਕੂਲ ਖਡੂਰ ਸਾਹਿਬ ਤੋਂ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ) ਅਤੇ ਮਾਤਾ ਸਵ: ਜਗਜੀਤ ਕੌਰ ਜੀ (ਸਰਕਾਰੀ ਸਕੂਲ ਅਧਿਆਪਕਾ) ਦੇ ਗ੍ਰਹਿ ਵਿਖੇ ਜਨਮੀ ਕਵਲਪ੍ਰੀਤ ਕੌਰ ਨੇ ਮੁੱਢਲੀ ਵਿੱਦਿਆ ਸਰਕਾਰੀ ਸਕੂਲ, ਭਰੋਵਾਲ ਤੋਂ, ਛੇਵੀ ਤੋਂ ਦਸਵੀ ਤਕ ਦੀ ਪੜ੍ਹਾਈ ਸਰਕਾਰੀ ਕੰਨਿਆ ਸਕੂਲ, ਫ਼ਤਿਹਾਬਾਦ ਤੋਂ ਹਾਸਿਲ ਕੀਤੀ। ਫਿਰ ਉਸ ਨੇ ਇੰਜੀਨੀਰਿੰਗ ਲਈ ਬਾਬਾ ਬੰਦਾ ਸਿੰਘ ਬਹਾਦਰ ਕਾਲਜ, ਫਤਹਿਗੜ੍ਹ ਸਾਹਿਬ ਦਾਖਲਾ ਲੈ ਲਿਆ। ਇੰਜੀਨੀਰਿੰਗ ਖਤਮ



ਹੋਣ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਟੀ ,ਅੰਮ੍ਰਿਤਸਰ 'ਚ ਇਕ ਸਾਲ ਪਰੋਫੈਸਰ ਅਤੇ ਬਾਅਦ 'ਚ ਅੰਮ੍ਰਿਤਸਰ ਕਾਲਜ ਆਫ ਇੰਜੀਨੀਰਨਿੰਗ ਐਂਡ ਟੈਕਨੋਲੋਜੀ, ਅੰਮ੍ਰਿਤਸਰ ਵਿਚ ਕੰਮ ਕੀਤਾ। ਇਸ ਤੋਂ ਬਾਅਦ 2008 'ਚ ਬੀ. ਐਸ. ਐਨ. ਐਲ ਵਿੱਚ ਜੇ. ਈ. ਵਜੋਂ ਗੋਇੰਦਵਾਲ ਸਾਹਿਬ ਵਿਖੇ ਭਰਤੀ ਹੋ ਗਈ। ਸੰਨ 2011 ਵਿੱਚ ਉਸ ਦਾ ਵਿਆਹ ਸ. ਅਵਤਾਰ ਸਿੰਘ ਪਿੰਡ ਹਮਜਾਪੁਰ ਨੇੜੇ ਰਤੀਆ (ਹਰਿਆਣਾ) ਨਾਲ ਹੋ ਗਿਆ ਅਤੇ ਸੰਨ 2014 ਵਿਚ ਉਸ ਦਾ ਘਰ ਇੱਕ ਪੁੱਤਰ, ਨਿਰਬਾਨ ਨਾਲ ਰੁਸ਼ਨਾ ਗਿਆ। ਕਵਲ ਨੇ ਮੁਲਾਕਾਤ ਦੌਰਾਨ ਕਿਹਾ, ''ਮਾਂ ਦੀ ਮੌਤ ਮੇਰੇ ਲਈ ਸਭ ਤੋਂ ਵੱਡਾ ਸਦਮਾ ਸੀ ਅਤੇ ਨਿਰਬਾਨ ਮੇਰੀ ਜਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ।'' ਜੇਕਰ ਕਵਲਪ੍ਰੀਤ ਦੀ ਕਲਮ ਦੀ ਗੱਲ ਕਰੀਏ ਤਾਂ ਬੇਸ਼ੱਕ ਉਸ ਦੀ ਕਲਮ ਦੀ ਉਮਰ ਅਜੇ ਛੋਟੀ ਹੀ ਹੈ, ਪਰ ਕਲਮ ਉਮਰ ਤੋਂ ਕਈ ਗੁਣਾਂ ਉਚੇਰੀਆਂ ਗੱਲਾਂ ਕਰ ਰਹੀ ਹੈ। ਉਸ ਦੀ ਪਹਿਲੀ ਕਵਿਤਾ, ''ਪਰਵਾਜ਼ਾਂ ਦੀ ਡਾਰ'' ਜਗ ਬਾਣੀ ਅਖਬਾਰ 'ਚ ਛਪੀ। ਬਸ ਫਿਰ ਤਾਂ ਉਹ ਪਾਠਕਾਂ ਵਲੋਂ ਮਿਲਦੀ ਹੱਲਾ-ਸ਼ੇਰੀ ਅਤੇ ਹੌਸਲੇ ਦੇ ਖੰਭਾਂ ਉਤੇ ਉਡਾਣਾ ਭਰਦੀ ਦੇਸ਼-ਵਿਦੇਸ਼ ਦੀਆਂ ਅਖਬਾਰਾਂ- ਮੈਗਜ਼ੀਨਾਂ ਦਾ ਸ਼ਿੰਗਾਰ ਬਣਨ ਲੱਗੀ। ਉਸ ਕਿਹਾ, ''ਮੈ ਇੰਨੀ ਕਾਬਿਲ ਤਾਂ ਨਹੀਂ ਪਰ ਆਪਣੇ ਅੰਦਰ ਕੁਝ ਕਰਨ ਦਾ ਜਜਬਾ ਅਤੇ ਮੇਰੇ ਹਮਸਫ਼ਰ ਦਾ ਸਾਥ ਮੈਨੂੰ ਵੱਖਰਾ ਜਿਹਾ ਅਹਿਸਾਸ ਦਵਾ ਦਿੰਦਾ ਹੈ। ਮੈਂ ਗਰੀਬਾਂ ਦੀ ਮਦਦ ਲਈ ''ਨਿਰਬਾਨ ਫਾਊਡੇਸ਼ਨ'' ਵੀ ਚਲਾ ਰਹੀ ਹਾਂ। ਮੈਂ ਜਿੰਦਗੀ 'ਚ ਬੜੇ ਉਤਰਾ ਚੜਾਵ ਦੇਖੇ ਅਤੇ ਬਹੁਤ ਕੁਝ ਸਿਖਿਆ। ਮੈਂ ਕੱਚੇ ਤੇ ਚੋਂਦੇ ਕੋਠੇ ਤੋਂ ਚੁਬਾਰੇ, ਆਤੰਕਵਾਦ ਤੋਂ ਅਮਨ, ਗ਼ਰੀਬੀ ਤੋਂ ਆਪਣੇ ਪੈਰਾਂ ਉਤੇ ਖੜ੍ਹੇ ਹੋਣ, ਪੀੜਾਂ ਨੂੰ ਮੁਸਕਰਾ ਕੇ ਹਰਾਉਣ ਦਾ ਸਫਰ ਹੰਢਾਇਆ ਅਤੇ ਪਰਮਾਤਮਾ ਦੀ ਮਿਹਰ ਸਦਕਾ ਬੜੇ ਹੌਸਲੇ, ਸਬਰ ਤੇ ਸਿਦਕ ਨਾਲ ਤੈਅ ਕੀਤਾ।'' ਕਵਲਪ੍ਰੀਤ ਦੀ ਕਲਮ ਦਾ ਰੰਗ ਦੇਖੋ :-

''ਏ ਆ ਹਾਕਮ ਸਰਕਾਰੇ ਨੀ।
ਤੂੰ ਕਾਹਤੋਂ ਬੜਕਾਂ ਮਾਰੇ ਨੀ।
ਰੋਕਿਆਂ ਵੀ ਰੁਕਣਾ ਨਈਂ,
ਹੁਣ ਮਜਲੂਮਾਂ ਦਾ ਤੂਫ਼ਾਨ।
ਵੇਖ ਚੜ੍ਹ ਸੈਲਾਬ ਹੈ ਆ ਗਿਆ,
ਮੇਰੇ ਦੇਸ਼ ਦਾ ਕਿਸਾਨ। ''

ਬੁਢਲਾਡਾ ਵਿਖੇ ਬਤੌਰ ਜੇ. ਟੀ. ਓ. ਨੌਕਰੀ ਕਰ ਰਹੀ ਕਵਲਪ੍ਰੀਤ ਕੌਰ ਕੋਲ ਜਿੱਥੇ ਮਿਆਰੀ ਤੇ ਦਿਲ ਨੂੰ ਧੂਹ ਪਾਉਂਦੀ ਸ਼ਬਦਾਵਲੀ ਦਾ ਭੰਡਾਰ ਹੈ, ਉਥੇ ਸਮਾਜ ਦੇ ਚਲੰਤ ਮੁੱਦਿਆਂ ਉਤੇ ਉਸ ਨੂੰ ਲਿਖਣ ਦਾ ਬਲ ਵੀ ਹੈ। ਇਸ ਮੁਟਿਆਰ ਲਈ ਉਹ ਦਿਨ ਦੂਰ ਨਹੀ, ਜਦੋਂ ਉਸ ਦਾ ਨਾਂ ਮੂਹਰਲੀ ਕਤਾਰ ਦੀਆਂ ਕਵਿੱਤਰੀਆਂ ਵਿਚ ਸ਼ੁਮਾਰ ਹੋਇਆ ਹੋਵੇਗਾ। ਰੱਬ ਕਰੇ ਉਹ ਸੱਜਰੀ ਸਵੇਰ ਜਲਦੀ ਆਵੇ!

# ਭਾਰਤ ਦਾ ਸੰਵਿਧਾਨ ਐਸ.ਸੀ/ ਐਸ.ਟੀ/ ਓ.ਬੀ.ਸੀ.ਅਤੇ ਧਾਰਮਿਕ ਘੱਟ ਗਿਣਤੀਆਂ ਲਈ ਸੁਰੱਖਿਆ ਘੇਰਾ

ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਚਲਾਉਣ ਲਈ ਅਜਿਹੇ ਕਾਇਦੇ ਅਤੇ ਨਿਯਮਾਂ ਦੀ ਜ਼ਰੂਰਤ ਸੀ, ਜੋ ਭਾਰਤ ਦੀ ਵਿਭਿੰਨਤਾ ਨੂੰ ਏਕਤਾ ਅਤੇ ਭਾਈਚਾਰੇ ਦੇ ਸੂਤ ਵਿਚ ਪਰੋਂਦਾ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸੰਵਿਧਾਨ ਸਭਾ ਤੱਕ ਪਹੁੰਚਾਉਣ ਵਿਚ ਜੋਗਿੰਦਰ ਨਾਥ ਮੰਡਲ ਦੀ ਅਹਿਮ ਭੂਮਿਕਾ ਰਹੀ। ਮੰਡਲ ਨੇ ਵੰਡ ਤੋਂ ਪਹਿਲਾਂ 1946 ਵਿਚ ਬਾਬਾ ਸਾਹਿਬ ਨੂੰ ਆਪਣੇ ਪ੍ਰਭਾਵ ਵਾਲੇ ਚੋਣ ਹਲਕੇ ਤੋਂ ਇੰਡੀਅਨ ਲੈਜਿਸਲੇਟਿਵ ਕੌਂਸਲ (ਸੰਵਿਧਾਨ ਸਭਾ) ਦਾ ਮੈਂਬਰ ਬਣਵਾਉਣ ਵਿਚ ਆਪਣਾ ਯੋਗਦਾਨ ਪਾਇਆ। ਮੰਡਲ ਪਾਕਿਸਤਾਨ ਅਤੇ ਡਾ. ਅੰਬੇਡਕਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਇਤਫਾਕਨ ਦੋਵੇਂ ਹੀ ਅਛੂਤ ਸਨ। ਜਿਸ ਤੇ ਸ਼ਕਰਾਚਰਿਆ ਕਰਮਾਤਰੀ ਵੱਲੋਂ ਇੱਥੋਂ ਤੱਕ ਵੀ ਕਹਿ ਦਿੱਤਾ ਗਿਆ ਕਿ 'ਭਾਰਤ ਦਾ ਸੰਵਿਧਾਨ ਬਹੁਤ ਵਧੀਆ ਹੈ। ਪਰ ਇਸ ਵਿਚ ਇਕੋ ਹੀ ਦੋਸ਼ ਕਿ ਇਸ ਨੂੰ ਅਛੂਤ ਨੇ ਬਣਾਇਆ।''

ਸੰਵਿਧਾਨ ਸਭਾ ਦਾ ਨਿਰਮਾਣ 9 ਦਸੰਬਰ 1946 ਨੂੰ ਹੋਇਆ ਅਤੇ 26 ਨਵੰਬਰ 1949 ਤੱਕ 2 ਸਾਲ 11 ਮਹੀਨੇ ਅਤੇ 18 ਦਿਨ ਦਾ ਸਮਾਂ ਤਿਆਰ ਕਰਨ ਵਿਚ ਲੱਗਾ। ਇਸ ਦੇ ਬਣਨ ਤੇ ਕੁੱਲ ਖਰਚ 63 ਲੱਖ, 96 ਹਜ਼ਾਰ, 721 ਰੁਪਏ ਹੋਇਆ।

13 ਦਸੰਬਰ 1946 ਨੂੰ ਨਹਿਰੂ ਨੇ ਸੰਵਿਧਾਨ ਦੀ ਪ੍ਰਸਤਾਵਨਾ ਤੋਂ ਬਾਅਦ ਕਿਹਾ ਕਿ 'ਅਸੀਂ ਸੰਵਿਧਾਨ ਦੀ ਪ੍ਰਸਤਾਵਨਾ ਤੋਂ ਬਾਅਦ ਕਿਹਾ ਕਿ 'ਅਸੀਂ ਸੰਵਿਧਾਨ ਵਿਚ ਐਸ. ਸੀ., ਐਸ. ਟੀ., ਓ. ਬੀ. ਸੀ. ਨੂੰ ਸੁਰੱਖਿਆ ਘੇਰਾ ਦੇਵੇਗਾ ਪਰ 29 ਅਗਸਤ 1947 ਨੂੰ ਕਿਹਾ ਕਿ ਓ. ਬੀ. ਸੀ. ਨੂੰ ਬਾਅਦ 'ਚ ਦੇਵਾਂਗੇ।

2 ਸਤੰਬਰ 1946 ਨੂੰ ਅੰਤਿਮ ਸਰਕਾਰ ਬਣਾ ਦਿੱਤੀ ਗਈ, ਜਿਸ ਵਿਚ ਐਸ. ਸੀ./ ਐਸ. ਟੀ. ਦੇ ਨੁਮਾਇੰਦਿਆਂ ਵਿਚੋਂ ਜਗਜੀਵਨ ਰਾਮ ਨੂੰ ਲਿਆ ਗਿਆ ਅਤੇ ਲੇਬਰ ਮੰਤਰੀ ਬਣਾਇਆ ਗਿਆ। ਇਹ ਸੱਤਾ ਹਸਤਾਂਤਰਿਤ ਕੀਤੀ ਗਈ, ਜਿਸ ਨੂੰ ਟਰਾਂਸਫਰ ਆਫ ਪਾਵਰ ਵੀ ਕਿਹਾ ਜਾਂਦਾ ਹੈ, ਜੋ ਬਿਨਾਂ ਚੋਣਾਂ ਤੋਂ ਨਹਿਰੂ ਨੂੰ ਦੇ ਦਿੱਤੀ ਗਈ ਅਤੇ ਆਮ ਚੋਣਾਂ ਇਸ ਦੇਸ਼ ਵਿਚ 1952-53 'ਚ ਜਾ ਕੇ ਹੋਈਆਂ। ਡਾ. ਅੰਬੇਡਕਰ ਵੱਲੋਂ ਅੰਗਰੇਜ਼ਾਂ ਨੂੰ ਇਸ ਗੱਲ ਦੀ ਚਿਤਾਵਨੀ ਦਿੱਤੀ ਗਈ ਕਿ 'ਅਸੀਂ ਅਜਿਹੇ ਕਿਸੇ ਸੰਵਿਧਾਨ ਨੂੰ ਮੰਨਣ ਲਈ ਤਿਆਰ ਨਹੀਂ, ਜਿਹੜਾ ਸਾਡੇ ਲੋਕਾਂ ਨੂੰ 'ਸੰਵਿਧਾਨਕ ਸ਼ਕਤੀ' ਨਹੀਂ ਦੇਵੇਗਾ।'

ਇਸੇ ਲਈ ਹੀ ਬਾਬਾ ਸਾਹਿਬ ਨੂੰ ਸੰਵਿਧਾਨ ਦੀ ਖਰੜਾ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ।

ਸ਼ੁਰੂ ਵਿਚ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਸੰਵਿਧਾਨ ਸਭਾ ਦੇ ਮੈਂਬਰਾਨ ਦੀ ਗਿਣਤੀ 289 ਸੀ। ਪਾਕਿਸਤਾਨ ਬਣਨ ਤੋਂ ਬਾਅਦ ਮੈਂਬਰਾਂ ਦੀ ਸੰਖਿਆ 299 ਰਹਿ ਗਈ। ਜਿਸ 'ਤੇ 24 ਜਨਵਰੀ 1950 ਨੂੰ 284 ਲੋਕਾਂ ਦੇ ਦਸਤਖਤ ਕੀਤੇ ਗਏ। ਬਿਮਾਰ ਰਹਿੰਦੇ ਹੋਏ ਵੀ ਬਾਬਾ ਸਾਹਿਬ ਨੇ ਭਾਰਤ ਵਿਚ ਭੂਗੋਲਿਕ, ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਤੌਰ 'ਤੇ ਵਖਰੇਵੇਂ ਹੋਣ ਦੇ ਬਾਵਜੂਦ ਵੀ ਸੰਵਿਧਾਨ 'ਚ ਬਰਾਬਰਤਾ, ਭਾਈਚਾਰਾ, ਸਮਾਜਿਕ ਨਿਆਂ ਨੂੰ ਦ੍ਰਿੜ੍ਹ ਅਤੇ ਮਜ਼ਬੂਤ ਕੀਤਾ। ਭਾਰਤ ਵਿਚ ਜੇਕਰ ਮੂਲ ਸੰਵਿਧਾਨ ਹੀ 100 ਫੀਸਦੀ ਲਾਗੂ ਕਰ ਦਿੱਤਾ ਗਿਆ ਹੁੰਦਾ ਤਾਂ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਂਦੀਆਂ। ਪਰ ਅਫਸੋਸ ਅਜਿਹਾ ਨਹੀਂ ਹੋਇਆ। ਜਿਸ ਸਮਾਜਿਕ ਲੋਕਤੰਤਰ ਨੂੰ ਧਿਆਨ 'ਚ ਰੱਖਦੇ ਹੋਏ ਸੰਵਿਧਾਨ ਬਣਿਆ, ਉਹ ਲਾਗੂ ਨਹੀਂ ਹੋਇਆ।

ਇਸ ਵਿਚ ਐਸ. ਸੀ., ਐਸ. ਟੀ., ਓ. ਬੀ. ਸੀ. ਅਤੇ ਧਾਰਮਿਕ ਘੱਟ ਗਿਣਤੀਆਂ ਲਈ ਉਹਨਾਂ ਦੇ ਹੱਕ ਅਧਿਕਾਰ ਸੁਰੱਖਿਅਤ ਕੀਤੇ ਗਏ।

ਭਾਰਤ ਦੇ ਸੰਵਿਧਾਨ ਦਾ ਭਾਗ 3, ਜਿਸ ਨੂੰ ਮੈਗਨਾਕਾਰਟਾ ਕਿਹਾ ਜਾਂਦਾ ਹੈ, ਮੌਲਿਕ ਅਧਿਕਾਰਾਂ ਨਾਲ ਭਰਿਆ ਹੈ, ਜਿਸ ਵਿਚ ਆਰਟੀਕਲ 12 ਤੋਂ 35 ਤੱਕ ਆਉਂਦੇ ਹਨ।

ਭਾਰਤ ਦਾ ਸੰਵਿਧਾਨ ਵਾਹਦ ਇਕ ਅਜਿਹਾ ਸੰਵਿਧਾਨ ਹੈ, ਜਿਸ ਵਿਚ ਪੂਰੇ ਸੰਸਾਰ ਦੇ ਸੰਵਿਧਾਨਾਂ ਨਾਲੋਂ ਜ਼ਿਆਦਾ ਮੌਲਿਕ ਅਧਿਕਾਰ ਹਨ।

(1) ਧਾਰਾ 12- ਮੂਲ ਅਧਿਕਾਰਾਂ ਦੀ ਪਰਿਭਾਸ਼ਾ ਦਿੰਦੀ ਹੈ।
(2) ਧਾਰਾ 13- ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਜਿੰਨੀਆਂ ਵੀ ਵਿਧੀਆਂ, ਸਮ੍ਰਿਤੀਆਂ ਦਾ ਕਾਨੂੰਨ ਸੀ, ਸੰਵਿਧਾਨ ਦੇ ਲਾਗੂ ਹੋਣ ਤੋਂ ਬਅਦ ਸ਼ੂਨਯ ਮੰਨਿਆ ਜਾਵੇਗਾ।
(3) ਧਾਰਾ 14- ਕਾਨੂੰਨ ਸਾਹਮਣੇ ਸਭ ਬਰਾਬਰ
(4) ਧਾਰਾ 15- ਧਰਮ, ਜਾਤੀ, ਲਿੰਗ, ਮੂਲਵੰਸ਼ ਜਾਂ ਜਨਮ ਸਥਾਨ ਦੇ ਆਧਾਰ 'ਤੇ ਭੇਦਭਾਵ ਤੇ ਪਾਬੰਦੀ।
(5) ਧਾਰਾ 16 (4)- ਰਾਜ ਦੇ ਅਧੀਨ ਕਿਸੇ ਨਿਯੁਕਤੀ ਜਾਂ ਪਦ ਦੇ ਸਬੰਧ ਵਿਚ ਐਸ. ਸੀ./ ਐਸ. ਟੀ. ਨੂੰ ਲੋੜੀਂਦੀ ਹਿੱਸੇਦਾਰੀ ਦੀ ਗੱਲ ਕਰਦਾ ਹੈ।
(6) ਧਾਰਾ 17- ਛੂਤਛਾਤ ਦਾ ਅੰਤ ਕਰਦਾ ਹੈ।
(7) ਧਾਰਾ 19- ਸੁਤੰਤਰਤਾ ਦਾ ਅਧਿਕਾਰ ਦਿੰਦਾ ਹੈ। ਬੋਲਣ ਦੀ, ਵਿਚਾਰ ਰੱਖਣ ਦੀ, ਸੰਘ ਬਣਾਉਣ ਦੀ, ਭਾਰਤ ਦੇ ਹਰ ਖੇਤਰ ਵਿਚ ਆਉਣ ਜਾਣ ਦੀ, ਸ਼ਾਂਤੀਪੂਰਵਕ ਸਮਾਗਮ ਕਰਨ ਦੀ।
(8) ਧਾਰਾ 25- ਧਰਮ ਦੀ ਸੁਤੰਤਰਤਾ ਦਾ ਅਧਿਕਾਰ।
(9) ਧਾਰਾ 32- ਸੰਵਿਧਾਨਕ ਉਪਚਾਰਾਂ ਦਾ ਅਧਿਕਾਰ।

ਟਿੱਪਣੀ- ਧਾਰਾ 32 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਵਿਧਾਨ ਦੀ ਆਤਮਾ ਕਿਹਾ ਹੈ। ਜੇਕਰ ਤੁਹਾਡੇ ਮੂਲ/ਮੌਲਿਕ ਅਧਿਕਾਰਾਂ ਨੂੰ ਘਾਤ ਪਹੁੰਚਾਇਆ ਜਾਂਦਾ ਹੈ ਤਾਂ ਉਸ ਲਈ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਦਰਵਾਜ਼ੇ ਖੁੱਲ੍ਹੇ ਹਨ।

ਪਰ ਅੱਜ ਸੁਪਰੀਮ ਕੋਰਟ ਵੱਲੋਂ ਐਸ. ਸੀ., ਐਸ. ਟੀ., ਓ. ਬੀ. ਸੀ. ਦੇ ਮੌਲਿਕ ਅਧਿਕਾਰਾਂ ਦੇ ਵਿਰੋਧ ਵਿਚ ਹੀ ਫੈਸਲੇ ਸੁਣਾਏ ਜਾ ਰਹੇ ਹਨ। ਜੋ ਕਿ ਬਹੁਤ ਖਤਰਨਾਕ ਮਾਮਲਾ ਹੈ। ਸੰਵਿਧਾਨ ਨੇ ਸੁਪਰੀਮ ਕੋਰਟ ਨੂੰ ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ ਦਿੱਤਾ ਹੈ ਪਰ ਅੱਜ 97 ਫੀਸਦੀ ਜੱਜ ਇਕੋ ਹੀ ਵਰਣ ਦੇ ਕਾਬਜ਼ ਹੋ ਚੁੱਕੇ ਹਨ।

ਧਾਰਾ 46- ਐਸ. ਸੀ., ਐਸ. ਟੀ., ਅਤੇ ਹੋਰ ਕਮਜ਼ੋਰ ਵਰਗਾਂ ਦੀ ਸਿੱਖਿਆ ਅਤੇ ਆਰਥਿਕ ਹਿੱਤਾਂ ਨੂੰ ਉਤਸ਼ਾਹ/ਸਮਾਜਿਕ ਅੱਨਿਆ ਅਤੇ ਸਭ ਕਿਸਮ ਦੇ ਸ਼ੋਸ਼ਣ ਤੋਂ ਉਹਨਾਂ ਦੀ ਰੱਖਿਆ ਕਰੇਗਾ।

ਧਾਰਾ 41 ਏ (ਐਚ.) ਮੌਲਿਕ ਕਰਤੱਵ।

ਧਾਰਾ 243- ਡੀ. (1) ਪੰਚਾਇਤਾਂ ਦੇ ਚੋਣ ਵੇਲੇ ਐਸ. ਸੀ., ਐਸ. ਟੀ., ਦੀਆਂ ਸੀਟਾਂ ਦੀ ਲੋੜੀਂਦੀ ਅਨੁਪਾਤ ਵਿਚ ਰਾਖਵਾਂਕਰਨ। ਐਸ. ਸੀ., ਐਸ. ਟੀ. ਦੀਆਂ ਔਰਤਾਂ ਦੇ ਲਈ ਇਕ ਤਿਹਾਈ ਹਿੱਸੇਦਾਰੀ ਰਹੇਗੀ।

243-ਟੀ.- ਨਗਰ ਪਾਲਿਕਾ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਐਸ. ਸੀ., ਐਸ. ਟੀ. ਦੀਆਂ ਸੀਟਾਂ ਦੀ ਲੋੜੀਂਦੇ ਅਨੁਪਾਤ ਵਿਚ ਰਾਖਵਾਂਕਰਨ।

ਧਾਰਾ 330- ਲੋਕ ਸਭਾ ਵਿਚ ਵੀ ਐਸ. ਸੀ., ਐਸ. ਟੀ. ਦੀ ਆਬਾਦੀ ਦੇ ਅਨੁਪਾਤ ਵਿਚ ਲੋੜੀਂਦਾ ਰਾਖਵਾਂਕਰਨ।

ਧਾਰਾ 332- ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਵੀ ਐਸ. ਸੀ., ਐਸ. ਟੀ. ਲਈ ਸੀਟਾਂ ਦਾ ਰਾਖਵਾਂਕਰਨ।

ਇੱਥੇ ਜ਼ਿਕਰਯੋਗ ਹੈ ਕਿ ਰਾਜਨੀਤਿਕ ਹਿੱਸੇਦਾਰੀ/ ਨੁਮਾਇੰਦਗੀ ਤੇ ਹਰ 10 ਸਾਲ ਬਾਅਦ ਵਿਚਾਰ ਹੁੰਦਾ ਹੈ ਅਤੇ ਸੰਸਦ/ ਰਾਜ ਵਿਧਾਨ ਸਭਾ ਇਸਨੂੰ ਅੱਗ ਦਸ ਸਾਲ ਲਈ ਵਧਾ ਦਿੰਦੀ ਹੈ।

ਧਾਰਾ 338- ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ।

ਇਸ ਕਮਿਸ਼ਨ ਵਿਚ ਇਕ ਚੇਅਰਮੈਨ, ਇਕ ਵਾਈਸ ਚੇਅਰਮੈਨ ਅਤੇ ਪੰਜ ਹੋਰ ਮੈਂਬਰ ਹੋਣਗੇ। ਰਾਸ਼ਟਰ ਦੇ ਦਸਤਖਤ ਤੋਂ ਬਾਅਦ ਚੇਅਰਮੈਨ ਅਤੇ ਉਪ ਚੇਅਰਮੈਨ ਨਿਯੁਕਤ ਹੁੰਦਾ ਹੈ। ਜੋ ਕਿ ਐਸ. ਸੀ. ਦੇ ਅਧਿਕਾਰਾਂ ਦੀ ਰੱਖਿਆ ਅਤੇ ਸ਼ਿਕਾਇਤਾਂ ਦੀ ਜਾਂਚ ਕਰਦਾ ਹੈ।

338 ਏ- ਰਾਸ਼ਟਰੀ ਅਨੁਸੂਚਿਤ ਜਨਜਾਤੀ ਕਮਿਸ਼ਨ

ਇਹ ਵੀ ਲੱਗਭੱਗ ਐਸ. ਸੀ. ਕਮਿਸ਼ਨ ਦੀ ਤਰ੍ਹਾਂ ਹੀ ਡਿਜ਼ਾਇਨ ਕੀਤਾ ਗਿਆ ਹੈ।



ਕੁਸ਼ਲ ਕੁਮਾਰ
97807-78062

ਧਾਰਾ 340- ਪਿਛੜੇ ਵਰਗ ਦੇ ਹਾਲਾਤਾਂ ਦੀ ਜਾਂਚ ਕਰਨ ਲਈ ਕਮਿਸ਼ਨ ਦੀ ਨਿਯੁਕਤੀ। ਜਿਕਰਯੋਗ ਹੈ ਕਿ ਇਸੇ ਹੀ ਧਾਰਾ ਦੇ ਤਹਿਤ ਜਵਾਹਰ ਲਾਲ ਨਹਿਰੂ ਨੇ ਕਾਕਾ ਕਲੇਲਕਰ ਕਮਿਸ਼ਨ ਬਣਾਇਆ, ਜਿਸ ਨੇ 2218 ਓ. ਬੀ. ਸੀ. ਜਾਤੀਆਂ ਨੂੰ ਮਾਨਤਾ ਦਿੱਤੀ।

ਇਸੇ ਹੀ ਧਾਰਾ ਤਹਿਤ ਮੋਰਾਰਜੀ ਦੇਸਾਈ ਰਾਹੀਂ ਬੀ. ਪੀ. ਮੰਡਲ ਕਮਿਸ਼ਨ ਬਣਾਇਆ। ਜਿਸ ਨੇ ਪੂਰੇ ਦੇਸ਼ ਵਿਚ ਘੁੰਮ-ਘੁੰਮ ਕੇ ਓ. ਬੀ. ਸੀ. ਦੀਆਂ 3713 ਜਾਤਾਂ ਨੂੰ ਮਾਨਤਾ ਦਿੱਤੀ।

ਧਾਰਾ 341- ਰਾਸ਼ਟਰਪਤੀ ਦੁਆਰਾ ਕਿਸੇ ਰਾਜ ਜਾਂ ਸੰਘ ਖੇਤਰ ਦੇ ਸਬੰਧ ਵਿਚ, ਰਾਜਪਾਲ ਨਾਲ ਸਲਾਹ ਕਰਕੇ, ਪਬਲਿਕ ਨੋਟੀਫਿਕੇਸ਼ਨ ਰਾਹੀਂ ਕਿਸੇ ਜਾਤੀ/ ਨਸਲ ਨੂੰ ਅਨੁਸੂਚਿਤ ਜਾਤੀ ਚਿੰਨਿਤ ਕਰ ਸਕੇਗਾ।

ਧਾਰਾ 342- ਰਾਸ਼ਟਰਪਤੀ ਰਾਹੀਂ ਕਿਸੇ ਰਾਜ ਜਾਂ ਸੰਘ ਖੇਤਰ ਦੇ ਸਬੰਧ ਵਿਚ ਉਥੋਂ ਦੇ ਰਾਜਪਾਲ ਨਾਲ ਸਲਾਹ ਕਰਕੇ ਜਾਂ ਪਬਲਿਕ ਨੋਟਿਸ ਰਾਹੀਂ ਕਿਸੇ ਵੀ ਜਾਤੀ ਜਾਂ ਨਸਲ ਨੂੰ ਅਨੁਸੂਚਿਤ ਜਨਜਾਤੀ ਚਿੰਨਿਤ ਕਰ ਸਕੇਗਾ।

ਇਸੇ ਤਰ੍ਹਾਂ ਮੌਜੂਦਾ ਭਾਰਤੀ ਸੰਵਿਧਾਨ ਐਸ. ਸੀ., ਐਸ. ਟੀ., ਓ. ਬੀ. ਸੀ. ਅਤੇ ਧਾਰਮਿਕ ਘੱਟ ਗਿਣਤੀਆਂ ਲਈ ਸੁਰੱਖਿਅਤ ਘੇਰਾ ਹੈ। ਪਰ ਫਿਰ ਵੀ ਆਏ ਦਿਨ ਉਕਤ ਸਾਰਿਆਂ ਤੇ ਤਸ਼ੱਦਦ ਹੁੰਦੇ ਰਹਿੰਦੇ ਹਨ ਅਤੇ ਮਾਮਲਾ ਕੋਰਟ ਵਿਚ ਚਲੇ ਜਾਣ ਤੋਂ ਬਾਅਦ ਵੀ ਕਿਸੇ ਨੂੰ ਨਿਆਂ ਨਹੀਂ ਮਿਲਦਾ ਚਿੰਤਨ/ਮੰਥਨ ਦਾ ਵਿਸ਼ਾ ਹੈ।

ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਵਿਧਾਨ ਸਭਾ ਵਿਚ ਬੋਲੇ ਸ਼ਬਦ ਅੱਜ ਸਟੀਕ ਸਿੱਧ ਹੁੰਦੇ ਨਜ਼ਰ ਆ ਰਹੇ ਹਨ ''ਸੰਵਿਧਾਨ ਚਾਹੇ ਕਿੰਨਾ ਵੀ ਚੰਗਾ ਹੋਵੇ, ਜੇ ਇਸਨੂੰ ਲਾਗੂ ਕਰਨ ਵਾਲਿਆਂ ਦੀ ਨੀਅਤ ਚੰਗੀ ਨਹੀਂ ਤਾਂ ਸੰਵਿਧਾਨ ਨਿਸਚਿਤ ਹੀ ਬੁਰਾ ਸਾਬਤ ਹੋਵੇਗਾ ਅਤੇ ਸੰਵਿਧਾਨ ਕਿੰਨਾ ਵੀ ਬੁਰਾ ਕਿਉਂ ਨਾ ਹੋਵੇ, ਜੇਕਰ ਇਸ ਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਹਨ ਤਾਂ ਸੰਵਿਧਾਨ ਚੰਗਾ ਹੀ ਸਾਬਤ ਹੋਵੇਗਾ।

# ਕਿਸਾਨ ਅੰਦੋਲਨ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ 'ਚ ਲਿਆਂਦੀ ਗਰਮੀ

**ਚੰਡੀਗੜ੍ਹ** - ਕਿਸਾਨੀ ਸੰਘਰਸ਼ ਦੇ ਮੁੜ ਪੈਰਾਂ ਸਿਰ ਖੜ੍ਹੇ ਹੋਣ ਤੋਂ ਬਾਅਦ ਪੰਜਾਬ ਦੀ ਸਿਆਸਤ ਵੀ ਗਰਮੀ ਦਿਖਾਉਣ ਲੱਗੀ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਹੁਣ ਇਹ ਤੈਅ ਕਰਦੀਆਂ ਜਾਪ ਰਹੀਆਂ ਹਨ ਕਿ ਹੁਣ ਆਪਣੀ ਹੋਂਦ ਬਚਾਉਣ ਲਈ 'ਸੱਚੇ ਮਨੋਂ' ਸੰਘਰਸ਼ ਦੀ ਹਮਾਇਤ ਦੇ ਸਵਾਏ ਹੋਰ ਕੋਈ ਚਾਰਾ ਨਹੀਂ ਹੈ। ਪੰਜਾਬ ਦੀ ਕਾਂਗਰਸ ਹਕੂਮਤ ਵੱਲੋਂ ਅਚਾਨਕ ਸੱਦੀ ਸਰਬ ਪਾਰਟੀ ਮੀਟਿੰਗ ਤੇ ਇਸ ਵਿਚ ਲਏ ਫੈਸਲਿਆਂ ਤੋਂ ਜਾਪ ਰਿਹਾ ਹੈ ਕਿ ਸਿਆਸੀ ਧਿਰਾਂ ਨੇ ਹੁਣ ਇਕ ਪਾਸੇ ਹੋਣ ਦਾ ਮਨ ਬਣਾ ਲਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੱਦੇ 'ਤੇ ਪੰਜਾਬ ਭਵਨ 'ਚ ਹੋਈ ਸਰਬ-ਪਾਰਟੀ ਮੀਟਿੰਗ 'ਚ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਤੇ ਕਿਸਾਨੀ ਸੰਘਰਸ਼ ਦੀ ਹਮਾਇਤ 'ਚ ਸਭ ਸਿਆਸੀ ਪਾਰਟੀਆਂ ਨੇ ਕੇਂਦਰ ਸਰਕਾਰ ਨੂੰ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ। ਸਮੂਹ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਤਿੰਨੋਂ ਖੇਤੀ ਕਾਨੂੰਨ ਤੁਰਤ ਵਾਪਸ ਲਏ ਜਾਣ ਤੇ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਅਧਿਕਾਰ ਬਣਾਇਆ ਜਾਵੇ। ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਕਿਸਾਨੀ



ਸੰਘਰਸ਼ ਤੇ ਹੋਰਨਾਂ ਮਸਲਿਆਂ ਦੇ ਮੁੱਦੇ 'ਤੇ ਸਰਬ-ਪਾਰਟੀ ਵਫਦ ਜਲਦੀ ਪ੍ਰਧਾਨ ਮੰਤਰੀ ਨੂੰ ਮਿਲੇਗਾ।

ਪੰਜਾਬ ਸਰਕਾਰ ਕਾਲੇ ਖੇਤੀ ਕਾਨੂੰਨਾਂ ਨੂੰ ਅਸਰਹੀਣ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ ਸੂਬੇ ਦੇ ਸੋਧ ਬਿੱਲ ਮੁੜ ਲਿਆਵੇਗੀ। ਭਾਵੇਂ ਆਮ ਆਦਮੀ ਪਾਰਟੀ ਨੇ ਕਿਸਾਨੀ ਮੁੱਦਿਆਂ ਨਾਲ ਜੁੜੀਆਂ ਦੋ ਮੰਗਾਂ ਨੂੰ ਲੈ ਕੇ ਮੀਟਿੰਗ ਦੇ ਆਖਰੀ ਪੜਾਅ 'ਚ ਵਾਕਆਊਟ ਕਰ ਦਿੱਤਾ, ਸਰਬ-ਪਾਰਟੀ ਮੀਟਿੰਗ ਵਿਚ ਲੋਕ ਇਨਸਾਫ ਪਾਰਟੀ ਤੇ ਪੰਜਾਬ ਏਕਤਾ ਪਾਰਟੀ ਦੇ ਆਗੂਆਂ ਸਮੇਤ ਦਸ ਸਿਆਸੀ ਧਿਰਾਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਮਤਾ ਪਾਸ ਕਰਕੇ ਸਭ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨਾਂ, ਖੇਤ ਕਾਮਿਆਂ ਤੇ ਪੱਤਰਕਾਰਾਂ ਅਤੇ ਹੋਰ ਸ਼ਾਂਤਮਈ ਅੰਦੋਲਨਕਾਰੀਆਂ ਖਿਲਾਫ ਦਰਜ ਸਾਰੇ ਕੇਸ ਰੱਦ ਕਰਕੇ ਸਾਰੇ ਵਿਅਕਤੀ ਰਿਹਾਅ ਕੀਤੇ ਜਾਣ। ਲਾਪਤਾ ਅੰਦੋਲਨਕਾਰੀਆਂ ਦੀ ਭਾਲ ਕੀਤੀ ਜਾਵੇ ਤੇ ਕੇਂਦਰ ਸਰਕਾਰ ਗੱਲਬਾਤ ਜ਼ਰੀਏ ਇਸ ਮਸਲੇ ਦਾ ਫੌਰੀ ਹੱਲ ਕੱਢੇ।

ਇਹ ਵੀ ਮੰਗ ਕੀਤੀ ਕਿ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਿਸਾਨਾਂ ਦਾ ਕਾਨੂੰਨੀ ਅਧਿਕਾਰ ਬਣਾਵੇ ਅਤੇ ਕੇਂਦਰ ਸਰਕਾਰ ਅਨਾਜ ਦੀ ਖਰੀਦ ਪਹਿਲਾਂ ਵਾਂਗ ਆੜ੍ਹਤੀਆਂ ਰਾਹੀਂ ਜਾਰੀ ਰੱਖੇ। ਨਵੇਂ ਵਾਤਾਵਰਨ ਸੁਰੱਖਿਆ (ਸੋਧ) ਐਕਟ, 2020 ਅਤੇ ਤਜਵੀਜ਼ਤ ਨਵੇਂ ਬਿਜਲੀ (ਸੋਧ) ਐਕਟ, 2020 ਨੂੰ ਲਾਗੂ ਕਰਨ ਦੀ ਤਜਵੀਜ਼ ਵਾਪਸ ਲੈਣ ਦੀ ਅਪੀਲ ਵੀ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਕਾਲੇ ਖੇਤੀ ਕਾਨੂੰਨਾਂ ਨੂੰ ਅਸਰਹੀਣ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਸੂਬੇ ਦੇ ਸੋਧ ਬਿੱਲ ਮੁੜ ਲਿਆਵੇਗੀ ਕਿਉਂਕਿ ਪਹਿਲਾਂ ਪਾਸ ਕੀਤੇ ਬਿੱਲਾਂ ਨੂੰ ਰਾਜਪਾਲ ਨੇ ਰਾਸ਼ਟਰਪਤੀ ਕੋਲ ਨਹੀਂ ਭੇਜਿਆ। ਸਿਆਸੀ ਧਿਰਾਂ ਦੀ ਕਿਸਾਨਾਂ ਦੀ ਹਮਾਇਤ ਵਿਚ ਲਾਮਬੰਦੀ ਕੇਂਦਰ ਸਰਕਾਰ ਨੂੰ ਵੱਡੀ ਖਿੱਚ ਪਾਉਣ ਵਾਲੀ ਜਾਪ ਰਹੀ ਹੈ।

# ਕਿਸਾਨਾਂ ਦੇ ਅੰਦੋਲਨ ਨੂੰ ਬਹੁਜਨ ਸਮਾਜ ਪਾਰਟੀ ਪੂਰਾ ਸਮਰਥਨ ਦੇ ਰਹੀ ਹੈ- ਗੜ੍ਹੀ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)-** ਕੇਂਦਰ ਸਰਕਾਰ ਵਲੋਂ ਕਿਸਾਨਾਂ ਖਿਲਾਫ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਜਿਥੇ ਮੁਲਕ ਇੱਕ ਜੁੱਟ ਹੋਇਆ ਪਿਆ ਹੈ ਤੇ ਇਸ ਅੰਦੋਲਨ ਨੂੰ ਕਾਮਯਾਬ ਕਰਨ ਲਈ ਬਹੁਜਨ ਸਮਾਜ ਪਾਰਟੀ ਆਪਣਾ ਪੂਰਾ ਸਮਰਥਨ ਦੇ ਰਹੀ ਹੈ ਕਿਉਕਿ ਇਹ ਜੋ ਕਾਲੇ ਕਾਨੂਨ ਹਨ ਇਕੱਲੇ ਕਿਸਾਨਾਂ ਲਈ ਹੀ ਨਹੀਂ ਸਗੋਂ ਪੂਰੇ ਦੇਸ਼ ਵਾਸੀਆਂ ਲਈ ਘਾਤਕ ਹਨ ਤੇ ਇਨਾਂ ਨੂੰ ਰੱਦ ਕਰਵਾਉਣਾ ਬੇਹੱਦ ਜਰੂਰੀ ਹੈ ਇਨਾਂ ਵਿਚਾਰਾਂ ਦਾ ਪ੍ਰਟਗਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪਿੰਡ ਗੜ੍ਹੀ ਅਜੀਤ ਸਿੰਘ ਵਿਖੇ ਲੋਕ ਗਾਇਕ ਰੂਪ ਲਾਲ ਧੀਰ ਦੇ ਗ੍ਰਹਿ ਵਿਖੇ ਇੱਕ ਸਮਾਗਮ ਤੋਂ ਬਾਅਦ ਸਾਂਝੇ ਕੀਤੇ ਸ੍ਰ ਗੜ੍ਹੀ ਨੇ ਆਖਿਆ ਕਿ ਦੇਸ਼ ਨੂੰ ਅਜਾਦ ਹੋਇਆ ਸੱਤ ਦਹਾਕਿਆਂ ਤੋਂ ਉਪਰ ਦਾ ਸਮਾਂ ਬੀਤ ਚੁੱਕਾ ਹੈ ਦੇਸ਼ ਦੀ ਹਾਲਤ ਜਿਉ ਦੀ ਤਿਉ ਹੈ ਕਿਉਕਿ ਅੱਜ ਤੋਂ ਸੱਤਰ ਸਾਲ ਪਹਿਲਾਂ ਵੀ ਬੇਰੁਜਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਲੁੱਟਾਂ ਖੋਹਾਂ ਤੇ ਪਰਿਵਾਰਵਾਦ ਭਾਰੂ ਸੀ ਤੇ ਅੱਜ ਵੀ ਓਹੀ ਹਾਲ ਹੈ ਲੋਕਾਂ ਨੇ ਕਾਂਗਰਸ,ਅਕਾਲੀ,ਆਪ ਦੀ ਸਰਕਾਰ ਦੇਖੀ ਪਰ ਸਾਡੇ ਸਮਾਜ ਦੀ ਦੁਰਦਸ਼ਾ ਓਹੀ ਹੈ ਤੇ ਲੋਕ ਹੁਣ ਆਪਣੀ ਸਰਕਾਰ ਬਣਾਉਣਾ ਚਾਹੁੰਦੇ ਹਨ ਤਾਂ ਨੀਲੇ ਝੰਡੇ ਥੱਲੇ ਆਕੇ ਇੱਕ ਜੁੱਟ ਹੋਕੇ ਇਸ ਤਰਾਂ ਨਿਕੰਮੀਆਂ ਦਲਿਤ ਵਿਰੋਧੀ ਸਰਕਾਰਾਂ ਨੂੰ ਸੱਤਾ ਤੋਂ ਲਾਂਭੇ ਕਰੋ ਇਹ ਸਭ ਦੇਸ਼ ਵਾਸੀਆਂ ਦੇ ਹੱਥ ਚ ਹੈ ਕਿਓਕਿ ਜੰਤਾ ਦੇ ਹੱਥ ਚ ਸੱਤਾ ਦੀ ਚਾਬੀ ਹੈ ਓਹ ਜਿਸਨੂੰ ਚਾਹੁੰਣ ਕੁਰਸੀ ਤੇ ਬਿਠਾ ਸਕਦੇ ਜਿਸ ਨੂੰ ਚਾਹੁਣ ਤਾਂ ਕੁਰਸੀ ਤੋਂ ਥੱਲੇ ਲਾਹ ਸਕਦੇ ਹਨ ਇਹ ਸਭ ਅਧਿਕਾਰ ਸਤਿਗੁਰ ਰਵਿਦਾਸ ਜੀ, ਡਾ.ਭੀਮ ਰਾਂਓ ਜੀ , ਬਾਬੂ ਕਾਂਸ਼ੀ ਰਾਮ ਜੀ ,ਬਾਬੂ ਮੰਗੂ ਰਾਮ ਮੁਗੋਵਾਲੀਏ ਦੇ ਬਦਲੌਤ ਮਿਲੇ ਹਨ ਸਾਨੂ ਆਪਣੇ ਹੱਕਾਂ ਦੀ



ਖਾਤਰ ਵੋਟ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ ਤੇ ਬਾਕੀ ਕੇਂਦਰ ਚ ਭਾਜਪਾ ਦੀ ਸਰਕਾਰ ਦੇਸ਼ ਦਾ ਅੰਨਦਾਤਾ ਸ਼ੜਕਾਂ ਤੇ ਰੁਲਣ ਲਈ ਮਜਬੂਰ ਕਰ ਦਿਤਾ ਕਿਓਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਡਾਨੀ-ਅੰਬਾਨੀ ਦੇ ਹੱਥਾਂ ਦੀ ਕੱਠਪੁਤਲੀ ਬਣ ਚੁੱਕਾ ਹੈ ਜਿਕਰਯੋਗ ਹੈ ਕਿ ਬੀਤੇ ਦਿਨੀ ਕੇਂਦਰ ਸਰਕਾਰ ਨੇ ਜੋ ਬੱਜਟ ਪੇਸ਼ ਕੀਤਾ ਇਹ ਬੱਜਟ ਕਿਸਾਨਾਂ, ਦੇਸ਼ ਵਾਸੀਆ, ਮੱਧ ਵਰਗ, ਨੌਜਵਾਨਾਂ ਲਈ ਵਿਰੋਧੀ ਸਾਬਿਤ ਹੋਇਆ ਤੇ ਪੂੰਜੀਪਤੀਆਂ ਦੇ ਹੱਕ ਚ ਸਾਬਿਤ ਹੋਇਆ ਕਿਉਕਿ ਮੋਦੀ ਦੇਸ਼ ਦੀ ਸਾਰੀ ਸੰਪਤੀ ਆਪਣੇ ਮਿੱਤਰਾਂ ਤੇ ਪ੍ਰਾਈਵੇਟ ਘਰਾਣਿਆ ਨੂੰ ਦੇਣ ਦੀ ਫਿਰਾਕ ਹਨ ਕੁਝ ਤਾਂ ਗਹਿਣੇ ਕਰ ਦਿਤੀਆਂ ਤੇ ਕੁਝ ਕਰ ਦੇਣੀਆਂ ਹਨ ਜੋ ਬਹੁਤ ਮਾੜੀ ਗੱਲ ਹੈ ਇਤਿਹਾਸ ਚ ਇਹ ਪਹਿਲੀ ਵਾਰ ਲਿਖਿਆ ਜਾਵੇਗਾ ਤੇ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੇ ਐਸ਼ੋ ਆਰਾਮ ਵਾਸਤੇ ਦੇਸ਼ ਦੇ ਅਰਬਾਂ ਖਰਬਾਂ ਰੁਪਏ ਵਿਦੇਸ਼ੀ ਯਾਤਰਾ ਤੇ ਖਰਾਬ ਕਰ ਦਿਤਾ ਤੇ ਪਿਛੇ ਜਿਹੀ ਕਰੋਨਾਂ ਮਹਾਂਮਾਰੀ ਕਾਰਨ ਲੋਕ ਰੋਟੀ ਖਾਣ ਲਈ ਮਜਬੂਰ ਸਨ ਤੇ ਪ੍ਰਦਾਂਨ ਮੰਤਰੀ ਦੇਸ਼ ਵਾਸੀਆਂ ਤੋਂ ਰਿਲੀਫ ਫੰਡ ਦੀ ਮੰਗ ਕਰ ਰਿਹਾ ਸੀ ਤੇ ਲੋਕ ਕਰੋਨਾ ਨਾਲ ਜੂਝ ਰਹੇ ਸਨ ਤੇ ਮੋਦੀ ਕਿਸਾਨਾਂ ਅਤੇ ਦੇਸ਼ ਵਾਸੀਆਂ ਦੇ ਖਿਲਾਫ ਕਾਲੇ ਕਾਨੂਨ ਪਾਸ ਕਰਨ ਚ ਸਫਲ ਹੋ ਗਏ। ਇਸ ਤਰਾਂ ਦੀਆਂ ਲੋਕ ਮਾਰੂ ਸਰਕਾਰਾਂ ਨੂੰ ਦੇਸ਼ ਨੂ ਮੁਕਤ ਕਰਵਾਉਣਾ ਹੈ ਤਾਂ ਬਹੁਜਨ ਸਮਾਜ ਪਾਰਟੀ ਦੇ ਮੋਢੇ ਨਾਲ ਮੋਢਾ ਲਾਕੇ ਸਾਥ ਦਿਓ ਤੇ ਦੇਸ਼ ਨੂੰ ਸਾਫ ਸੁਥਰਾ ਤੇ ਲੋਕ ਤੰਤਰ ਦੇਸ਼ ਬਣਾਉਣ ਲਈ ਬਸਪਾ ਦਾ ਸਹਿਯੋਗ ਦਿਓ ਇਸ ਮੋਕੇ ਸਾ. ਸਰਪੰਚ ਨਿਰਮਲ ਕੋਰ ਧੀਰ, ਲੋਕ ਗਾਇਕ ਰੂਪ ਲਾਲ ਧੀਰ, ਨੰਬਰਦਾਰ ਤੇ ਗਾਇਕ ਰਾਜ ਕੁਮਾਰ ਦਦਰਾਲ, ਬਲਵੀਰ ਦਦਰਾਲ, ਜਸਪਾਲ ਧੀਰ ਆਦਿ ਹਾਜਰ ਸਨ।

ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਬਰਫੀਲੇ ਮੀਂਹ ਵਿੱਚ ਇਕੱਲਾ ਹੀ ਕਿਸਾਨ ਸੰਘਰਸ਼ ਦੇ ਹੱਕ ਵਿੱਚ ਡਟਿਆ ਗੁਲਜੀਤ ਸਿੰਘ ਬਾਵਾ





**ਗਲਾਸਗੋ–** ਆਪਣੀ ਆਵਾਜ਼ ਸੁਣਾਉਣ ਲਈ ਜ਼ਰੂਰੀ ਨਹੀਂ ਕਿ ਉੱਚੀਆਂ ਉੱਚੀਆਂ ਸਟੇਜਾਂ ਜਾਂ ਕੰਨ ਪਾੜਵੇਂ ਸ਼ੋਰ ਵਾਲੇ ਸਪੀਕਰ ਹੀ ਵਰਤੇ ਜਾਣੇ ਚਾਹੀਦੇ ਹਨ। ਸਗੋਂ ਚੁੱਪ ਵੀ ਬਹੁਤ ਵੱਡਾ ਹਥਿਆਰ ਹੈ। ਇਸੇ ਚੁੱਪ ਦਾ ਸਦਉਪਯੋਗ ਕਰਦਿਆਂ ਗਲਾਸਗੋ ਦੇ ਪੰਜਾਬੀ ਨੌਜਵਾਨ ਗੁਲਜੀਤ ਸਿੰਘ ਬਾਵਾ ਨੇ ਬਰਫੀਲੇ ਮੀਂਹ ਵਿੱਚ ਕਿਸਾਨ ਸੰਘਰਸ਼ ਦੇ ਹੱਕ ਵਿੱਚ ਖੜ੍ਹੇ ਹੋ ਕੇ ਰੋਸ ਪ੍ਰਦਰਸ਼ਨ ਰਾਹੀਂ ਲੋਕਾਂ ਨੂੰ ਭਾਰਤ ਸਰਕਾਰ ਦਾ ਤਾਨਾਸ਼ਾਹੀ ਚਿਹਰਾ ਦਿਖਾਇਆ। ਗੁਲਜੀਤ ਸਿੰਘ ਬਾਵਾ ਨੇ ਸੰਕੇਤਕ ਤੌਰ 'ਤੇ ਕੋਲ ਸਬਜ਼ੀਆਂ ਰੱਖੀਆਂ ਹੋਈਆਂ ਸਨ ਤੇ ਹੱਥ ਵਿੱਚ ਖੁਦ ਤਿਆਰ ਕੀਤੀ ਤਖਤੀ ਫੜ੍ਹ ਕੇ ਸਾਰਾ ਦਿਨ ਆਉਂਦੇ ਜਾਂਦੇ ਲੋਕਾਂ ਨੂੰ ਕਿਸਾਨ ਸੰਘਰਸ਼ ਦਾ ਸਾਥ ਦੇਣ ਦੀ ਅਪੀਲ ਕੀਤੀ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਮੈਂ ਕਿਸੇ ਜੱਥੇਬੰਦੀ ਜਾਂ ਸੰਸਥਾ ਨਾਲ ਤਾਂ ਨਹੀਂ ਜੁੜਿਆ ਪਰ ਆਪਣਾ ਫਰਜ਼ ਸਮਝਦੇ ਹੋਏ ਇਕੱਲੇ ਨੇ ਹੀ ਆਪਣਾ ਯੋਗਦਾਨ ਪਾਉਣ ਦਾ ਨਿਸ਼ਚਾ ਕੀਤਾ। ਉਕਤ ਨੌਜਵਾਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਤੁਸੀਂ ਜਿੱਥੇ ਵੀ ਹੋ, ਬਿਨਾਂ ਕਿਸੇ ਹੋਰ ਦਾ ਸਾਥ ਉਡੀਕਿਆਂ ਆਪਣੀ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕਰੋ।

# ਸਕਾਟਲੈਂਡ ਪੁਲਿਸ ਨੇ ਗਸ਼ਤ ਦੌਰਾਨ ਜ਼ਬਤ ਕੀਤੇ ਲੱਖਾਂ ਪੌਂਡ ਦੇ ਨਸ਼ੀਲੇ ਪਦਾਰਥ




**ਗਲਾਸਗੋ–** ਸਕਾਟਲੈਂਡ ਪੁਲਿਸ ਨੇ ਸ਼ਨੀਵਾਰ ਦੇ ਦਿਨ ਰੋਜ਼ਾਨਾ ਦੀ ਗਸ਼ਤ ਦੌਰਾਨ ਕਾਰਵਾਈ ਕਰਦਿਆਂ ਲੱਖਾਂ ਪੌਂਡ ਦੀ ਭੰਗ ਜ਼ਬਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਕਾਰਵਾਈ ਵਿੱਚ ਪੁਲਿਸ ਨੇ ਮੋਟਰਵੇਅ 74 'ਤੇ ਇੱਕ ਕਾਰ ਦਾ ਪਿੱਛਾ ਕਰਨ ਤੋਂ ਬਾਅਦ ਕੱਲ ਦੁਪਹਿਰ ਨੂੰ ਲਗਭਗ 210,000 ਪੌਂਡ ਦੇ ਨਸ਼ੀਲੇ ਪਦਾਰਥ ਜਿਹਨਾਂ ਵਿੱਚ ਮੁੱਖ ਤੌਰ 'ਤੇ ਭੰਗ ਸ਼ਾਮਿਲ ਸੀ, ਨੂੰ ਬਰਾਮਦ ਕਰਨ ਦੇ ਨਾਲ ਤਿੰਨ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਸਕਾਟਲੈਂਡ ਪੁਲਿਸ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਮਫ੍ਰਾਈਜ਼ ਅਤੇ ਗੈਲੋਵੇ ਵਿੱਚ ਰੋਡ ਪੁਲਿਸ ਅਫਸਰਾਂ ਨੇ ਐਮ 74 'ਤੇ ਰੁਟੀਨ ਦੀ ਗਸ਼ਤ ਦੌਰਾਨ ਗਲਾਸਗੋ ਤੋਂ ਕਾਰਲਿਸ ਰੋਡ 'ਤੇ ਸ਼ਨੀਵਾਰ ਦੁਪਹਿਰ 1.30 ਵਜੇ ਇੱਕ ਬੀ ਐਮ ਡਬਲਯੂ ਅਤੇ ਮਰਸੀਡੀਜ਼ ਕਾਰ ਨੂੰ ਰੋਕਣ ਵਿੱਚ ਅਸਫਲ ਰਹਿਣ ਦੇ ਬਾਅਦ ਉਹਨਾਂ ਦਾ ਪਿੱਛਾ ਕੀਤਾ। ਜਿਸਦੇ ਬਾਅਦ ਲਾਕਰਬੀ ਹਾਈ ਸਟ੍ਰੀਟ ਦੇ ਕੋਲ ਮਰਸੀਡੀਜ਼ ਕਾਰ ਵਿਚਲੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਜਦਕਿ ਬੀ ਐਮ ਡਬਲਯੂ ਨੂੰ ਹਾਸ ਫਾਰਮ ਦੇ ਨਜ਼ਦੀਕ ਇੱਕ ਖੇਤ ਵਿੱਚ ਛੱਡ ਦਿੱਤਾ ਗਿਆ ਸੀ ਅਤੇ ਇਸਦੇ 28 ਸਾਲਾਂ ਚਾਲਕ ਨੂੰ ਥੋੜ੍ਹੀ ਦੇਰ ਬਾਅਦ ਹਿਰਾਸਤ ਵਿੱਚ ਲੈ ਕੇ ਉਸ ਉੱਤੇ ਨਸ਼ਿਆਂ ਅਤੇ ਸੜਕੀ ਟ੍ਰੈਫਿਕ ਅਪਰਾਧ ਦੇ ਦੋਸ਼ ਲਗਾਏ ਗਏ ਹਨ ਅਤੇ ਉਸ ਦੇ ਸੋਮਵਾਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦੀ ਉਮੀਦ ਹੈ। ਮਰਸੀਡੀਜ਼ ਵਿਚਲੇ ਦੋਵਾਂ ਸਵਾਰਾਂ ਨੂੰ ਗ੍ਰਿਫਤਾਰ ਕਰ ਲੈਣ ਤੋਂ ਬਾਅਦ ਛੱਡ ਦਿੱਤਾ ਗਿਆ ਸੀ ਜਦਕਿ ਉਹਨਾਂ ਕੋਲੋਂ ਹੋਰ ਪੁੱਛਗਿੱਛ ਬਾਕੀ ਹੈ।

# ਗੈਰ ਕਾਨੂੰਨੀ ਪਾਰਟੀ ਕਰਦੇ ਲੋਕਾਂ ਨੂੰ ਹੋਇਆ ਤਕਰੀਬਨ 30,000 ਪੌਂਡ ਦਾ ਜੁਰਮਾਨਾ





**ਗਲਾਸਗੋ–** ਯੂਕੇ ਵਿੱਚ ਕੀਤੀ ਕੌਮੀ ਤਾਲਾਬੰਦੀ ਦੇ ਬਾਵਜੂਦ ਬਰਮਿੰਘਮ ਸਥਿਤ ਸ਼ੀਸ਼ਾ ਬਾਰ ਦੇ ਅੰਦਰ ਦਰਜਨਾਂ ਲੋਕਾਂ ਵੱਲੋਂ ਇਕੱਠੇ ਹੋ ਕੇ ਪਾਰਟੀ ਆਯੋਜਿਤ ਕੀਤੀ ਗਈ। ਇਸ ਗੈਰ ਕਾਨੂੰਨੀ ਪਾਰਟੀ 'ਤੇ ਕਾਰਵਾਈ ਕਰਦਿਆਂ ਪੁਲਿਸ ਵੱਲੋਂ ਤਕਰੀਬਨ 30,000 ਪੌਂਡ ਦੇ ਜ਼ੁਰਮਾਨੇ ਜਾਰੀ ਕੀਤੇ ਗਏ ਹਨ। ਇਸ ਬਾਰ ਵਿੱਚ ਪਾਰਟੀ ਦੌਰਾਨ ਇਸਨੂੰ ਇੱਕ ਲੌਂਜ ਵਿੱਚ ਬਦਲ ਦਿੱਤਾ ਗਿਆ ਸੀ, ਜਿਸ ਵਿੱਚ ਬੀਅਰ ਅਤੇ ਸਾਫਟ ਡਰਿੰਕ ਵਿਕਣ ਦੇ ਨਾਲ ਅਤੇ ਕੋਰੋਨਾ ਨਿਯਮ ਤੋੜਦਿਆਂ ਤਾਸ਼ ਅਤੇ ਹੋਰ ਖੇਡਾਂ ਖੇਡੀਆਂ ਜਾ ਰਹੀਆਂ ਸਨ। ਬਰਮਿੰਘਮ ਦੇ ਸਪਾਰਕਬਰੂਕ ਵਿੱਚ ਸ਼ੀਸ਼ਾ ਬਾਰ ਦੀ ਇਸ ਪਾਰਟੀ ਵਿੱਚ ਸਾਰੇ 36 ਲੋਕਾਂ ਨੂੰ 15 ਵਿਅਕਤੀਆਂ ਤੋਂ ਵੱਧ ਦਾ ਇਕੱਠ ਕਰਨ ਲਈ ਨਵੇਂ ਨਿਯਮਾਂ ਤਹਿਤ ਹਰੇਕ ਨੂੰ 800 ਪੌਂਡ ਦਾ ਜੁਰਮਾਨਾ ਕੀਤਾ ਗਿਆ। ਇਸਦੇ ਇਲਾਵਾ ਅਧਿਕਾਰੀਆਂ ਨੇ ਕੋਰੋਨਾ ਤਾਲਾਬੰਦੀ ਨਿਯਮਾਂ ਦੀ ਉਲੰਘਣਾ ਕਰਦੇ ਦੀਆਂ 74 ਲੋਕਾਂ ਨੂੰ ਸ਼ਨੀਵਾਰ ਅਤੇ ਹੋਰ 61 ਵਿਅਕਤੀਆਂ ਨੂੰ ਸ਼ੁੱਕਰਵਾਰ ਦੇ ਦਿਨ ਕਾਬੂ ਕੀਤਾ, ਜਿਹਨਾਂ ਨੂੰ 800 ਅਤੇ 200 ਪੌਂਡ ਤੱਕ ਦੇ ਜ਼ੁਰਮਾਨੇ ਕੀਤੇ ਗਏ। ਪੁਲਿਸ ਅਧਿਕਾਰੀਆਂ ਵੱਲੋਂ ਲੋਕਾਂ ਵੱਲੋਂ ਇਸ ਤਰ੍ਹਾਂ ਦੀਆਂ ਕੀਤੀਆਂ ਜਾ ਰਹੀਆਂ ਹਰਕਤਾਂ ਨੂੰ ਮਹਾਂਮਾਰੀ ਦੇ ਇਸ ਸਮੇਂ ਵਿੱਚ ਲਾਪ੍ਰਵਾਹੀ ਅਤੇ ਅਫਸੋਸਜਨਕ ਦੱਸਿਆ ਹੈ।

# ਮੁੱਕੇਬਾਜ਼ ਆਮਿਰ ਖਾਨ ਨੇ 230 ਮੀਲ ਦਾ ਸਫਰ ਕਰਕੇ ਕੀਤੀ ਤਾਲਾਬੰਦੀ ਨਿਯਮਾਂ ਦੀ ਉਲੰਘਣਾ






**ਗਲਾਸਗੋ–** ਯੂਕੇ ਦੇ ਪ੍ਰਸਿੱਧ ਪੇਸ਼ੇਵਰ ਮੁੱਕੇਬਾਜ਼ ਆਮਿਰ ਖਾਨ 'ਤੇ ਕਾਵੈਂਟਰੀ ਦੀ 230 ਮੀਲ ਯਾਤਰਾ ਕਰਨ ਤੋਂ ਬਾਅਦ ਤਾਲਾਬੰਦੀ ਨਿਯਮਾਂ ਨੂੰ ਤੋੜਨ ਦਾ ਦੋਸ਼ ਲਾਇਆ ਗਿਆ ਹੈ। ਇਸ 34 ਮੁੱਕੇਬਾਜ਼ ਨੇ ਬੋਲਟਨ ਸਥਿਤ ਆਪਣੇ ਘਰ ਤੋਂ ਇੱਕ ਰੈਸਟੋਰੈਂਟ "ਦਿ ਫਾਰਮ ਹਾਊਸ" ਦੀ ਯਾਤਰਾ ਕਰਕੇ ਤਾਲਾਬੰਦੀ ਨਿਯਮਾਂ ਤਹਿਤ ਸਮਾਜਿਕ ਦੂਰੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਦਿਆਂ ਆਪਣੇ ਦੋ ਪ੍ਰਸ਼ੰਸਕਾਂ ਨਾਲ ਤਸਵੀਰ ਖਿੱਚੀ। ਇਸ ਫੋਟੋ ਨੂੰ ਰੈਸਟੋਰੈਂਟ ਦੇ ਇੰਸਟਾਗ੍ਰਾਮ ਅਕਾਉਂਟ ਦੁਆਰਾ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਗਿਆ ਸੀ, ਜਿਸ ਵਿੱਚ ਉਹ ਆਪਣੇ ਪ੍ਰਸੰਸਕਾਂ ਦੇ ਬਿਲਕੁਲ ਕਰੀਬ ਖੜੇ ਹਨ। ਇਸ ਪੋਸਟ ਨੂੰ ਬਾਅਦ 'ਚ ਹਟਾ ਦਿੱਤਾ ਗਿਆ ਪਰ ਲੋਕਾਂ ਨੇ ਆਮਿਰ ਦੀ ਫੋਟੋ 'ਤੇ ਟਿੱਪਣੀਆਂ ਕਰਦਿਆਂ ਇਸ ਸਪੋਰਟਸ ਸਟਾਰ 'ਤੇ ਮੌਜੂਦਾ ਤਾਲਾ-ਬੰਦੀ ਪਾਬੰਦੀਆਂ ਦੀ ਉਲੰਘਣਾ ਕਰਨ ਦੇ ਦੋਸ਼ ਲਗਾਏ ਹਨ। ਯੂਕੇ ਵਿੱਚ ਇਸ ਵੇਲੇ ਤਾਲਾਬੰਦੀ ਨਿਯਮ ਸਮ-ਾਜਿਕ ਦੂਰੀਆਂ ਤਹਿਤ ਲੋਕਾਂ ਆਪਸ ਵਿੱਚ ਘੱਟੋ ਘੱਟ ਦੋ ਮੀਟਰ ਦੀ ਦੂਰੀ ਤੇ ਰਹਿਣ ਦੇ ਨਾਲ ਰਾਸ਼ਟਰੀ ਤਾਲਾਬੰਦੀ ਦੌਰਾਨ ਲੋਕਾਂ ਨੂੰ ਘਰ ਰਹਿਣ ਦੀ ਵੀ ਅਪੀਲ ਕਰਦੇ ਹਨ, ਜਦਕਿ ਇਹਨਾਂ ਨਿਯਮਾਂ ਅਨੁਸਾਰ ਲੋਕਾਂ ਨੂੰ ਸਿਰਫ ਇੱਕ ਬਾਹਰੀ ਵਿਅਕਤੀ ਨਾਲ ਰਲਣ ਦੀ ਆਗਿਆ ਹੈ। ਆਮਿਰ ਨੇ ਅਜੇ ਤੱਕ ਨਿਯਮਾਂ ਦੀ ਉਲੰਘਣਾ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਸਦੇ ਇਲਾਵਾ ਆਮਿਰ 'ਤੇ ਪਿਛਲੇ ਸਾਲ ਮਈ ਵਿੱਚ ਆਪਣੀ ਧੀ ਦੇ ਜਨਮ ਦਿਨ ਦੀ ਮੇਜ਼ਬਾਨੀ ਕਰਦਿਆਂ 9 ਰਿਸ਼ਤੇਦਾਰ ਹਾਜ਼ਰ ਇਕੱਠੇ ਕਰਕੇ ਤਾਲਾਬੰਦੀ ਨਿਯਮ ਦੇ ਇਲਜਾਮ ਲਗਾਏ ਗਏ ਸਨ। ਯੂਕੇ ਦੇ ਇਸ ਬਾਕਸਰ ਨੇ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਆਪਣੀ ਇੱਕ 60,000 ਵਰਗ ਫੁੱਟ ਦੀ ਇਮਾਰਤ ਦੀ ਪੇਸ਼ਕਸ਼ ਐਨ ਐਚ ਐਸ ਨੂੰ ਕੋਰੋਨਾ ਮਰੀਜਾਂ ਦੇ ਇਲਾਜ ਵਾਸਤੇ ਵਰਤੋਂ ਕਰਨ ਲਈ ਕੀਤੀ ਸੀ।

# ਮਹਾਰਾਣੀ ਨੇ ਐਮ ਆਈ 5 ਦੇ ਸਾਬਕਾ ਮੁਖੀ ਦੀ ਸ਼ਾਹੀ ਘਰਾਣੇ ਦੇ ਉੱਚ ਅਧਿਕਾਰੀ ਵਜੋਂ ਕੀਤੀ ਨਿਯੁਕਤੀ






**ਗਲਾਸਗੋ/ਲੰਡਨ–** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਨੇ ਇੰਟੈਲੀਜੈਂਸ ਏਜੰਸੀ ਐਮ ਆਈ 5 ਦੇ ਸਾਬਕਾ ਮੁਖੀ ਨੂੰ ਆਪਣੇ ਸ਼ਾਹੀ ਘਰਾਣੇ ਵਿੱਚ ਉੱਚ ਅਧਿਕਾਰੀ ਵਜੋਂ ਨਿਯੁਕਤ ਕੀਤਾ ਹੈ।

ਮਿਨਸਮੇਰ ਨਾਲ ਸੰਬੰਧਿਤ 59 ਸਾਲਾਂ ਦੇ ਐਂਡ੍ਰਿਊ ਬੈਰਨ ਪਾਰਕਰ ਜੋ ਪਿਛਲੇ ਸਾਲ ਤੱਕ ਐਮ ਆਈ 5 ਦੇ ਡਾਇਰੈਕਟਰ ਜਨਰਲ ਦੇ ਤੌਰ 'ਤੇ ਸੇਵਾ ਨਿਭਾਅ ਰਹੇ ਸਨ, ਸ਼ਾਹੀ ਘਰਾਣੇ ਦੇ ਵਿਭਾਗਾਂ ਦੇ ਕੰਮਾਂ ਨੂੰ ਨਿਰਵਿਘਨ ਚਲਾਉਣ ਨੂੰ ਯਕੀਨੀ ਬਣਾਉਣਗੇ। 73 ਸਾਲ ਦੇ ਅਰਲ ਪੀਲ 14 ਸਾਲਾਂ ਤੋਂ ਇਹ ਨੌਕਰੀ ਕਰ ਰਹੇ ਹਨ ਅਤੇ ਹੁਣ ਸੇਵਾਮੁਕਤ ਹੋਣ ਲਈ ਤਿਆਰ ਹਨ। ਬੈਰਨ ਪਾਰਕਰ ਉਹਨਾਂ ਕੋਲੋਂ ਇਹ ਅਹੁਦਾ ਲੈਣਗੇ। ਬੈਰਨ ਪਾਰਕਰ ਨੇ 1983 ਵਿੱਚ ਪਹਿਲੀ ਵਾਰ ਐਮ ਆਈ 5 ਦੇ ਇੰਟੈਲੀਜੈਂਸ ਦਫ਼ਤਰ ਵਿੱਚ ਕੰਮ ਦੀ ਸ਼ੁਰੂਆਤ ਕੀਤੀ ਸੀ। ਬੈਰਨ 7 ਜੁਲਾਈ ਨੂੰ ਲੰਡਨ ਦੇ ਅੱਤਵਾਦੀ ਹਮਲੇ ਅਤੇ 2006 ਦੇ ਟਰਾਂਸੈਟਲੈਂਟਿਕ ਹਵਾਈ ਜਹਾਜ਼ਾਂ ਦੀ ਸਾਜ਼ਿਸ਼ ਪ੍ਰਤੀ ਸੁਰੱਖਿਆ ਸੇਵਾਵਾਂ ਦੀ ਅਗਵਾਈ ਕਰਨ ਤੋਂ ਬਾਅਦ 2007 ਵਿੱਚ ਡਿਪਟੀ ਡਾਇਰੈਕਟਰ ਜਨਰਲ ਬਣੇ ਸਨ। ਇਸਦੇ ਇਲਾਵਾ 2013 ਵਿੱਚ ਬੈਰਨ ਨੂੰ ਸੁਰੱਖਿਆ ਸੇਵਾ ਦਾ ਮੁਖੀ ਬਣਨ ਲਈ ਲੱਗਭਗ 165,000 ਪੌਂਡ ਸਲਾਨਾ ਭੁਗਤਾਨ ਕੀਤਾ ਗਿਆ ਸੀ। ਲਾਰਡ ਚੈਂਬਰਲਿਨ ਦਾ ਇਹ ਅਹੁਦਾ ਸ਼ਾਹੀ ਘਰ ਦੀਆਂ ਸਾਰੀਆਂ ਸੀਨੀਅਰ ਨਿਯੁਕਤੀਆਂ ਦੀ ਨਿਗਰਾਨੀ ਕਰਦਾ ਹੈ। ਇਸਦੇ ਇਲਾਵਾ ਇਹ ਹਾਊਸ ਆਫ ਲਾਰਡਜ਼ ਦੇ ਵਿਚਕਾਰ ਸੰਚਾਰ ਦਾ ਸਾਧਨ ਹੈ ਜੋ ਕਿ ਬਕਿੰਘਮ ਪੈਲੇਸ ਅਤੇ ਕਲੇਰੈਂਸ ਹਾਊਸ ਵਿਚਾਲੇ ਤਾਲਮੇਲ ਨੂੰ ਵੀ ਯਕੀਨੀ ਬਣਾਉਂਦਾ ਹੈ।

# ਸਕਾਟਲੈਂਡ 'ਚ ਵਿਅਕਤੀ 'ਤੇ ਲੱਗੇ ਕਪਤਾਨ ਟੌਮ ਮੂਰ ਦੀ ਮੌਤ ਸੰਬੰਧੀ ਅਪਮਾਨਜਨਕ ਟਵੀਟ ਕਰਨ ਦੇ ਦੋਸ਼

**ਗਲਾਸਗੋ–** ਸਕਾਟਲੈਂਡ ਵਿੱਚ ਇੱਕ ਵਿਅਕਤੀ 'ਤੇ ਕਪਤਾਨ ਸਰ ਟੌਮ ਮੂਰ ਦੀ ਮੌਤ ਬਾਰੇ ਸ਼ੋਸਲ ਮੀਡੀਆ ਸਾਈਟ ਟਵਿੱਟਰ ਉੱਪਰ ਅਪਮਾਨਜਨਕ ਟਵੀਟ ਲਿਖਣ ਦਾ ਦੋਸ਼ ਲਗਾਇਆ ਗਿਆ ਹੈ। ਇਸ 35 ਸਾਲਾ ਸ਼ੱਕੀ ਵਿਅਕਤੀ ਨੇ 100 ਸਾਲਾ ਕਪਤਾਨ ਟੌਮ ਦੇ ਕੋਵਿਡ ਲਈ ਸਕਾਰਾਤਮਕ ਟੈਸਟ ਕਰਨ ਤੋਂ ਬਾਅਦ ਬੈੱਡਫੋਰਡ ਹਸਪਤਾਲ ਵਿੱਚ ਮੌਤ ਹੋਣ ਦੇ ਬਾਅਦ ਟਵਿੱਟਰ 'ਤੇ ਟਿੱਪਣੀ ਕੀਤੀ ਸੀ, ਜਿਸ ਵਿੱਚ ਕਥਿਤ ਤੌਰ 'ਤੇ ਮੂਰ ਦਾ ਹਵਾਲਾ ਦੇ ਕੇ ਬ੍ਰਿਟਿਸ਼ ਫੌਜੀਆਂ ਦੇ ਮਰਨ ਬਾਰੇ ਲਿਖਿਆ ਗਿਆ ਸੀ। ਸਕਾਟਲੈਂਡ ਪੁਲਿਸ ਅਨੁਸਾਰ ਇਸ ਵਿਅਕਤੀ



'ਤੇ ਹੁਣ ਕਮਿਊਨੀਕੇਸ਼ਨ ਜੁਰਮ ਦੇ ਦੋਸ਼ ਲਗਾਏ ਗਏ ਹਨ ਅਤੇ ਉਸਨੂੰ 17 ਫਰਵਰੀ ਨੂੰ ਲੈਨਾਰਕ ਸ਼ੈਰਿਫ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਜੇਕਰ ਇਹ ਵਿਅਕਤੀ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਸਨੂੰ ਛੇ ਮਹੀਨਿਆਂ ਦੀ ਕੈਦ ਜਾਂ 5,000 ਪੌਂਡ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਕਮਿਊਨੀਕੇਸ਼ਨਜ਼ ਐਕਟ 2003 ਦਾ ਮਤਲਬ ਉਨ੍ਹਾਂ ਆਨਲਾਈਨ ਅਪਰਾਧਾਂ ਤੋਂ ਹੈ ਜਿਨ੍ਹਾਂ ਨੂੰ ਘੋਰ ਅਪਮਾਨਜਨਕ ਵਜੋਂ ਮੰਨਿਆ ਜਾ ਸਕਦਾ ਹੈ। ਜਿਕਰਯੋਗ ਹੈ ਕਿ ਕਪਤਾਨ ਟੌਮ ਮੂਰ ਦੀ ਮੌਤ 2 ਫਰਵਰੀ ਨੂੰ ਹੋਣ ਤੋਂ ਪਹਿਲਾਂ ਉਸਨੂੰ ਨਮੂਨੀਆ ਅਤੇ ਕੋਰੋਨਾ ਪੀੜਤ ਹੋਣ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਪਹਿਲੀ ਤਾਲਾਬੰਦੀ ਦੇ ਦੌਰਾਨ ਇਹ ਬਜ਼ੁਰਗ ਸੈਨਿਕ ਐਨ ਐਸ ਐਚ ਲਈ ਲੱਖਾਂ ਪੌਂਡ ਦੀ ਦਾਨ ਰਾਸ਼ੀ ਇਕੱਠੀ ਕਰਕੇ ਇੱਕ ਰਾਸ਼ਟਰੀ ਨਾਇਕ ਵਜੋਂ ਉੱਭਰ ਕੇ ਸਾਹਮਣੇ ਆਇਆ। 2020 ਦੇ ਅੰਤ ਵਿੱਚ ਟੌਮ ਮੂਰ ਦੇ ਬਾਰਬਾਡੋਸ ਜਾਣ ਕਰਕੇ ਉਸਦੀ ਮੌਤ ਤੋਂ ਬਾਅਦ ਉਸਦੇ ਪਰਿਵਾਰ ਨੂੰ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ ਸੀ।

ਹੁਸ਼ਿਆਰਪੁਰ/ ਸ਼ਾਮਚੁਰਾਸੀ ਖਬਰਨਾਮਾ / ਕੁਲਦੀਪ ਚੁੰਬਰ

# ਹਲਕਾ ਵਿਧਾਇਕ ਪਵਨ ਆਦੀਆ ਨੇ ਸ਼ਾਮਚੁਰਾਸੀ 'ਚ ਕੀਤਾ ਚੋਣ ਪ੍ਰਚਾਰ ਤੇਜ਼

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਹਲਕਾ ਸ਼ਾਮਚੁਰਾਸੀ ਦੇ ਵਿਧਾਇਕ ਸ਼੍ਰੀ ਪਵਨ ਕੁਮਾਰ ਆਦੀਆ ਵਲੋਂ ਸ਼ਾਮਚੁਰਾਸੀ ਨਗਰ ਕੌਂਸਲ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਕਾਂਗਰਸ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਵੱਖ-ਵੱਖ 9 ਵਾਰਡਾਂ ਦੇ ਉਮੀਦਵਾਰਾਂ ਦੇ ਹੱਕ ਵਿਚ ਅੱਜ ਡੋਰ ਟੂ ਡੋਰ ਪ੍ਰਚਾਰ ਕੀਤਾ ਗਿਆ। ਇਸ ਮੌਕੇ ਵਿਧਾਇਕ ਆਦੀਆ ਨੇ ਕਿਹਾ ਕਿ ਸ਼ਾਮਚੁਰਾਸੀ ਇਲਾਕੇ ਦੀ ਚਿਰੋਕਣੀ ਮੰਗ ਇੱਥੇ ਸਬ ਤਹਿਸੀਲ ਬਨਾਉਣ ਦੀ ਸੀ ਜਿਸ ਨੂੰ ਕਾਂਗਰਸ ਸਰਕਾਰ ਨੇ ਅਮਲੀ ਜਾਮਾਂ ਪਹਿਨਾਇਆ।



ਬਹੁਤ ਜਲਦ ਇੱਥੇ ਸਬ ਤਹਿਸੀਲ ਸਥਾਪਿਤ ਹੋ ਜਾਵੇਗੀ। ਜਿੱਥੇ ਲੋਕਾਂ ਦੇ ਹਰ ਤਰ੍ਹਾਂ ਦੇ ਛੋਟੇ ਮੋਟੇ ਸਰਕਾਰੀ ਕੰਮ ਬਿਨਾ ਕਿਸੇ ਰੁਕਾਵਟ ਦੇ ਹੋਣਗੇ। ਉਨ੍ਹਾਂ ਇਸ ਮੌਕੇ ਨਗਰ ਕੌਂਸ਼ਲ ਸ਼ਾਮਚੁਰਾਸੀ ਦੀ ਚੋਣ ਵਿਚ ਖੜ੍ਹੇ ਕੀਤੇ ਵੱਖ-ਵੱਖ 9 ਵਾਰਡਾਂ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਵੋਟਰਾਂ ਨੂੰ ਅਪੀਲ ਕੀਤੀ। ਇਸ ਮੌਕੇ ਉਮੀਦਵਾਰ ਨਿਰਮਲ ਕੁਮਾਰ, ਹਰਭਜਨ ਕੌਰ, ਕੁਲਜੀਤ ਸਿੰਘ, ਬਲਵੀਰ ਫਿਲੋਰਾ ਅਤੇ ਹੋਰ ਕਈ ਕਾਂਗਰਸੀ ਆਗੂ ਚੋਣ ਪ੍ਰਚਾਰ ਦੀ ਮੁਹਿੰਮ ਵਿਚ ਹਾਜ਼ਰ ਸਨ।

# ਵੋਟਿੰਗ ਮਸ਼ੀਨਾਂ ਦੀ ਤਿਆਰੀ ਸਬੰਧੀ ਉਮੀਦਵਾਰਾਂ ਨੂੰ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ ਵਿਚ ਆਰ ਓ ਮਨਜੀਤ ਸਿੰਘ ਅਤੇ ਏ ਆਰ ਓ ਤਜਿੰਦਰ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਚੋਣ ਲੜ ਰਹੇ 39 ਉਮੀਦਵਾਰਾਂ ਨੂੰ ਵੋਟਿੰਗ ਮਸ਼ੀਨਾਂ ਦੀ ਤਿਆਰੀ ਸਬੰਧੀ ਅੱਜ ਉਕਤ ਚੋਣ ਅਮਲੇ ਵਲੋਂ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਮੁੱਚੇ ਸਟਾਫ ਵਿਚ ਉਂਕਾਰ ਸਿੰਘ ਸੂਸ ਨੋਡਲ ਅਫ਼ਸਰ, ਸੁਖਵਿੰਦਰ ਸਿੰਘ ਸੂਸ, ਜਸਪ੍ਰੀਤ ਸਿੰਘ, ਹੀਰਾ ਲਾਲ, ਦੇਸ ਰਾਜ ਵਿਰਦੀ, ਗੁਰਜੀਤ ਸਿੰਘ ਨਿੱਝਰ, ਸਤਪਾਲ ਸਿੰਘ, ਰਜਿੰਦਰ ਕਮਲ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਤੋਂ ਇਲਾਵਾ ਸ਼ਾਮਚੁਰਾਸੀ ਨਗਰ ਕੌਂਸਲ ਦੀ ਚੋਣ ਲੜ ਰਹੇ 39 ਉਮੀਦਵਾਰਾਂ ਨੂੰ ਇਸ ਮੌਕੇ ਸਮੁੱਚੇ



ਅਮਲੇ ਨੇ ਵੋਟਿੰਗ ਮਸ਼ੀਨਾਂ ਵਿਚ ਵੋਟ ਪੋਲ ਹੋਣ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਆਰ ਓ ਮਨਜੀਤ ਸਿੰਘ ਅਤੇ ਏ ਆਰ ਓ ਤਜਿੰਦਰ ਸਿੰਘ ਨੇ ਦੱਸਿਆ ਕਿ ਅੱਜ 10 ਫਰਵਰੀ ਨੂੰ ਪੋਲਿੰਗ ਟੀਮਾਂ ਵਲੋਂ ਖਾਲਸਾ ਸਕੂਲ ਸ਼ਾਮਚੁਰਾਸੀ ਵਿਖੇ ਸਵੇਰੇ 10 ਵਜੇ ਚੋਣ ਰਿਹਸਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸ਼ਾਮਚੁਰਾਸੀ ਦੇ 9 ਵਾਰਡਾਂ ਦੇ 3-3 ਬੂਥ ਬਣਾਏ ਗਏ ਹਨ। ਜਿੰਨ੍ਹਾਂ ਵਿਚ 3 ਖਾਲਸਾ ਸਕੂਲ, 3 ਪ੍ਰਾਇਮਰੀ ਸਕੂਲ ਅਤੇ 3 ਗੁਰੂ ਨਾਨਕ ਕਾਲਜ ਵਿਚ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ। ਜਿੱਥੇ ਸ਼ਾਮਚੁਰਾਸੀ ਦੇ ਸਾਰੇ ਵੋਟਰ 14 ਫਰਵਰੀ ਨੂੰ ਆਪਣੀ ਕੀਮਤੀ ਵੋਟ ਆਪਣੇ ਚਹੇਤੇ ਉਮੀਦਵਾਰਾਂ ਨੂੰ ਪਾਉਣਗੇ।

# ਜਦੋਂ ਤੱਕ ਹਾਕਮ ਧਿਰ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਸਦੀ ਸਿਆਸੀ ਜ਼ਮੀਨ ਖਿਸਕ ਰਹੀ ਹੈ, ਉਦੋਂ ਤੱਕ ਕਿਸਾਨ ਸੰਘਰਸ਼ ਲੰਮਾ ਚਲੇਗਾ

**ਫਗਵਾੜਾ (ਬੀ.ਕੇ.ਰੱਤੂ)** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਵਲੋਂ ਕਿਸਾਨੀ ਅੰਦੋਲਨ: ਮੌਜੂਦਾ ਹਾਲਤ ਵੇਲੇ ਸਿਆਸੀ ਪਾਰਟੀਆਂ ਦੀ ਭੂਮਿਕਾ, ਵਿਸ਼ੇ ਤੇ ਕਰਵਾਏ ਗਏ ਪੰਦਰਾਂ ਰੋਜ਼ਾ ਵੈਬੀਨਾਰ ਵਿੱਚ ਬੋਲਦਿਆਂ ਮੁੱਖ ਬੁਲਾਰੇ ਡਾ: ਕੇਹਰ ਸਿੰਘ ਨੇ ਇਹ ਮੰਨਿਆ ਕਿ ਕਿਸਾਨ ਅੰਦੋਲਨ ਸਿਰਫ ਪੰਜਾਬ ਦੀ ਕਿਸਾਨੀ ਨਾਲ ਹੀ ਨਹੀਂ ਸਗੋਂ ਸਾਰੇ ਭਾਰਤ ਦੀ ਕਿਸਾਨੀ ਨਾਲ ਜੁੜਿਆ ਹੋਇਆ ਹੈ। ਇਸ ਵਿੱਚ ਬੀ.ਜੇ.ਪੀ. ਤੋਂ ਬਿਨਾਂ ਤਕਰੀਬਨ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਅਸਿੱਧੇ ਤੌਰ ਤੇ ਜੁੜੀਆਂ ਹੋਈਆਂ ਹਨ। ਇਸ ਅੰਦੋਲਨ ਵਿੱਚ ਅਜੰਡਾ ਸਿਆਸੀ ਪਾਰਟੀਆਂ ਨਹੀਂ ਸਗੋਂ ਕਿਸਾਨ ਲੀਡਰ ਹੀ ਤਹਿ ਕਰਦੇ ਹਨ। ਸਿਆਸਤ ਤਾਂ ਤਾਕਤ ਦੀ ਖੇਡ ਹੈ ਜੇਕਰ ਸਿਆਸੀ ਪਾਰਟੀਆਂ ਇਸ ਸੰਘਰਸ਼ ਨਾਲ ਸਿੱਧੇ ਤੌਰ ਤੇ ਜੁੜੀਆਂ ਹੁੰਦੀਆਂ ਤਾਂ ਇਹ ਖੇਡ ਵਿਗਾੜ ਵੀ ਸਕਦੀਆਂ ਸਨ ਕਿਉਂਕਿ ਉਹਨਾਂ ਦਾ ਮੰਤਵ ਵੋਟ ਬੈਂਕ ਨਾਲ ਹੁੰਦਾ ਹੈ। ਕਿਸਾਨਾਂ ਦੇ ਮੁੱਦੇ ਇਕੱਠੇ ਹਨ ਪਰ ਸਿਆਸੀ ਪਾਰਟੀਆਂ ਦੇ ਮੁੱਦੇ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਸਿਆਸੀ ਪਾਰਟੀਆਂ ਦੀ ਵੋਟ ਬੈਂਕ ਕਿਸੇ ਖਿਤੇ ਵਿੱਚ ਕਿਸ ਤਰਾਂ ਦੀ ਹੈ ਉਸੇ ਤੇ ਉਹਨਾਂ ਦੇ ਮੁੱਦੇ ਨਿਰਭਰ ਕਰਦੇ ਹਨ। ਜੇਕਰ ਉਹਨਾਂ ਦੀ ਵੋਟ ਬੈਂਕ ਨੂੰ ਕੋਈ ਸਿੱਧਾ ਸੇਕ ਨਾ ਲੱਗਦਾ ਹੋਵੇ ਤਾਂ ਉਹ ਕਿਸੇ ਗੱਲ ਨਾਲ ਸਹਿਮਤੀ ਪ੍ਰਗਟ ਨਹੀਂ ਕਰਦੀਆਂ। ਅਕਾਲੀ ਪਾਰਟੀ ਦਾ ਅਧਾਰ ਜ਼ਿਆਦਾ ਪਿੰਡਾਂ !ਚ ਹੈ ਤੇ ਬੀ.ਜੇ.ਪੀ. ਦਾ ਅਧਾਰ ਜ਼ਿਆਦਾ ਸ਼ਹਿਰਾਂ ਵਿੱਚ ਹੈ, ਇਸ ਲਈ ਉਹਨਾਂ ਦੋਵਾਂ ਦੀ ਸ'ਚ ਵੱਖਰੀ ਹੀ ਰਹੇਗੀ। ਉਹਨਾਂ ਇਹ ਵੀ ਇਸ਼ਾਰਾ ਕੀਤਾ ਕਿ ਬੀ.ਜੇ.ਪੀ. ਦੇ ਗਰੇਵਾਲ ਅਤੇ ਜਿਆਣੀ ਕਿਸਾਨੀ ਅੰਦੋਲਨ ਦੀ ਕੋਈ ਕਮਜ਼ੋਰ ਕੜੀ ਲੱਭਦੇ ਰਹੇ ਪਰ ਸਫਲ ਨਹੀਂ ਹੋਏ।

ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿੱਚ ਕਰਵਾਏ ਗਏ ਅੰਤਰਰਾਸ਼ਟਰੀ ਵੈਬੀਨਾਰ ਦੀ ਕਾਰਵਾਈ ਪ੍ਰੈੱਸ ਦੇ ਨਾਮ ਰਲੀਜ਼ ਕਰਦਿਆਂ ਮੀਡੀਆ ਕੋਆਰਡੀਨੇਟਰ ਪਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਡਾ: ਕੇਹਰ ਸਿੰਘ ਨੇ ਮੌਜੂਦਾ ਅੰਦੋਲਨ ਸਮੇਂ ਸਿਆਸੀ ਪਾਰਟੀਆਂ ਦੀ ਚੀਰ ਫਾੜ ਕਰਦਿਆਂ ਦੱਸਿਆ ਕਿ ਹੁਣ ਸਿਆਸੀ ਪਾਰਟੀਆਂ ਦੋ ਵਿਧਾਂ ਵਿੱਚ ਹਨ- ਕਿਸਾਨੀ ਅੰਦੋਲਨ ਦੇ ਸਫਲ ਹੋਣ ਵਿੱਚ ਵੀ ਉਹ ਨੁਕਸਾਨ ਸਮਝਦੀਆਂ ਹਨ ਅਤੇ ਇਸ ਦੇ ਫ਼ੇਲ੍ਹ ਹੋਣ ਵਿੱਚ ਵੀ ਉਹਨਾਂ ਨੂੰ ਨੁਕਸਾਨ ਦਾ ਖਦਸ਼ਾ ਹੈ। ਜੇਕਰ ਇਹ ਸੰਘਰਸ਼ ਸਫਲ ਹੋ ਜਾਂਦਾ ਹੈ ਤਾਂ ਕਿਸਾਨਾਂ ਵਿਚੋਂ ਨਿਕਲੇ ਲੀਡਰ ਵੀ ਸਿਆਸੀ ਪਿੜਾਂ ਵਿੱਚ ਆ ਸਕਦੇ ਹਨ। ਉਹ ਹੀ ਪੰਜਾਬ ਤੇ ਹਰਿਆਣੇ ਵਿੱਚ ਸਿਆਸੀ ਲੀਡਰ ਬਣ ਸਕਦੇ ਹਨ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਤਾਂ ਅਕਾਲੀ ਪਾਰਟੀ ਤੇ ਕਾਂਗਰਸ ਹੀ ਮੁੱਖ ਸਿਆਸੀ ਧਿਰਾਂ ਹਨ। ਕੇਂਦਰ ਸਰਕਾਰ ਦਾ ਇਹ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਖਾਸ ਤੌਰ ਤੇ ਇਸ ਅੰਦੋਲਨ ਨੂੰ ਹਵਾ ਦੇ ਰਹੀ ਹੈ। ਰਾਜਸਥਾਨ ਤੇ ਹਰਿਆਣੇ ਵਿੱਚ ਖਾਪ ਪੰਚਾਇਤਾਂ ਅਤੇ ਮਹਾਂ ਪੰਚਾਇਤਾਂ ਰਾਹੀਂ ਅੱਗੇ ਆਏ ਜਾਟ ਵੀ ਬੀ.ਜੇ.ਪੀ. ਦੀ ਵੋਟ ਬੈਂਕ ਨੂੰ ਖੋਰਾ ਲਗਾ ਸਕਦੀ ਹੈ। ਯੂ.ਪੀ. ਵਿੱਚ ਵੀ ਜਾਟਾਂ ਦੇ ਇਕੱਠ ਨੇ ਬੀ.ਜੇ.ਪੀ. ਨੂੰ ਨੁਕਸਾਨ ਪਹੁੰਚਾਉਣਾ ਹੈ। ਇਹ ਅੰਦੋਲਨ ਕੇਂਦਰ ਸਰਕਾਰ ਨੂੰ ਬਹੁਤ ਮਹਿੰਗਾ ਪੈਣਾ ਹੈ। ਕਿਉਂਕਿ ਉਹ ਅਜੇ ਵੀ ਢੀਠਤਾ ਤੇ ਨਿਰਬਲਤਾ ਨਾਲ ਇਹ ਪੁੱਛ ਰਹੀ ਹੈ, ਕਿ ਇਹਨਾਂ ਕਾਨੂੰਨਾਂ ਵਿੱਚ ਕਾਲਾ ਕੀ ਹੈ ਜਦੋਂ ਕਿ ਸਾਰੀ ਦਾਲ ਹੀ ਕੋਕੜੂਆਂ ਨਾਲ ਭਰੀ ਪਈ ਹੈ। ਉਸ ਦੇ ਸਾਰੇ ਪੱਤੇ ਜਿਵੇਂ ਖਾਲਿਸਤਾਨੀ, ਅਤਿਵਾਦੀ, ਵੱਖਵਾਦੀ ਸਭ ਫ਼ੇਲ੍ਹ ਹੋ ਚੁੱਕੇ ਹਨ। ਹੁਣ ਤਾਂ ਸੁਪਰੀਮ ਕੋਰਟ ਨੇ ਵੀ ਇਹ ਮੰਨ ਲਿਆ ਹੈ ਕਿ ਪੁਰ ਅਮਨ ਅੰਦੋਲਨ ਕਰਨਾ ਹਰ ਸ਼ਹਿਰੀ ਦਾ ਹੱਕ ਹੈ। ਇਸ ਅੰਦੋਲਨ ਦੀ ਮਜ਼ਬੂਤੀ ਇਸ ਗੱਲ ਵਿੱਚ ਹੈ ਕਿ ਇਸ ਦੀ ਲੀਡਰਸ਼ਿਪ ਪੜ੍ਹੀ ਲਿਖੀ, ਪਰੋੜ ਅਤੇ ਆਰਥਿਕ ਤੌਰ ਤੇ ਸੰਪੰਨ ਹੈ। ਬੀ.ਜੇ.ਪੀ. ਦੀ ਅੰਤਰਰਾਸ਼ਟਰੀ ਪੱਧਰ ਤੇ ਵੀ ਸਿਆਸੀ ਜ਼ਮੀਨ ਖਿਸਕ ਰਹੀ ਹੈ। ਜਦੋਂ ਤੱਕ ਕੇਂਦਰ ਸਰਕਾਰ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਆਪਣੀ ਵੋਟ ਬੈਂਕ ਅਤੇ ਸਿਆਸੀ ਇਮੇਜ਼ ਗੁਆ ਰਹੀ ਹੈ ਉਨੀ ਦੇਰ ਇਹ ਸੰਘਰਸ਼ ਲੰਮਾ ਚਲੇਗਾ। ਉਹਨਾਂ ਇਹ ਸੁਝਾਅ ਦਿੱਤਾ ਕਿ ਸਿਆਸੀ ਪਾਰਟੀਆਂ ਦੀ ਵੀ ਲੋੜ ਹੈ ਅਤੇ ਉਹਨਾਂ ਨੂੰ ਪਿੱਛੇ ਰਹਿ ਕੇ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ।



ਵੈਬੀਨਾਰ 'ਚ ਡਾ: ਕੇਹਰ ਸਿੰਘ, ਹਰਜਿੰਦਰ ਵਾਲੀਆ, ਡਾ: ਐਸ.ਪੀ. ਸਿੰਘ, ਡਾ: ਆਸਾ ਸਿੰਘ ਘੁੰਮਣ, ਵਰਿੰਦਰ ਸ਼ਰਮਾ ਐਮ.ਪੀ., ਰਣਜੀਤ ਧੀਰ, ਕੇਹਰ ਸ਼ਰੀਫ਼ ਜਰਮਨੀ, ਗੁਰਮੀਤ ਸਿੰਘ ਪਲਾਹੀ, ਜਗਦੀਪ ਸਿੰਘ ਕਾਹਲੋਂ ਅਤੇ ਐਡਵੋਕੇਟ ਐਸ.ਐਲ. ਵਿਰਦੀ।

ਇਸੇ ਗੱਲ ਨੂੰ ਅੱਗੇ ਤੋਰਦਿਆਂ ਡਾ: ਹਰਜਿੰਦਰ ਵਾਲੀਆ ਨੇ ਆਖਿਆ ਕਿ ਸਿਆਸੀ ਪਾਰਟੀਆਂ ਨੂੰ ਦੂਰ ਰੱਖ ਕੇ ਕਿਸਾਨ ਜਥੇਬੰਦੀਆਂ ਨੇ ਚੰਗੀ ਗੱਲ ਕੀਤੀ ਹੈ ਪਰ ਹੁਣ ਸਮਾਂ ਆ ਗਿਆ ਹੈ ਕਿ ਸਿਆਸੀ ਪਾਰਟੀਆਂ ਦੀ ਭਾਗੀਦਾਰੀ ਬਾਰੇ ਸੋਚਿਆ ਜਾਵੇ। ਉਹਨਾਂ ਵਿਚੋਲਗਿਰੀ ਲਈ ਵੀ ਵੱਡੇ ਤੇ ਸਿਆਣੇ ਸਿਆਸੀ ਲੀਡਰਾਂ ਦੀ ਸੇਵਾਵਾਂ ਦਾ ਸੁਝਾਅ ਵੀ ਦਿੱਤਾ ਪਰ ਡਾ: ਐਸ.ਪੀ. ਸਿੰਘ ਨੇ ਉਹਨਾਂ ਦੀ ਇਸ ਗੱਲ ਨੂੰ ਨਕਾਰਦਿਆਂ ਆਖਿਆ ਕਿ ਇਸ ਗੱਲ ਨਾਲ ਨੁਕਸਾਨ ਹੋ ਸਕਦਾ ਹੈ, ਕਿਉਂਕਿ ਸਿਆਸੀ ਪਾਰਟੀਆਂ ਹਮੇਸ਼ਾ ਸੌਦੇਬਾਜ਼ੀ ਕਰਦੀਆਂ ਹਨ। ਇਸੇ ਤਰਾਂ ਵਰਿੰਦਰ ਸ਼ਰਮਾ ਐਮ.ਪੀ. ਯੂ.ਕੇ. ਅਤੇ ਪ੍ਰੋ : ਰਣਜੀਤ ਸਿੰਘ ਧੀਰ ਕਿਹਾ ਕਿ ਕਿਸਾਨੀ ਸੰਘਰਸ਼ ਨੇ ਦੁਨੀਆ ਦੇ ਪੱਧਰ ਤੇ ਪ੍ਰਭਾਵ ਕਾਇਮ ਕੀਤਾ ਹੈ। ਸਰਕਾਰ ਨੂੰ ਇਹ ਕਾਨੂੰਨ ਵਾਪਿਸ ਲੈ ਲੈਣੇ ਚਾਹੀਦੇ ਹਨ। ਫਿਰ ਇਹਨਾਂ ਨੂੰ ਜਨਤਕ ਮੰਥਨ ਤੋਂ ਬਾਅਦ ਇਹਨਾਂ 'ਤੇ ਕੋਈ ਫ਼ੈਸਲਾ ਲੈਣਾ ਚਾਹੀਦਾ ਹੈ। ਡਾ: ਆਸਾ ਸਿੰਘ ਘੁੰਮਣ ਅਤੇ ਰਵਿੰਦਰ ਸਹਿਰਾਅ ਕਿ ਅੰਦੋਲਨ ਦੀ ਦਿੱਖ ਕਿਸਾਨੀ ਹੀ ਰਹਿਣੀ ਚਾਹੀਦੀ ਹੈ। ਸਰਕਾਰ ਨੂੰ ਫ਼ੈਸਲਾ ਲੈਣ ਵਿੱਚ ਏਨੀ ਦੇਰ ਨਹੀਂ ਕਰਨੀ ਚਾਹੀਦੀ ਸੀ। ਜਗਦੀਪ ਸਿੰਘ ਕਾਹਲੋਂ ਨੇ ਆਖਿਆ ਕਿ ਨੌਜਵਾਨਾਂ ਨੂੰ ਇਸ ਸੰਘਰਸ਼ ਨੇ ਸਿਆਸਤ ਦੀ ਸਮਝ ਦੇ ਦਿੱਤੀ ਹੈ। ਕੇਹਰ ਸ਼ਰੀਫ ਨੇ ਜਰਮਨੀ ਤੋਂ ਆਖਿਆ ਕਿ ਕੇਂਦਰ ਨੂੰ ਸੂਬਿਆਂ ਦੇ ਅਧਿਕਾਰਾਂ ਤੇ ਡਾਕਾ ਨਹੀਂ ਮਾਰਨਾ ਚਾਹੀਦਾ। ਐਡਵੋਕੇਟ ਐਸ.ਐਲ.ਵਿਰਦੀ ਨੇ ਮਜ਼ਦੂਰ ਵਰਗ ਦੇ ਸਬੰਧ ਵਿੱਚ ਆਏ ਬਿੱਲਾਂ ਬਾਰੇ ਚਿੰਤਾ ਪ੍ਰਗਟ ਕੀਤੀ ਤੇ ਕਿਹਾ ਕਿ ਇਹਨਾਂ ਬਿੱਲਾਂ 'ਤੇ ਵੀ ਗੱਲ ਕਰਨੀ ਜ਼ਰੂਰੀ ਹੈ। ਵੈਬੀਨਾਰ ਵਿੱਚ ਉਠੇ ਸਵਾਲ ਜ਼ੁਆਬ ਦੇਣ ਸਮੇਂ ਡਾ: ਕੇਹਰ ਸਿੰਘ ਨੇ ਖ਼ਦਸ਼ਾ ਪ੍ਰਗਟ ਕੀਤਾ ਕਿ ਇਹ ਅੰਦੋਲਨ ਦੇ ਸਮਾਜਿਕ ਪ੍ਰਭਾਵ ਬਹੁਤਾ ਦੇਰ ਨਹੀਂ ਰਹਿਣਗੇ ਸਗੋਂ ਸਭ ਕੁਝ ਪਹਿਲਾਂ ਵਾਂਗ ਹੀ ਹੋ ਜਾਵੇਗਾ। ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ, ਵਿਸ਼ਵਾ ਮਿੱਤਰ, ਮਨਦੀਪ ਸਿੰਘ, ਮਲਕੀਤ ਸਿੰਘ ਆਦਿ ਨੇ ਵੀ ਇਸ ਵੈਬੀਨਾਰ ਵਿੱਚ ਆਪਣਾ ਹਿੱਸਾ ਪਾਇਆ। ਅੰਤ ਵਿੱਚ ਗੁਰਮੀਤ ਸਿੰਘ ਪਲਾਹੀ ਨੇ ਖ਼ਾਸ ਤੌਰ ਪਰਵਿੰਦਰਜੀਤ ਸਿੰਘ ਅਤੇ ਰਵਿੰਦਰ ਚੋਟ ਦਾ ਧੰਨਵਾਦ ਕੀਤਾ, ਜੋ ਸਾਰੇ ਵੈਬੀਨਾਰ ਦਾ ਟੈਕਨੀਕਲੀ ਪ੍ਰਬੰਧ ਕਰਦੇ ਅਤੇ ਚਲਾਉਂਦੇ ਹਨ। ਉਹਨਾਂ ਨੇ ਬਾਕੀ ਸਾਰੇ ਵਕਤਾਵਾਂ ਦਾ ਵੀ ਧੰਨਵਾਦ ਕੀਤਾ।

# ਸ਼ਾਮਚੁਰਾਸੀ ਚੋਣ ਦੰਗਲ ਵਿਚ ਖੜ੍ਹੇ 5 ਅਜ਼ਾਦ ਉਮੀਦਵਾਰਾਂ ਨੇ ਕੀਤਾ ਜਿੱਤ ਦਾ ਦਾਅਵਾ



**ਹੁਸ਼ਿਆਰਪੁਰ/ਸ਼ਾਮਚੁਰਾਸੀ–** ਨਗਰ ਕੌਂਸਲ ਸ਼ਾਮਚੁਰਾਸੀ ਦੀ 14 ਫਰਵਰੀ ਨੂੰ ਹੋ ਰਹੀ ਚੋਣ ਦੰਗਲ ਵਿਚ ਚੋਣ ਨਿਸ਼ਾਨ ਸਿਲਾਈ ਮਸ਼ੀਨ ਤੇ ਖੜ੍ਹੇ 5 ਅਜ਼ਾਦ ਉਮੀਦਵਾਰਾਂ ਨੇ ਵੀ ਆਪਣੀ ਚੋਣ ਮੁਹਿੰਮ ਭਖਾ ਲਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਰਡ ਨੰਬਰ 9 ਦੇ ਉਮੀਦਵਾਰ ਸਰਬਜੀਤ ਫੱਤੂ, ਵਾਰਡ ਨੰਬਰ 8 ਦੇ ਉਮੀਦਵਾਰ ਹਰਜੀਤ ਭੀਮਾ, ਵਾਰਡ ਨੰਬਰ 7 ਦੇ ਉਮੀਦਵਾਰ ਵਰਿੰਦਰ ਕੌਰ, ਵਾਰਡ ਨੰਬਰ 5 ਦੇ ਉਮੀਦਵਾਰ ਸੰਦੀਪ ਰਾਣੀ, ਵਾਰਡ 3 ਦੀ ਉਮੀਦਵਾਰ ਮਨਜੀਤ ਕੌਰ ਨੇ ਦੱਸਿਆ ਕਿ ਸਾਰੇ ਹੀ ਉਮੀਦਵਾਰ ਆਪਣੇ ਆਪਣੇ ਵਾਰਡ ਵਿਚ ਆਪਣੇ ਵੋਟਰਾਂ ਦਾ ਭਾਰੀ ਸਮਰਥਨ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਉਨ੍ਹਾਂ ਦੇ ਹੱਕ ਵਿਚ ਚੋਣ ਫਤਵਾ ਦੇ ਚੁੱਕੇ ਹਨ। ਸਾਰੇ ਹੀ ਉਮੀਦਵਾਰਾਂ ਨੇ ਆਪਣੀ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਕਿ ਉਹ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਇਸ ਚੋਣ ਮੁਹਿੰਮ ਵਿਚ ਕਾਫ਼ੀ ਅੱਗੇ ਨਿਕਲ ਗਏ ਹਨ।

# ਸ਼ਾਨ ਨਾਲ ਜਿੱਤੇਗਾ ਸ਼ਾਮਚੁਰਾਸੀ ਵਿਚ ਅਕਾਲੀ ਦਲ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਹਲਕੇ ਦੀ ਸਾਬਕਾ ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਦੀ ਅਗਵਾਈ ਵਿਚ ਸ਼ਾਮਚੁਰਾਸੀ ਨਗਰ ਕੌਂਸਲ ਚੋਣ ਵਿਚ ਖੜ੍ਹੇ 9 ਅਕਾਲੀ ਉਮੀਦਵਾਰ ਸ਼ਾਨ ਨਾਲ ਜਿੱਤ ਪ੍ਰਾਪਤ ਕਰਨਗੇ। ਇਸ ਸਬੰਧੀ ਵਿਸੇਸ਼ ਗੱਲਬਾਤ



ਕਰਦਿਆਂ ਵਾਰਡ ਨੰਬਰ 2 ਦੇ ਉਮੀਦਵਾਰ ਮੰਗੀ ਰਾਮ, ਵਾਰਡ 8 ਦੇ ਉਮੀਦਵਾਰ ਸੁਰਿੰਦਰ ਘੁੰਘਰੀ ਅਤੇ ਵਾਰਡ ਨੰਬਰ 4 ਦੇ ਉਮੀਦਵਾਰ ਦੁਪਿੰਦਰ ਬੰਟੀ ਨੇ ਦੱਸਿਆ ਕਿ ਸ਼ਾਮਚੁਰਾਸੀ ਵਿਚ ਅਕਾਲੀ ਦਲ ਦੀ ਸਥਿਤੀ ਮਜ਼ਬੂਤ ਹੈ ਅਤੇ ਵੋਟਰਾਂ ਸਪ੍ਰੋਟਰਾਂ ਵਲੋਂ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦਾ ਫੈਸਲਾ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਬਾਕੀ ਸਾਰੇ ਵਾਰਡਾਂ ਵਿਚ ਵੀ ਅਕਾਲੀ ਉਮੀਦਵਾਰਾਂ ਦੀ ਜਿੱਤ ਯਕੀਨੀ ਹੈ ਅਤੇ ਉਹ ਦਿਨ ਰਾਤ ਆਪਣਾ ਚੋਣ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਾਮਚੁਰਾਸੀ ਸ਼ਹਿਰ ਦੇ ਵਿਕਾਸ ਨੂੰ ਪਹਿਲਾਂ ਨਾਲੋਂ ਵੀ ਤੇਜ਼ ਕੀਤਾ ਜਾਵੇਗਾ। ਲੋਕਾਂ ਵਲੋਂ ਮਿਲ ਰਹੇ ਸਹਿਯੋਗ ਲਈ ਸਾਰੇ ਉਮੀਦਵਾਰ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦੇ ਹਨ।

# ਬਰਮਿੰਘਮ ਵਿੱਚ ਨਕਲੀ ਏਅਰਪੋਰਟ ਇਮੀਗ੍ਰੇਸ਼ਨ ਕਰਮਚਾਰੀ ਬਣਕੇ ਕੀਤਾ 8 ਹਜ਼ਾਰ ਪੌਂਡ ਤੋਂ ਵੱਧ ਦਾ ਘੁਟਾਲਾ

**ਗਲਾਸਗੋ/ ਬਰਮਿੰਘਮ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਦੇ ਬਰਮਿੰਘਮ ਵਿੱਚ ਇੱਕ ਔਰਤ ਦੁਆਰਾ ਆਪਣੇ ਆਪ ਨੂੰ ਬਰਮਿੰਘਮ ਏਅਰਪੋਰਟ ਦੀ ਇੱਕ ਇਮੀਗ੍ਰੇਸ਼ਨ ਵਰਕਰ ਦੱਸਦਿਆਂ ਇੱਕ ਜੋੜੇ ਨਾਲ ਲਗਭਗ 8,500 ਪੌਂਡ ਦੀ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ 69 ਸਾਲਾਂ ਜ਼ਬੂਨ ਨਿਸਾ ਨੇ ਬ੍ਰਿਟਿਸ਼ ਨਾਗਰਿਕਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਇੱਕ ਜੋੜੇ ਨੂੰ ਆਪਣਾ ਨਿਸ਼ਾਨਾ ਬਣਾਇਆ। ਹੇਰਿਕ ਰੋਡ, ਸੈਲੇਟਲੀ ਦੀ ਰਹਿਣ ਵਾਲੀ ਨਿਸਾ ਨੇ ਧੋਖਾਧੜੀ ਕਰਦਿਆਂ ਸ਼ਹਿਰ ਦੇ ਹਵਾਈ ਅੱਡੇ 'ਚ ਇਮੀਗ੍ਰੇਸ਼ਨ ਵਿਭਾਗ ਵਿੱਚ ਕੰਮ ਕਰਨ ਦਾ ਦਾਅਵਾ ਕਰਦਿਆਂ ਇਸ ਧੋਖੇ ਦੇ ਸ਼ਿਕਾਰ ਪਤੀ ਪਤਨੀ ਤੋਂ ਇਮੀਗ੍ਰੇਸ਼ਨ ਕੰਮਾਂ ਲਈ, 8,450 ਪੌਂਡ ਵਸੂਲ ਕੀਤੇ ਅਤੇ ਉਹਨਾਂ ਦਾ ਕੋਈ ਵੀ ਕੰਮ ਨਹੀਂ ਕੀਤਾ। ਇਸ ਮਾਮਲੇ ਵਿੱਚ ਨਿਸਾ ਨੇ ਉਹਨਾਂ ਨੂੰ ਏਅਰਪੋਰਟ ਦੇ ਇਮੀਗ੍ਰੇਸ਼ਨ ਵਿਭਾਗ ਵਿੱਚ ਰੁਜ਼ਗਾਰ ਦਿਵਾਉਣ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਦੇ ਯੂਕੇ ਆਉਣ ਅਤੇ ਕੰਮ ਕਰਨ ਲਈ ਵੀਜ਼ਾ ਪ੍ਰਾਪਤ ਕਰਨ ਵਿੱਚ ਮਦਦ ਕਰਨ ਦਾ ਵੀ ਲਾਰਾ ਲਾਇਆ ਸੀ। ਇਸ ਕੇਸ ਸੰਬੰਧੀ 23 ਨਵੰਬਰ ਨੂੰ ਬਰਮਿੰਘਮ ਕਰਾਉਨ ਕੋਰਟ ਵਿਖੇ ਇਸ ਬਜ਼ੁਰਗ ਮਹਿਲਾ 'ਤੇ ਧੋਖਾਧੜੀ ਐਕਟ 2006 ਤਹਿਤ ਧੋਖਾਧੜੀ ਦੇ ਦੋਸ਼ ਸਾਬਤ ਹੋਏ ਅਤੇ ਬੁੱਧਵਾਰ 3 ਫਰਵਰੀ ਨੂੰ ਅਦਾਲਤ ਵਿੱਚ ਨਿਸਾ ਨੂੰ 19 ਮਹੀਨੇ ਕੈਦ ਦੀ ਸਜ਼ਾ ਕੀਤੀ ਗਈ। ਇਸਦੇ ਇਲਾਵਾ ਇਮੀਗ੍ਰੇਸ਼ਨ ਸਰਵਿਸਿਜ਼ ਕਮਿਸ਼ਨਰ (ਓ.ਆਈ.ਐੱਸ.ਸੀ.) ਦੇ ਦਫ਼ਤਰ ਅਨੁਸਾਰ ਨਿਸਾ ਨੂੰ ਪਹਿਲਾਂ ਵੀ 2008 ਵਿੱਚ ਇਸੇ ਤਰਾਂ ਦੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਸੀ।



# ਉੱਤਰਾਖੰਡ ਦਾ ਦੁਖਾਂਤ : ਆਰਥਿਕ ਵਿਕਾਸ ਮਾਡਲ ਨੂੰ ਬਦਲਣ ਦੀ ਚਿਤਾਵਨੀ



ਡਾ. ਗੁਰਿੰਦਰ ਕੌਰ
001-408-493-9776

**7 ਫ਼ਰਵਰੀ 2021** ਨੂੰ ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿਚ ਨੰਦਾ ਦੇਵੀ ਗਲੇਸ਼ੀਅਰ ਦਾ ਇੱਕ ਵੱਡਾ ਹਿੱਸ ਜੋਸ਼ੀ ਮੱਠ ਦੇ ਨੇੜੇ ਅਲਕਨੰਦਾ ਨੰਦੀ ਵਿਚ ਗਿਰਨ ਨਾਲ ਭਾਰੀ ਹੜ੍ਹ ਆ ਗਿਆ। ਪਾਣੀ ਦੇ ਤੇਜ਼ ਵਹਾਅ ਕਾਰਨ ਪਹਾੜ ਖਿਸਕ ਕੇ ਡੂੰਘੀਆਂ ਖੱਡਾਂ ਵਿਚ ਗਿਰ ਗਏ ਅਤੇ ਇਨ੍ਹਾਂ ਖਿਸਕਦੇ ਪਹਾੜਾਂ ਦੇ ਰਸਤੇ ਵਿਚ ਆਉਣ ਵਾਲੇ ਸਾਰੇ ਘਰ ਤਬਾਹ ਹੋ ਗਏ। ਇਸ ਘਟਨਾ ਨਾਲ ਰਿਸ਼ੀ ਗੰਗਾ ਪਣ-ਬਿਜਲੀ ਪ੍ਰੋਜੈਕਟ ਪੂਰੀ ਤਰ੍ਹਾਂ ਤਬਾਹ ਹੋ ਗਿਆ ਅਤੇ ਐੱਨ.ਟੀ.ਪੀ.ਸੀ. ਤਪੋਵਨ ਵਿਸ਼ਨੂਗਾਡ ਪਣ-ਬਿਜਲੀ ਪ੍ਰੋਜੈਕਟ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਰੈਨੀ ਪਿੰਡ ਦੇ ਨੇੜੇ ਤਿੰਨ ਬੰਨ੍ਹ ਟੁੱਟਣ ਨਾਲ ਕਈ ਸਰਹੱਦੀ ਚੌਕੀਆਂ ਨਾਲੋਂ ਸੰਪਰਕ ਪੂਰੀ ਤਰ੍ਹਾਂ ਟੁੱਟ ਗਿਆ ਹੈ। ਗਲੇਸ਼ੀਅਰ ਦੇ ਨਦੀ ਵਿਚ ਗਿਰਨ ਕਾਰਨ ਅਲਕਨੰਦਾ, ਧੌਲੀ, ਅਤੇ ਰਿਸ਼ੀ ਗੰਗਾ ਨਦੀਆਂ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਪੌੜੀ, ਰੁਦਰਪ੍ਰਯਾਗ, ਟਿਹਰੀ, ਹਰਿਦੁਆਰ, ਅਤੇ ਦੇਹਰਾਦੂਨ ਸਮੇਤ ਕਈ ਜ਼ਿਲ੍ਹਿਆਂ ਵਿਚ ਇਸ ਕੁਦਰਤੀ ਆਫ਼ਤ ਨਾਲ ਪ੍ਰਭਾਵਿਤ ਹੋਣ ਦੇ ਡਰ ਕਾਰਨ ਹਾਈਅਲਰਟ ਜਾਰੀ ਕਰ ਦਿੱਤਾ ਹੋਇਆ ਹੈ। ਇਸ ਘਟਨਾ ਨਾਲ ਹਿਮਾਲਿਆ ਦੇ ਉੱਪਰਲੇ ਇਲਾਕਿਆਂ ਵਿਚ ਭਾਰੀ ਤਬਾਹੀ ਹੋਈ ਹੈ। ਇਸ ਹਾਦਸੇ ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਦੋ ਦਰਜਨ ਤੋਂ ਉੱਤੇ ਹੋ ਚੁੱਕੀ ਹੈ, ਜਦੋਂਕਿ ਹਾਲੇ ਵੀ ਦੋ ਸੌ ਤੋਂ ਉੱਪਰ ਵਿਅਕਤੀ ਲਾਪਤਾ ਹਨ। ਡੈਮ ਪ੍ਰੋਜੈਕਟਾਂ ਵਿਚ ਬਣੀਆਂ ਸੁਰੰਗਾਂ ਵਿਚ ਪਾਣੀ ਭਰਨ ਕਰਕੇ ਵੱਡੀ ਗਿਣਤੀ ਵਿੱਚ ਮਜ਼ਦੂਰ ਇਨ੍ਹਾਂ ਸੁਰੰਗਾਂ ਵਿਚ ਫ਼ਸ ਗਏ। ਤਪੋਵਨ ਵਿਚਲੀ 250 ਮੀਟਰ ਲੰਬੀ ਸੁਰੰਗ ਦਾ ਮੂੰਹ ਮਲਬੇ, ਗਾਰ ਅਤੇ ਚਿੱਕੜ ਨਾਲ ਬੰਦ ਹੋਣ ਕਾਰਨ ਰਾਹਤ ਅਤੇ ਬਚਾਅ ਦੇ ਕੰਮ ਵਿਚ ਕਾਫ਼ੀ ਮੁਸ਼ਕਲ ਆ ਰਹੀ ਹੈ। ਇਸ ਸੁਰੰਗ ਦਾ ਹਾਲੇ 80 ਮੀਟਰ ਹਿੱਸਾ ਹੀ ਸਾਫ਼ ਹੋਇਆ ਹੈ।

ਉੱਤਰਾਖੰਡ ਵਿਚ ਵਾਪਰੀ ਇਸ ਘਟਨਾ ਨੇ 2013 ਵਿਚ 16 ਜੂਨ ਨੂੰ ਵਾਪਰੀ ਤਰਾਸਦੀ ਦੀਆਂ ਦੁਖਦਾਈ ਯਾਦਾਂ ਦੇ ਜਖ਼ਮ ਤਾਜ਼ੇ ਕਰ ਦਿੱਤੇ। ਉੱਤਰਾਖੰਡ ਰਾਜ ਕੁਦਰਤੀ ਤੌਰ ਬਹੁਤ ਹੀ ਸੁੰਦਰ ਹੈ ਕਿਉਂਕਿ ਇੱਥੇ ਸੰਘਣੇ ਜੰਗਲ, ਅਣਗਿਣਤ ਨਦੀਆਂ ਅਤੇ ਉੱਚੇ ਉੱਚੇ ਪਹਾੜਾਂ ਵਰਗੇ ਬਹੁਤ ਅਣਮੋਲ ਕੁਦਰਤੀ ਸਰੋਤ ਹਨ। ਇਸ ਦੇ ਨਾਲ ਨਾਲ ਇੱਥੇ ਇਹ ਦੱਸਣਾ ਵੀ ਬਣਦਾ ਹੈ ਕਿ ਇੱਥੋਂ ਦੇ ਪਹਾੜਾਂ ਦੀ ਬਣਤਰ ਬਹੁਤ ਹੀ ਸੰਵੇਦਨਸ਼ੀਲ ਹੈ। ਇਸ ਲਈ ਇਹ ਰਾਜ ਵਾਰ ਵਾਰ ਕੁਦਰਤੀ ਆਫ਼ਤਾਂ ਦੀ ਲਪੇਟ ਵਿਚ ਆ ਜਾਂਦਾ ਹੈ। ਉੱਤਰਾਖੰਡ ਦੇ ਉਤਰਕਾਸ਼ੀ ਜ਼ਿਲ੍ਹੇ ਵਿਚ 1991 ਵਿਚ 6.8 ਤੀਬਰਤਾ ਦਾ ਭੂਚਾਲ ਆਇਆ ਸੀ ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਘਰ ਤਬਾਹ ਹੋ ਗਏ ਸਨ ਅਤੇ ਉਸ ਤੋਂ ਬਾਅਦ 1999 ਵਿਚ ਚਮੋਲੀ ਵਿਚ ਭੂਚਾਲ ਆਇਆ ਸੀ ਜਿਸ ਵਿਚ ਵੀ ਸੈਂਕੜੇ ਲੋਕ ਮੌਤ ਦੇ ਮੂੰਹ ਵਿਚ ਜਾ ਪਏ ਸਨ। ਪਿਥੌਰਾਗੜ੍ਹ ਦਾ ਪੂਰਾ ਮਾਲਪਾ ਪਿੰਡ 1999 ਵਿਚ ਪਹਾੜ ਖਿਸਕਣ ਨਾਲ ਤਬਾਹ ਹੋ ਗਿਆ ਸੀ ਅਤੇ ਇਸ ਹਾਦਸੇ ਵਿਚ ਲਗਭਗ 250 ਵਿਅਕਤੀ ਮਾਰੇ ਗਏ ਸਨ। ਜੂਨ 2013 ਵਿਚ ਬੱਦਲ ਫੱਟਣ ਨਾਲ ਤਾਂ ਹਜ਼ਾਰਾਂ ਲੋਕ ਮਰ ਗਏ ਅਤੇ ਲੱਖਾਂ ਲੋਕ ਜਿਹੜੇ ਚਾਰ ਧਾਮ ਦੀ ਯਾਤਰਾ ਲਈ ਆਏ ਸਨ ਹੜ੍ਹ ਦੀ ਲਪੇਟ ਵਿਚ ਆ ਕੇ ਕਈ ਦਿਨ ਫਸੇ ਰਹੇ ਸਨ।

ਭੂਚਾਲ ਆਉਣਾ, ਬੱਦਲ ਫਟਣਾ, ਪਹਾੜਾਂ, ਅਤੇ ਬਰਫ਼ ਦੇ ਵੱਡੇ ਤੌਦਿਆਂ ਦਾ ਖਿਸਕਣਾ ਅਤੇ ਇਹਨਾਂ ਵਰਗੀਆਂ ਹੋਰ ਆਫ਼ਤਾਂ ਭਾਵੇਂ ਕੁਦਰਤੀ ਪ੍ਰਕਿਰਿਆਵਾਂ ਦਾ ਹਿੱਸਾ ਹਨ, ਪਰ ਇਨ੍ਹਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ। ਉੱਤਰਾਖੰਡ ਦਾ ਵਾਤਾਵਰਨ ਬਹੁਤ ਹੀ ਸੰਵੇਦਨਸ਼ੀਲ ਹੈ ਜਿਸ ਬਾਰੇ ਇੱਥੋਂ ਦੇ ਲੋਕ ਬਹੁਤ ਚੰਗੀ ਤਰ੍ਹਾਂ ਜਾਣੂ ਹਨ। ਇਸੇ ਲਈ ਉਹ ਇਸ ਦੇ ਬਚਾਅ ਲਈ ਬਹੁਤ ਪਹਿਲਾਂ ਤੋਂ ਹੀ ਉਪਰਾਲੇ ਕਰ ਰਹੇ ਸਨ। ਇਸ ਤੱਥ ਦਾ ਪਤਾ ਗੜ੍ਹਵਾਲ ਦੀ ਮੀਰਾ ਬੇਨ ਨਾਂ ਦੀ ਇਕ ਵਾਤਾਵਰਨ ਕਾਰਕੁਨ ਦਾ 5 ਜੂਨ 1950 ਨੂੰ ਹਿੰਦੋਸਤਾਨ ਟਾਈਮਜ਼ ਅਖ਼ਬਾਰ ਵਿਚ ਛਪੇ ਇਕ ਲੇਖ ਜਿਸ ਦਾ ਸਿਰਲੇਖ "ਸਮਥਿੰਗ ਇਜ਼ ਰੌਂਗ ਇਨ ਦਿ ਹਿਮਾਲਿਆਜ਼" ਤੋਂ ਲੱਗਦਾ ਹੈ। ਉਸ ਲੇਖ ਵਿਚ ਮੀਰਾ ਬੇਨ ਨੇ ਲਿਖਿਆ ਸੀ ਕਿ ਉੱਤਰਾਖੰਡ ਦੀ ਫਲੈਸ਼ ਫਲੱਡ ਆਉਣ ਕਾਰਨ ਤਬਾਹੀ ਹੋਣੀ ਨਿਸ਼ਚਤ ਹੈ ਕਿਉਂਕਿ ਆਰਥਿਕ ਵਿਕਾਸ ਦੇ ਕਾਰਜਾਂ ਸਮੇਂ ਇੱਥੋਂ ਦੇ ਵਾਤਾਵਰਨ ਦੀ ਸੰਵੇਦਨਸ਼ੀਲਤਾ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਇਸ ਬਾਰੇ ਬਾਅਦ ਉਸ ਨੇ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਵੀ ਲਿਖਿਆ ਸੀ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ 1970 ਵਿਚ ਜਦੋਂ ਉੱਤਰਾਖੰਡ ਵਿਚ ਪਣ-ਬਿਜਲੀ ਪ੍ਰੋਜੈਕਟ ਲਗਾਉਣ ਦਾ ਕੰਮ ਸ਼ੁਰੂ ਹੋਇਆ ਸੀ ਉਦੋਂ ਰੈਨੀ ਪਿੰਡ ਤੋਂ ਦਰੱਖ਼ਤਾਂ ਨੂੰ ਕੱਟਣ ਤੋਂ ਬਚਾਉਣ ਲਈ 'ਚਿਪਕੋ ਮੂਵਮੈਂਟ' ਸ਼ੁਰੂ ਹੋਈ ਸੀ ਜਿੱਥੇ ਹੁਣ ਹਾਦਸਾ ਵਾਪਰਿਆ ਹੈ। ਅਫ਼ਸੋਸ! ਸਮੇਂ ਦੀਆਂ ਸਰਕਾਰਾਂ ਨੇ ਨਾ ਤਾਂ ਸਥਾਨਕ ਲੋਕਾਂ ਅਤੇ ਵਾਤਾਵਰਨ ਕਾਰਕੁਨਾਂ ਦੀ ਦੁਹਾਈ ਸੁਣੀ ਅਤੇ ਨਾ ਹੀ 2013 ਦੀ ਤਰਾਸਦੀ ਤੋਂ ਕੋਈ ਸਬਕ ਸਿੱਖਿਆ। ਇੱਥੇ ਹਾਲੇ ਵੀ ਅਲਕਨੰਦਾ ਅਤੇ ਭਗੀਰਥੀ ਨਦੀਆਂ ਉੱਤੇ 50 ਤੋਂ ਜ਼ਿਆਦਾ ਪਣ-ਬਿਜਲੀ ਪ੍ਰੋਜੈਕਟ ਚੱਲ ਰਹੇ ਹਨ, ਜਦੋਂਕਿ 2014 ਵਿਚ ਮਾਹਰਾਂ ਦੀ ਇਕ ਕਮੇਟੀ ਨੇ ਚੇਤਾਵਨੀ ਦਿੱਤੀ ਸੀ ਕਿ ਪਣ-ਬਿਜਲੀ ਪ੍ਰੋਜੈਕਟ ਰਾਜ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਇਸ ਘਟਨਾ ਦੇ ਸੰਬੰਧ ਵਿਚ ਭਾਜਪਾ ਦੀ ਇਕ ਸੀਨੀਅਰ ਨੇਤਾ ਅਤੇ ਸਾਬਕਾ ਜਲਸਰੋਤ ਮੰਤਰੀ ਉਮਾ ਭਾਰਤੀ ਨੇ ਕਿਹਾ ਹੈ ਕਿ ਜਦੋਂ ਉਹ ਜਲਸਰੋਤ ਮੰਤਰੀ ਸੀ ਤਾਂ ਉਸ ਨੇ ਵੀ ਬੇਨਤੀ ਕੀਤੀ ਸੀ ਕਿ ਹਿਮਾਲੀਆ ਇਕ ਬਹੁਤ ਹੀ ਸੰਵੇਦਨਸ਼ੀਲ ਖੇਤਰ ਹੈ ਜਿਸ ਲਈ ਗੰਗਾ ਅਤੇ ਇਸ ਦੀਆਂ ਮੁੱਖ ਸਹਾਇਕ ਨਦੀਆਂ ਉੱਤੇ ਬਿਜਲੀ ਪ੍ਰੋਜੈਕਟ ਨਹੀਂ ਉਸਾਰੇ ਜਾਣੇ ਚਾਹੀਦੇ। ਉੱਤਰਾਖੰਡ ਵਿਚ ਆਈ ਇਸ ਤਬਾਹੀ ਤੋਂ ਸਰਕਾਰ ਨੂੰ ਫਿਰ ਤੋਂ ਇਸ ਖੇਤਰ ਵਿਚ ਪਣ-ਬਿਜਲੀ ਬੰਨ੍ਹ ਬਣਾਉਣ ਦੀ ਕਾਰਗੁਜ਼ਾਰੀ ਉੱਤੇ ਗੰਭੀਰਤਾ ਨਾਲ ਸੋਚ-ਵਿਚਾਰ ਕਰਨ ਦੀ ਲੋੜ ਹੈ। ਸਰਕਾਰ ਨੂੰ ਹੁਣ ਮਾਹਰਾਂ ਦੀਆਂ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਤਾਪਮਾਨ ਵਿਚ ਵਾਧੇ ਕਾਰਨ ਹਿਮਾਲਿਆ ਦੇ ਗਲੇਸ਼ੀਅਰ ਵੀ ਤੇਜ਼ੀ ਨਾਲ ਪਿਘਲ ਰਹੇ ਹਨ। ਇੰਟਰਨੈਸ਼ਨਲ ਸੈਂਟਰ ਫ਼ਾਰ ਇੰਟੀਗਰੇਟਡ ਮਾਊਂਟੇਨ ਡਿਵੈਲਪਮੈਂਟ ਦੀ 2019 ਦੀ ਇਕ ਰਿਪੋਰਟ ਅਨੁਸਾਰ 1980 ਤੋਂ 2005 ਦੌਰਾਨ ਗਲੇਸ਼ੀਅਰ ਪਿਘਲਣ ਦੀ ਰਫ਼ਤਾਰ ਦੁੱਗਣੀ ਹੋ ਗਈ ਹੈ। ਜੇਕਰ ਭਾਰਤ ਸਰਕਾਰ ਪੈਰਿਸ ਮੌਸਮੀ ਸਮਝੌਤੇ ਦੇ ਅਨੁਸਾਰ ਵੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰੇਗੀ। ਹਿਮਾਲਿਆ ਅਤੇ ਹਿੰਦੂਕੁਸ਼ ਮਾਊਟੇਂਨ ਰੇਜ਼ ਤੋਂ ਇੱਕਵੀਂ ਸਦੀ ਦੇ ਅੰਤ ਤੱਕ ਇਕ-ਤਿਹਾਈ ਬਰਫ਼ ਪਿਘਲ ਜਾਵੇਗੀ। ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਕੁਦਰਤੀ ਆਫ਼ਤਾਂ ਦੀ ਮਾਰ ਵਿਚ ਤਾਪਮਾਨ ਦੇ ਵਾਧੇ ਨਾਲ ਆਏ ਦਿਨ ਵਾਧਾ ਹੋਣਾ ਨਿਸ਼ਚਤ ਹੈ। ਇਸ ਲਈ ਹਰ ਦੇਸ ਦੀ ਸਰਕਾਰ ਨੂੰ ਆਪਣੇ ਪੱਧਰ ਉੱਤੇ ਉਪਰਾਲੇ ਕਰਨ ਦੀ ਲੋੜ ਹੈ।



ਭਾਰਤ ਵਿਚ ਕੁਦਰਤੀ ਆਫ਼ਤਾਂ ਦੀ ਆਮਦ ਵਿਚ ਵਾਧਾ ਤਾਂ ਭਾਵੇਂ ਤਾਪਮਾਨ ਦੇ ਵਾਧੇ ਨਾਲ ਹੋ ਰਹੀਆਂ ਮੌਸਮੀ ਤਬਦੀਲੀਆਂ ਕਾਰਨ ਹੈ, ਪਰ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਵਾਧਾ ਵਾਤਾਵਰਨ ਨਾਲ ਲੋੜੋਂ ਵੱਧ ਛੇੜਛਾੜ ਕਾਰਨ ਹੋ ਰਿਹਾ ਹੈ। ਮੈਗਾਸੇਸੇ ਐਵਾਰਡੀ ਚੰਡੀ ਪ੍ਰਸ਼ਾਦ ਨੇ ਕਿਹਾ ਹੈ ਕਿ ਉਨ੍ਹਾਂ ਨੇ 2010 ਵਿਚ ਉਦੋਂ ਦੇ ਵਾਤਾਵਰਨ ਮੰਤਰੀ ਨੂੰ ਪੱਤਰ ਲਿਖ ਕੇ ਇਸ ਘਟਨਾ ਵਿਚ ਨਸ਼ਟ ਹੋਏ ਪ੍ਰੋਜੈਕਟ ਦੇ ਮਾੜੇ ਪ੍ਰਭਾਵਾਂ ਬਾਰੇ ਚਿਤਾਵਨੀ ਦਿੱਤੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਦੋਂ ਮੇਰੀ ਸਲਾਹ ਮੰਨ ਲਈ ਹੁੰਦੀ ਤਾਂ ਸ਼ਾਇਦ ਹੁਣ ਇੰਨਾ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਨਾ ਹੋਇਆ ਹੁੰਦਾ। ਕੇਂਦਰ ਅਤੇ ਉੱਤਰਾਖੰਡ ਸਰਕਾਰ ਵਾਤਾਵਰਨ ਨਿਯਮਾਂ ਨੂੰ ਅੱਖੋਂ-ਪਰੋਖੇ ਕਰਕੇ ਕਾਰਪੋਰੇਟ ਜਗਤ ਪੱਖੀ ਵਿਕਾਸ ਕਾਰਜਾਂ ਨੂੰ ਲਗਾਤਾਰ ਜਾਰੀ ਰੱਖ ਰਹੀ ਹੈ। ਉੱਤਰਾਖੰਡ ਰਾਜ ਜੋ ਕਿਸੇ ਸਮੇਂ ਆਪਣੀ ਕੁਦਰਤੀ ਸੁੰਦਰਤਾ ਲਈ ਪ੍ਰਸਿੱਧ ਸੀ, ਹੁਣ ਉਹ ਸਰਕਾਰ ਦੇ ਵਾਤਾਵਰਨ ਨਿਯਮਾਂ ਨੂੰ ਬੜੀ ਹੁਸ਼ਿਆਰੀ ਨਾਲ ਲਾਂਭੇ ਕਰਨ ਨਾਲ 2013 ਦੀ ਤਰਾਸਦੀ ਨਾਲੋਂ ਵੀ ਵੱਧ ਤਬਾਹੀ ਦੇ ਕਗਾਰ ਉੱਤੇ ਖੜ੍ਹਾ ਦਿਖਾਈ ਦੇ ਰਿਹਾ ਹੈ ਕਿਉਂਕਿ ਚਾਰ-ਧਾਮ ਮਾਰਗ ਦੀ 900 ਕਿਲੋਮੀਟਰ ਲੰਮੀ ਸੜਕ, ਜਿਹੜੀ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚੋਂ ਲੰਘਦੀ ਹੈ, ਨੂੰ ਬਣਾਉਣ ਲਈ 900 ਕਿਲੋਮੀਟਰ ਦੀ ਲੰਬਾਈ ਨੂੰ 53 ਛੋਟੇ-ਛੋਟੇ ਹਿੱਸਿਆਂ ਵਿਚ ਵੰਡ ਕੇ ਸੜਕ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ 100 ਕਿਲੋਮੀਟਰ ਤੋਂ ਵੱਧ ਲੰਬੀ ਸੜਕ ਬਣਾਉਣ ਲਈ ਵਾਤਾਵਰਨ ਪ੍ਰਭਾਵ ਮੁਲਾਂਕਣ ਵਿਭਾਗ ਤੋਂ ਮਨਜ਼ੂਰੀ ਲੈਣੀ ਪੈਣੀ ਹੈ। ਇਸ ਸੜਕ ਦੀ ਚੌੜਾਈ 12 ਮੀਟਰ ਰੱਖੀ ਜਾ ਰਹੀ ਹੈ ਜਿਸ ਲਈ 24 ਮੀਟਰ ਚੌੜਾਈ ਤੱਕ ਦੀ ਜ਼ਮੀਨ ਦੀ ਲੋੜ ਹੋਵੇਗੀ। ਪਹਾੜੀ ਇਲਾਕੇ ਵਿਚ ਜਿੰਨੀ ਜ਼ਿਆਦਾ ਪਹਾੜਾਂ ਦੀ ਕਟਾਈ ਹੋਵੇਗੀ ਉਨੀ ਹੀ ਪਹਾੜਾਂ ਦੇ ਖਿਸਕਣ ਦੀ ਸੰਭਾਵਨਾ ਵਧ ਜਾਵੇਗੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਯੂਰਪੀਨ ਦੇਸਾਂ ਵਿਚ ਪਹਾੜਾਂ ਵਿਚਲੀਆਂ ਸੜਕਾਂ ਦੀ ਚੌੜਾਈ ਸਿਰਫ਼ 8 ਮੀਟਰ ਹੀ ਰੱਖੀ ਜਾਂਦੀ ਹੈ।

7 ਫ਼ਰਵਰੀ ਦੀ ਤਬਾਹੀ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਵੇਂ ਇਹ ਕਿਹਾ ਹੈ ਕਿ ਦੇਸ ਉਤਰਾਖੰਡ ਨਾਲ ਖੜ੍ਹਾ ਹੈ ਅਤੇ ਉਨ੍ਹਾਂ ਦੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮਾਲੀ ਮੱਦਦ ਦੇਣ ਦਾ ਐਲਾਨ ਵੀ ਕੀਤਾ ਹੈ। ਇਸ ਬਿਆਨ ਦੇ ਐਲਾਨ ਨਾਲ ਨਾ ਤਾਂ ਉੱਤਰਾਖੰਡ ਦੇ ਵਾਤਾਵਰਨ ਅਤੇ ਨਾ ਹੀ ਉੱਥੋਂ ਦੇ ਲੋਕਾਂ ਨੂੰ ਕੋਈ ਫ਼ਾਇਦਾ ਹੋਣਾ ਹੈ ਕਿਉਂਕਿ ਸਰਕਾਰ ਦੀ ਵਾਤਾਵਰਨ ਨਿਯਮਾਂ ਦੀ ਅਣਗਹਿਲੀ ਕਾਰਨ ਪਹਿਲਾਂ 2013 ਵਿਚ ਅਤੇ ਹੁਣ ਲੋਕਾਂ ਦੇ ਘਰ ਹੜ੍ਹ ਵਿਚ ਰੁੜ ਗਏ ਅਤੇ ਉਹ ਆਪ ਵੀ ਅਣਆਈ ਮੌਤ ਮਾਰੇ ਗਏ ਹਨ। 7 ਫਰਵਰੀ ਵਾਲੇ ਦੁਖਾਂਤ ਵਿਚ ਸੰਵੇਦਨਸ਼ੀਲ ਪਹਾੜੀ ਇਲਾਕੇ ਵਿਚ ਬਣੀ 250 ਮੀਟਰ ਲੰਬੀ ਸੁਰੰਗ ਵਿਚੋਂ ਸਿਰਫ਼ 80 ਮੀਟਰ ਸਾਫ਼ ਹੋਈ ਹੈ ਅਤੇ ਬਾਕੀ ਦੀ 170 ਮੀਟਰ ਸੁਰੰਗ ਵਿਚ ਮਜ਼ਦੂਰਾਂ ਦੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹੋਏ ਸਾਹ ਘੁੱਟਣ ਨਾਲ ਮਰ ਗਏ ਹੋਣ ਦਾ ਡਰ ਹੈ। ਇਹ ਵਿਕਾਸ ਹੈ ਜਾਂ ਕੁਦਰਤ ਅਤੇ ਲੋਕਾਂ ਦਾ ਵਿਨਾਸ਼! ਹੁਣ ਵੀ ਸਰਕਾਰ ਨੂੰ ਜਾਨਣਾ ਚਾਹੀਦਾ ਹੈ। ਵਿਕਾਸ ਲੋਕਾਂ ਲਈ ਹੋਵੇ ਨਾ ਕੇ ਸਰਕਾਰ ਦੇ ਕਾਰਪੋਰੇਟ ਜਗਤ ਲਈ। ਇਸ ਲਈ ਕੇਂਦਰ ਸਰਕਾਰ ਦਾ ਬਣਦਾ ਹੈ ਕਿ ਉਹ ਵਾਤਾਵਰਨ ਨਿਯਮਾਂ ਦੀ ਸੰਜ਼ੀਦਗੀ ਨਾਲ ਪਾਲਣਾ ਕਰੇ ਨਾ ਕਿ ਵਾਤਾਵਰਨ ਨਿਯਮਾਂ ਉੱਤੇ ਪੂਰੇ ਨਾ ਉੱਤਰਨ ਵਾਲੇ ਮੋਪਾ ਏਅਰਪੋਰਟ ਗੋਆ, ਆਇਰਨ ਓਰ ਮਾਈਨਿੰਗ (ਗੋਆ), ਸਟਰਲਾਈਟ ਕੋਪਰ ਟੂਟੀਕੂੰਡੀ (ਤਾਮਿਲਨਾਡੂ), ਸੈਂਡ ਮਾਈਨਿੰਗ (ਉੱਤਰਪ੍ਰਦੇਸ) ਅਤੇ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਦੇ ਉਸਾਰੀ ਆਦਿ ਵਰਗੇ ਪ੍ਰੋਜੈਕਟਾਂ, ਜਿਨ੍ਹਾਂ ਉੱਤੇ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਰੋਕਾਂ ਲਗਾਈਆਂ ਹੋਈਆਂ ਹਨ, ਲਈ ਨੀਤੀ ਆਯੋਗ ਦੁਆਰਾ ਖ਼ਾਸ ਉਪਰਾਲੇ ਕਰਕੇ ਕਮੇਟੀਆਂ ਬਣਾ ਕੇ ਆਨੇ-ਬहਾਨੇ ਪ੍ਰਵਾਨਗੀਆਂ ਦੇਵੇ। ਉੱਤਰਾਖੰਡ ਸਮੇਤ ਜੇਕਰ ਦੇਸ ਦੇ ਹੋਰ ਪਹਾੜੀ ਇਲਾਕਿਆਂ ਅਤੇ ਉੱਥੋਂ ਦੇ ਲੋਕਾਂ ਨੂੰ ਬਚਾਉਣਾ ਹੈ ਤਾਂ ਕੇਂਦਰ ਸਰਕਾਰ ਦਾ ਬਣਦਾ ਹੈ ਕਿ ਇਨ੍ਹਾਂ ਖੇਤਰਾਂ ਵਿਚ ਵਿਕਾਸ ਕਾਰਜ, ਭੂ-ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਲਏ ਬਿਨ੍ਹਾਂ ਨਾ ਕਰੇ। ਇਨ੍ਹਾਂ ਇਲਾਕਿਆਂ ਵਿਚ ਹੋ ਰਹੇ ਬੇ-ਮੁਹਾਰੇ ਵਿਕਾਸ ਉੱਤੇ ਤੁਰੰਤ ਰੋਕ ਲਗਾਏ ਭਾਵੇਂ ਉਹ ਚਾਰ-ਧਾਮ ਸੜਕ ਹੋਵੇ ਜਾਂ ਪਣ-ਬਿਜਲੀ ਪ੍ਰੋਜੈਕਟ ਹੋਣ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਆਏ ਦਿਨ ਇੱਥੋਂ ਦੇ ਵਾਸੀ ਪਹਾੜ ਅਤੇ ਗਲੇਸ਼ੀਅਰ ਖਿਸਕਣ ਵਰਗੀਆਂ ਆਫ਼ਤਾਂ ਦੀ ਮਾਰ ਸਹਿਣ ਲਈ ਮਜ਼ਬੂਰ ਹੋ ਜਾਣਗੇ। ਪਹਾੜੀ ਲੋਕਾਂ ਅਤੇ ਦੇਸ ਦੇ ਵੱਡੇਰੇ ਹਿੱਤ ਮੰਗ ਕਰਦੇ ਹਨ ਕਿ ਕੇਂਦਰ ਸਰਕਾਰ ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦੀ ਜਗ੍ਹਾਂ ਲੋਕ ਅਤੇ ਕੁਦਰਤੀ-ਪੱਖੀ ਵਿਕਾਸ ਮਾਡਲ ਅਪਣਾਵੇ।

# ਵਿਰਸਾ : ਅਲੋਪ ਹੋ ਰਿਹਾ ਵਾਣ ਵਾਲਾ 'ਮੰਜਾ'



ਤਸਵਿੰਦਰ ਸਿੰਘ ਬੜੈਚ
91-98763-22677

**ਸਮੇਂ** ਦੇ ਬਦਲਾਅ ਨਾਲ ਜਿਵੇਂ ਸੰਦੂਕ, ਰੱਥ, ਗੱਡੇ ਤੇ ਹੋਰ ਚੀਜਾਂ ਦੂਰ ਜਾ ਰਹੀਆਂ ਨੇ, ਬਿਲਕੁਲ ਉਵੇਂ ਹੀ ਵਾਣ ਵਾਲੇ ਮੰਜੇ ਵੀ ਇੱਕ ਤਰ੍ਹਾਂ ਨਾਲ ਅਲੋਪ ਜਿਹੇ ਹੁੰਦੇ ਜਾ ਰਹੇ ਨੇ। ਲੱਕੜ ਦੇ ਮੋਟੇ-ਮੋਟੇ ਪਾਵੇ ਤੇ ਲੱਕੜ ਦੀਆਂ ਗੋਲ ਜਾਂ ਚੌਰਸ ਬਾਹੀਆਂ ਵਾਲੇ ਵਾਣ ਨਾਲ ਬੁਣੇ ਮੰਜੇ ਹੁਣ ਸਿਰਫ ਉਨ੍ਹਾਂ ਘਰਾਂ ਵਿੱਚ ਦਿਸਦੇ ਨੇ ਜਿਨ੍ਹਾਂ ਨੂੰ ਪੁਰਾਣੀਆਂ ਚੀਜਾਂ ਸਾਂਭਣ ਦਾ ਸ਼ੌਂਕ ਹੈ। ਵਾਣ ਦੇ ਮੰਜਿਆਂ ਦੀ ਵੀ ਆਪਣੀ ਸ਼ਾਨ ਸੀ। ਕਸੀ ਹੋਈ ਦੌਣ ਵਾਲੇ ਇਹ ਮੰਜੇ ਬੈ ੱਡ ਨਾਲੋਂ ਰੱਤੀ ਘੱਟ ਨਹੀਂ ਹੁੰਦੇ ਸਨ। ਜਿਵੇਂ ਔਰਤਾਂ ਘਰਾਂ ਵਿੱਚ ਪੱਖੀਆਂ, ਪੀੜ੍ਹੀਆਂ, ਦਰੀਆਂ ਬੁਣਦੀਆਂ ਸਨ, ਉਵੇਂ ਹੀ ਔਰਤਾਂ ਦਾ ਮੰਜੇ ਬੁਣਨਾ ਵੀ ਆਮ ਸ਼ੌਂਕ ਸੀ। ਜੋ ਕਿ ਘਰ ਦੀ ਲੋੜ ਨੂੰ ਵੀ ਪੂਰਾ ਕਰਦਾ ਸੀ। ਮੰਜਿਆਂ ਨੂੰ ਬੁਣਨ ਲਈ ਮੁੰਜ ਜਾਂ ਬੱਬੜ ਦਾ ਬਾਣ ਵਰਤਿਆ ਜਾਂਦਾ ਸੀ। ਪਰ ਮੁੰਜ ਦਾ ਵਾਣ ਸਭ ਤੋਂ ਵੱਧ ਲਾਭਦਾਇਕ ਹੁੰਦਾ ਸੀ। ਔਰਤਾਂ ਆਪਣੀ ਮਰਜੀ ਨਾਲ ਮੰਜੇ ਨੂੰ ਨੌਕੜਾ ਜਾਂ ਚੌਕੜਾ ਬੁਣ ਲੈਂਦੀਆਂ ਸਨ। ਬੀਤੇ ਸਮਿਆਂ ਵਿੱਚ ਮੰਜੇ ਧਰਮਸ਼ਾਲਾ ਵਿੱਚ ਜੰਝ ਦੇ ਬੈਠਣ - ਸੌਣ ਲਈ ਸਾਰੇ ਪਿੰਡ ਵਿੱਚੋਂ 'ਕੱਠੇ ਕਰਕੇ ਰੱਖੇ ਜਾਂਦੇ ਸਨ। ਜਦੋਂ ਬਿਜਲੀ ਦੇ ਵੀ ਅੱਜ ਵਾਂਗ ਸਾਧਨ ਮੌਜੂਦ ਨਹੀਂ ਸਨ, ਉਨ੍ਹਾਂ ਵੇਲਿਆਂ 'ਚ ਰਾਤ ਨੂੰ ਸਾਰੇ ਲੋਕ ਛੱਤਾਂ 'ਤੇ ਸੌਂਦੇ ਸਨ, ਦਿਨ ਛਿਪਦਿਆਂ ਮੰਜੇ ਛੱਤਾਂ 'ਤੇ ਚੜ੍ਹਾਏ ਜਾਂਦੇ ਤੇ ਪਹੁ ਫੁਟਾਲੇ ਵੇਲੇ ਲਾਹ ਲਏ ਜਾਂਦੇ। ਬੈਠਣ-ਸੌਣ ਤੋਂ ਇਲਾਵਾ ਮੰਜੇ ਦੀ ਹੋਰ ਵੀ ਬਹੁਤ ਸਾਰੇ ਕੰਮਾਂ ਲਈ ਵਰਤੋਂ ਕੀਤੀ ਜਾਂਦੀ ਸੀ।



ਜਿਵੇਂ ਕਿ ਸੇਵੀਆਂ ਵੱਟਣ ਵਾਲੀ ਮਸ਼ੀਨ ਨੂੰ ਮੰਜੇ ਦੀ ਬਾਹੀਂ ਬੰਨ੍ਹਿਆਂ ਜਾਂਦਾ ਸੀ, ਵਿਆਹਾਂ ਦੇ ਮੌਕੇ ਮੰਜਿਆਂ ਨੂੰ ਛੱਤ ਤੇ ਜੋੜ ਕੇ ਸਪੀਕਰ ਲਗਾਇਆ ਜਾਂਦਾ ਸੀ, ਘਰਾਂ 'ਚ ਜਦੋਂ ਵੜੀਆਂ ਬਣਾਈਆਂ ਜਾਂਦੀਆਂ ਸਨ ਉਦੋਂ ਵੀ ਮੰਜੇ ਦੀ ਵਰਤੋਂ ਕੀਤੀ ਜਾਂਦੀ ਸੀ, ਲਾੜੇ ਅਤੇ ਲਾੜੀ ਨੂੰ ਜੋ ਕੱਪੜੇ ਗਹਿਣੇ, ਬਿਸਤਰੇ, ਭਾਂਡੇ ਦਿੱਤੇ ਜਾਂਦੇ ਸਨ ਉਨ੍ਹਾਂ ਨੂੰ ਵੀ ਮੰਜਿਆਂ 'ਤੇ ਰੱਖ ਕੇ ਰਿਸ਼ਤੇਦਾਰਾਂ ਤੇ ਸਰੀਕਾਂ ਨੂੰ ਦਿਖਾਇਆ ਜਾਂਦਾ ਸੀ। ਇਸ ਤੋਂ ਇਲਾਵਾ ਵਾਣ ਵਾਲੇ ਮੰਜਿਆਂ ਦਾ ਸਰੀਰ 'ਤੇ ਥੋੜ੍ਹਾ- ਥੋੜ੍ਹਾ ਚੁਭਣਾ ਵੀ ਐਕਯੂਪ੍ਰੈਸ਼ਰ ਪ੍ਰਣਾਲੀ ਕਰਕੇ ਲਾਹੇਵੰਦ ਹੁੰਦਾ ਹੈ।

ਜਿਵੇਂ ਅੱਜ ਕੱਲ੍ਹ ਵਿਆਹਾਂ ਮੌਕੇ ਬੈ ੱਡ ਦਿੱਤੇ ਜਾਂਦੇ ਹਨ ਕਿਸੇ ਵੇਲੇ ਏਦਾਂ ਹੀ ਦਹੇਜ ਵਿੱਚ ਰੰਗ-ਬਰੰਗੇ ਸੂਤ ਦੇ ਬਣੇ ਮੰਜੇ ਦਿੱਤੇ ਜਾਂਦੇ ਸਨ। ਸੂਤ ਦੇ ਮੰਜਿਆਂ 'ਤੇ ਪਾਏ ਮਨ ਲੁਭਾਉਣੇ ਨਮੂਨੇ ਆਂਢਣਾਂ-ਗੁਆਂਢਣਾ ਨੂੰ ਵੀ ਨਮੂਨੇ ਲਾਹੁਣ ਲਈ ਮਜਬੂਰ ਕਰ ਦਿੰਦੇ ਸਨ।

ਸੂਤ ਤੋਂ ਤਿਆਰ ਕੀਤੀ ਨਮਾਰ ਦੇ ਮੰਜੇ, ਜਿਸ ਨੂੰ ਪਲੰਘ ਨਮਾਰੀ ਵੀ ਕਿਹਾ ਜਾਂਦਾ ਸੀ, ਵੀ ਦਾਜ ਵਿੱਚ ਦੇਣ ਦੀ ਰਵਾਇਤ ਸੀ। ਪਰ ਹੁਣ ਦੌਰ ਬਦਲ ਗਿਆ ਹੈ। ਅੱਜ ਦਾ ਵੇਲਾ ਪਲਾਸਟਿਕ ਦੇ ਬਾਣ ਨਾਲ ਬੁਣੇ ਲੋਹੇ ਦੇ ਮੰਜਿਆਂ ਦਾ ਤੇ ਸ਼ਾਨਦਾਰ ਡਿਜ਼ਾਈਨਾਂ ਵਾਲੇ ਬੈ ੱਡਾਂ ਵਾਲਾ ਹੈ। ਜਿਸ ਕਰਕੇ ਹੁਣ ਵਾਣ ਵਾਲਾ ਮੰਜਾ ਅਲੋਪ ਹੋ ਰਿਹਾ ਹੈ।

# ਵੱਡਾ ਘਲੂਘਾਰਾ ਅਤੇ 30 ਹਜ਼ਾਰ ਸਿੱਖ ਸ਼ਹੀਦ ਹੋ ਗਏ?



ਜਸਵੰਤ ਸਿੰਘ 'ਅਜੀਤ'
91 9 827-19890

ਅਹਿਮਦਸ਼ਾਹ ਅਬਦਾਲੀ ਹਿੰਦੁਸਤਾਨ ਪੁਰ ਪੰਜ ਹਮਲੇ ਕਰ ਚੁਕਾ ਸੀ ਅਤੇ ਛੇਵੇਂ ਹਮਲੇ ਦੀ ਤਿਆਰੀ ਉਹ ਬਹੁਤ ਹੀ ਜ਼ੋਰ-ਸ਼ੋਰ ਨਾਲ ਕਰ ਰਿਹਾ ਸੀ। ਇਤਿਹਾਸਕਾਰ ਮੰਨਦੇ ਹਨ ਕਿ ਭਾਵੇਂ ਉਸ ਵਲੋਂ ਕੀਤੇ ਜਾਣ ਵਾਲੇ ਇਸ ਹਮਲੇ ਦਾ ਉਦੇਸ਼ ਵੀ ਉਸਦੇ ਪਹਿਲੇ ਹਮਲਿਆਂ ਵਾਂਗ ਹੀ ਹਿੰਦੁਸਤਾਨ ਨੂੰ ਲੁਟਣਾ ਅਤੇ ਉਸਦੀ ਅਸਮਤ, ਉਸਦੀਆਂ ਧੀਆਂ-ਭੈਣਾਂ ਨੂੰ ਬੰਦੀ ਬਣਾ ਲਿਜਾ, ਗਜ਼ਨੀ ਦੇ ਬਜ਼ਾਰਾਂ ਵਿੱਚ ਵੇਚਣਾ ਹੀ ਪ੍ਰਚਾਰਿਆ ਜਾ ਰਿਹਾ ਸੀ, ਫਿਰ ਵੀ ਉਸਦੇ ਇਸ ਹਮਲੇ ਦਾ ਮੁੱਖ ਉਦੇਸ਼, ਉਸ ਸਿੱਖ ਸ਼ਕਤੀ ਨੂੰ ਮੂਲੋਂ ਹੀ ਕੁਚਲ ਦੇਣਾ ਸੀ, ਜੋ ਉਸਦੇ ਹਰ ਹਮਲੇ ਦੌਰਾਨ ਉਸ ਵਲੋਂ ਲੁਟੀ ਦੌਲਤ ਵਿਚੋਂ ਹਿੱਸਾ ਵੰਡਾਂਦੀ ਅਤੇ ਭਾਰਤੀ ਅਸਮਤ ਨੂੰ ਉਸਦੀ ਕੈਦ ਵਿਚੋਂ ਛੁਡਾ ਲਿਜਾਣਾ ਚਲੀ ਆ ਰਹੀ ਸੀ। ਪਿਛਲੀ ਵਾਰ ਤਾਂ ਉਸ ਸ਼ਕਤੀ ਦੇ ਮਾਲਕ, ਸਿੱਖਾਂ ਨੇ ਹਦ ਹੀ ਮੁੱਕਾ ਦਿੱਤੀ, ਜਦੋਂ ਉਹ ਉਸ ਵਲੋਂ ਦਿੱਲੀ ਤੋਂ ਬੰਦੀ ਬਣਾ ਫੌਜ ਦੇ ਭਾਰੀ ਘੇਰੈ ਵਿੱਚ ਲਿਜਾਈਆਂ ਜਾ ਰਹੀਆਂ ਹਿੰਦੁਸਤਾਨ ਦੀਆਂ 2200 ਧੀਆਂ-ਭੈਣਾਂ ਅੱਖ ਦੇ ਫੋਰ ਵਿੱਚ ਆਜ਼ਾਦ ਕਰਵਾ ਹਰਨ ਹੋ ਗਏ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ ਘਰੀ ਪਹੁੰਚਾ ਆਏ।

ਅਬਦਾਲੀ ਨੂੰ ਹੈਰਾਨੀ ਇਸ ਗਲ ਦੀ ਸੀ ਕਿ ਮਰਹੱਟਿਆਂ ਵਰਗੀ ਤਾਕਤ ਤਾਂ ਉਸਦੀਆਂ ਜੁਝਾਰੂ ਫੌਜਾਂ ਸਾਹ-ਮਣੇ ਬਹੁਤੀ ਦੇਰ ਟਿੱਕ ਨਹੀਂ ਸੀ ਸਕੀ, ਪਰ ਇਹ ਸਿੱਖ, ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ, ਜਦੋਂ ਵੀ ਉਹ ਹਿੰਦੁਸਤਾਨ ਵਿੱਚ ਦਾਖਿਲ ਹੁੰਦਾ ਹੈ, ਕੋਈ ਵੀ ਉਸਨੂੰ ਰੋਕਣ ਦਾ ਹੀਆ ਨਹੀਂ ਕਰਦਾ, ਪਰ ਜਦੋਂ ਉਹ ਲੁਟ-ਮਾਰ ਕਰ ਵਾਪਸ ਮੁੜਦਿਆਂ ਪੰਜਾਬ ਦੀ ਧਰਤੀ ਤੇ ਪੈਰ ਰਖਦਾ ਹੀ ਹੈ ਤਾਂ, ਸਿੱਖਾਂ ਵਲੋਂ ਉਸਦੀ ਲੁਟ ਵਿਚੋਂ ਹਿੱਸਾ ਵੰਡਾਇਆ ਜਾਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਨੂੰ ਨਾ ਤਾਂ ਉਸਦੀ ਤਾਕਤ ਦਾ ਭੈ ਹੈ ਅਤੇ ਨਾ ਹੀ ਆਪਣੀ ਮੌਤ ਦਾ ਡਰ।

ਇਸ ਵਾਰ ਅਹਿਮਦਸ਼ਾਹ ਅਬਦਾਲੀ ਨੇ ਹਿੰਦੁਸਤਾਨ ਪੁਰ ਹਮਲਾ ਕਰਨ ਤੋਂ ਪਹਿਲਾਂ ਹੀ ਠਾਣ ਲਿਆ ਸੀ ਕਿ ਉਹ ਇਸ ਵਾਰ ਸਿੱਖਾਂ ਦੀ ਸ਼ਕਤੀ ਨੂੰ ਇਤਨੀ ਬੁਰੀ ਤਰ੍ਹਾਂ ਕੁਚਲ ਕੇ ਮੁ-ੜੇਗਾ, ਕਿ ਉਹ ਮੁੜ ਕਦੀ ਵੀ ਸਿਰ ਚੁਕਣ ਦੀ ਹਿੰਮਤ ਨਾ ਕਰ ਸਕਣ।

ਪਿਛਲੀ ਵਾਰ ਵਾਪਸ ਮੁੜਦੇ ਅਬਦਾਲੀ ਪਾਸੋਂ, ਉਸ ਵਲੋਂ ਲੁਟ ਕੇ ਲਿਜਾਂਦੇ ਜਾ ਰਹੇ ਮਾਲ ਵਿਚੋਂ ਇੱਕ ਵੱਡਾ ਹਿਸਾ ਵੰਡਾ ਲੈਣ ਅਤੇ ਉਸਦੇ ਕਬਜ਼ੇ ਵਿਚੋਂ ਹਿੰਦੁਸਤਾਨ ਦੀ ਅਜ਼ਮਤ, 2200 ਧੀਆਂ-ਭੈਣਾਂ ਨੂੰ ਛੁਡਾ, ਸਤਿਕਾਰ ਸਹਿਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਦੇਣ ਨਾਲ ਜਿਥੇ ਸਿੱਖਾਂ ਨੂੰ ਜੱਸ ਮਿਲਿਆ, ਉਥੇ ਹੀ ਉਨ੍ਹਾਂ ਦੀ ਸ਼ਕਤੀ ਦਾ ਲੋਹਾ ਵੀ ਮੰਨਿਆ ਜਾਣ ਲਗਾ। ਪਰ ਇਹ ਗਲ ਉਨ੍ਹਾਂ ਈਰਖਾਲੂਆਂ ਤੇ ਸਿੱਖਾਂ ਦੇ ਵੈਰੀਆਂ ਲਈ ਅਸਹਿ ਬਣਦੀ ਜਾ ਰਹੀ ਸੀ। ਜੋ ਕਿ ਪੀੜੀਆਂ ਤੋਂ ਸਿੱਖਾਂ ਨਾਲ ਵੈਰ ਕਮਾਂਦੇ ਚਲੇ ਆ ਰਹੇ ਸਨ। ਅਜਿਹੇ ਹੀ ਵੈਰੀ ਨਿਰੰਜਨੀਆਂ ਦੀ ਪੀੜੀ ਵਿਚਲਾ ਅਕਾਲ ਦਾਸ ਅਬਦਾਲੀ ਨੂੰ ਬਾਰ-ਬਾਰ ਚਿੱਠੀਆਂ ਲਿਖ ਸਿੱਖ ਸ਼ਕਤੀ ਨੂੰ ਕੁਚਲਣ ਲਈ ਹਿੰਦੁਸਤਾਨ ਆਉਣ ਦਾ ਸੱਦਾ ਦਿੰਦਾ ਚਲਿਆ ਆ ਰਿਹਾ ਸੀ।

ਅਬਦਾਲੀ ਤਾਂ ਪਹਿਲਾਂ ਹੀ ਧਾਰੀ ਬੈਠਾ ਸੀ ਕਿ ਉਸਨੇ ਇਸ ਵਾਰ ਹਿੰਦੁਸਤਾਨ ਪੁਰ ਕੀਤੇ ਜਾਣ ਵਾਲੇ ਆਪਣੇ ਹਮਲੇ ਵਿੱਚ ਸਭ ਤੋਂ ਪਹਿਲਾਂ ਉਨ੍ਹਾਂ ਸਿੱਖਾਂ ਦੀ ਸ਼ਕਤੀ ਨੂੰ ਕੁ-ਚਲਣਾ ਹੈ, ਜੋ ਹਰ ਵਾਰ ਉਸਦੇ ਲਈ ਚੁਨੌਤੀ ਬਣਦੇ ਚਲੇ ਆ ਰਹੇ ਹਨ। ਇਸਦੇ ਨਾਲ ਹੀ ਅਕਾਲ ਦਾਸ ਵਲੋਂ ਬਾਰ-ਬਾਰ ਦਿੱਤੇ ਜਾ ਰਹੇ ਸੱਦੇ ਵੀ ਉਸਦੇ ਇਸ ਵਿਸ਼ਵਾਸ ਨੂੰ ਦ੍ਰਿੜ੍ਹ ਕਰ ਰਹੇ ਸਨ ਕਿ ਇਸ ਵਾਰ ਤਾਂ ਉਸਨੂੰ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਵਿੱਚ ਪੰਜਾਬ ਵਿਚੋਂ ਵੀ ਭਾਰੀ ਮਦੱਦ ਮਿਲੇਗੀ। ਇਸੇ ਵਿਸ਼ਵਾਸ ਨਾਲ ਭਰੇ ਅਹਿਮਦਸ਼ਾਹ ਅਬਦਾਲੀ ਨੇ ਛੇਵਾਂ ਹਮਲਾ



ਕਰਨ ਲਈ ਭਾਰੀ ਫੌਜ ਲੈ ਹਿੰਦੁਸਤਾਨ ਵਲ ਕੂਚ ਕਰ ਦਿੱਤਾ। ਇਸ ਵਾਰ ਉਹ ਸਾਰਾ ਪੈਂਡਾ ਜਲਦੀ ਤੋਂ ਜਲਦੀ ਮੁੱਕਾ, ਸਿੱਖਾਂ ਪੁਰ ਇਸਤਰ੍ਹਾਂ ਅਚਾਨਕ ਹਮਲਾ ਕਰਨਾ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਸੰਭਲਣ ਤੱਕ ਦਾ ਮੌਕਾ ਤੱਕ ਵੀ ਨਾ ਮਿਲ ਸਕੇ।

ਅਕਾਲ ਦਾਸ, ਉਸਦੀ ਮਨਸ਼ਾ ਨੂੰ ਪੂਰਿਆਂ ਕਰਨ ਦੇ ਉਦੇਸ਼ ਨਾਲ ਸਿੱਖਾਂ ਦੀਆਂ ਸਰਗਰਮੀਆਂ ਅਤੇ ਟਿਕਾਣਿਆਂ ਬਾਰੇ ਉਸਨੂੰ ਲਗਾਤਾਰ ਜਾਣਕਾਰੀ ਭੇਜ ਰਿਹਾ ਸੀ। ਉਧਰ ਅਬਦਾਲੀ ਸਿੱਖ ਸ਼ਕਤੀ ਨੂੰ ਕੁਚਲਣ ਲਈ ਇਤਨਾ ਕਾਹਲਾ ਸੀ ਕਿ ਬਿਨਾਂ ਕਿਧਰੇ ਪੜਾਅ ਕੀਤੇ ਦਿਨ-ਰਾਤ ਸਫਰ ਕਰ ਵਾਹੋ-ਦਾਹੀ ਹਿੰਦੁਸਤਾਨ ਵਲ ਵਧਦਾ ਚਲਿਆ ਆ ਰਿਹਾ ਸੀ।

ਭਾਵੇਂ ਸਿੱਖਾਂ ਨੂੰ ਅਬਦਾਲੀ ਦੇ ਮੁੜ ਹਿੰਦੁਸਤਾਨ ਤੇ ਹਮਲਾ ਕਰਨ ਲਈ ਕੂਚ ਕਰ ਦੇਣ ਦੀਆਂ ਖਬਰਾਂ ਮਿਲ ਗਈਆਂ ਸਨ, ਪਰ ਉਨ੍ਹਾਂ ਨੂੰ ਇਸ ਗਲ ਦਾ ਅਹਿਸਾਸ ਤਕ ਨਹੀਂ ਸੀ ਕਿ ਉਹ ਇਤਨੀ ਜਲਦੀ ਆ ਉਨ੍ਹਾਂ ਦੇ ਸਿਰ ਤੇ ਮੰਡਰਾਣ ਲਗ ਪਏਗਾ।

ਸਿੱਖ ਅਜੇ ਆਪਣੇ ਪਰਿਵਾਰਾਂ ਨੂੰ ਸੁਰਖਿਅਤ ਠਿਕਾਣਿਆਂ ਤੇ ਪਹੁੰਚਾਣ ਦੀਆਂ ਵਿਉਂਤਾਂ ਹੀ ਬਣਾ ਰਹੇ ਸਨ ਕਿ ਅਬਦਾਲੀ ਉਨ੍ਹਾਂ ਦੇ ਸਿਰ ਤੇ ਆ ਧਮਕਿਆ ਤੇ ਆਉਂਦਿਆਂ ਹੀ ਉਸਨੇ ਕੱਟ-ਵੱਢ ਸ਼ੁਰੂ ਕਰ ਦਿੱਤੀ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿੱਚ : 'ਨਹਿ ਤਾੜੇ ਸੁਚੇਤੇ ਸਜੇ ਦਸਤਾਰੇ। ਆਨ ਕਵੇਲੇ ਪਰੈ ਤਿਤੇ ਤਬ ਸਿੰਘ ਕਹੇ ਗਿਲਜੇ ਗੁਰਮਾਰੇ'। ਅਰਥਾਤ ਸਿੱਖ ਅਜੇ ਦਸਤਾਰਾਂ ਹੀ ਸਜਾ ਰਹੇ ਸਨ ਕਿ ਅਬਾਦਲੀ ਦੀਆਂ ਫੌਜਾਂ ਨੇ ਆ ਉਨ੍ਹਾਂ ਦੁਆਲੇ ਘੇਰਾ ਪਾ ਲਿਆ ਤੇ ਕੱਟ-ਵੱਢ ਸ਼ੁਰੂ ਕਰ ਦਿੱਤੀ। ਇਸ ਅਚਨਚੇਤ ਹੋਏ ਹਮਲੇ ਵਿੱਚ ਵੱਡੀ ਗਿਣਤੀ ਵਿਚ ਸਿੱਖ ਸ਼ਹੀਦ ਹੋ ਗਏ। ਫਿਰ ਵੀ ਉਨ੍ਹਾਂ ਹੌਂਸਲਾ ਨਾ ਹਾਰਿਆ ਤੇ ਝਟ ਤਲਵਾਰਾਂ ਸੂਤ ਦੁਸ਼ਮਣ ਦੀਆਂ ਫੌਜਾਂ ਸਾਹਮਣਾ ਕਰਨ ਲਗੇ।

ਉਨ੍ਹਾਂ ਦੇ ਸਾਹਮਣੇ ਜਿਥੇ ਇੱਕ ਪਾਸੇ ਦੁਸ਼ਮਣ ਨਾਲ ਦੋ-ਦੋ ਹੱਥ ਕਰਨ ਦੀ ਸਥਿਤੀ ਬਣੀ ਹੋਈ ਸੀ, ਉਥੇ ਹੀ ਦੂਜੇ ਪਾਸੇ ਉਨ੍ਹਾਂ ਸਾਹਮਣੇ ਆਪਣੇ ਪਰਿਵਾਰਾਂ ਦੀ ਵਹੀਰ ਨੂੰ ਸੁਰਖਿਅਤ ਠਿਕਾਣਿਆ ਪੁਰ ਪਹੁੰਚਾਣ ਦੀ ਵੀ ਸਮੱਸਿਆ ਸੀ। ਇਸ ਕਰਕੇ ਉਨ੍ਹਾਂ ਆਪਣੇ ਪਰਿਵਾਰਾਂ ਦੀ ਵਹੀਰ ਦੁਆਲੇ ਘੇਰਾ ਪਾ, ਉਨ੍ਹਾਂ ਦਾ ਬਚਾਅ ਕਰਦਿਆਂ, ਅਬਦਾਲੀ ਦੀਆਂ ਫੌਜਾਂ ਦਾ ਸਾਹਮਣਾ ਕਰਨਾ ਜਾਰੀ ਰਖਿਆ। ਇਸ ਹਾਲਤ ਵਿੱਚ ਹਾਲਾਂਕਿ ਸਿੱਖਾਂ ਦਾ ਭਾਰੀ ਨੁਕਸਾਨ ਹੋ ਰਿਹਾ ਸੀ, ਇਸਦੇ ਬਾਵਜੂਦ ਸਿੱਖਾਂ ਵਲੋਂ ਹਮਲੇ ਦਾ ਦਿੱਤਾ ਜਾ ਰਿਹਾ ਡਟਵਾਂ ਜਵਾਬ ਅਬਦਾਲੀ ਦੀਆਂ ਫੌਜਾਂ ਨੂੰ 'ਅੱਲਾ' ਨੂੰ ਯਾਦ ਕਰਨ ਤੇ ਮਜਬੂਰ ਕਰ ਰਿਹਾ ਸੀ : 'ਸਿੰਘਾਂ ਵਟ ਕਸੀਸ ਦਈ। ਤਬ ਯਾਦ ਕਰਾ ਦਯੋ ਅਲ੍ਹਾ'।

ਇਨ੍ਹਾਂ ਹਾਲਾਤ ਵਿੱਚ ਸਿੱਖ ਜਿਸਤਰ੍ਹਾਂ ਜਾਨਾਂ ਹੂਲ ਕੇ ਆਪਣੇ ਪਰਿਵਾਰਾਂ ਦੀ ਵਹੀਰ ਦੀ ਰਖਿਆ ਕਰ ਰਹੇ ਸਨ, ਉਸਦਾ ਵਰਨਣ ਭਾਈ ਰਤਨ ਸਿੰਘ ਭੰਗੂ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਹੈ : 'ਜਿਮ ਕਰ ਕੁਕੜੀ ਬਚਿਅਨ ਛਪਾਵੇ, ਫਲਾਇ ਪੰਖ ਦੁਇ ਤਰਫ ਰਖਾਵੈ। ਇਮ ਖਾਲਸੇਨ ਬਹੀਰ ਛਪਾਯੋ'। ਸਿੱਖਾਂ ਦੀ ਇਸ ਦਲੇਰੀ ਨੂੰ ਵੇਖ ਅਹਿਮਦਸ਼ਾਹ ਤੇ ਉਸਦੇ ਜਰਨੈਲ ਤਕ ਹੈਰਾਨ ਹੋਣ ਲਗੇ। ਅਹਿਮਦਸ਼ਾਹ ਨੇ ਜੈਨ ਖਾਨ ਨੂੰ ਕਿਹਾ ਕਿ ਜੇ ਉਹ ਅਗੋਂ ਰੋਕ ਪਾ ਦੇਵੇ ਤਾਂ ਉਹ ਸਿੱਖਾਂ ਦਾ ਇੱਕ ਪਲ ਵਿੱਚ ਸਫਾਇਆ ਕਰ ਦੇਵੇਗਾ। ਇਹ ਸੁਣ ਜੈਨ ਖਾਨ ਨੇ ਕਿਹਾ ਕਿ ਇਹ ਗਲ ਅਸੰਭਵ ਹੈ, ਜੋ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੋ ਸਕਦੀ : 'ਹਮ ਤੈ ਕਭੀ ਨਾ ਮਰੈ ਹੈ ਯਾਹਿ। ਪਹਿਲੇ ਮੁਗਲੋਂ ਨੇ ਬਹੁ ਮਾਰੇ, ਪੁਨ ਹਮਨੇ ਮਾਰੇ ਬਹੁ ਬਾਰੈ। ਕਸਰ ਮੁਕਾਵਨ ਪੈ ਨਹਿ ਛੋਡੀ, ਫਿਰ ਇਹੁ ਬਢਤੇ ਜੈਹੈ ਹੋਡੀ'।

ਆਖਿਰ ਅਹਿ-ਮਦਸ਼ਾਹ ਨੇ ਆਪਣੇ ਸਿਪਾਹਸਾਲਾਰਾਂ, ਵਲੀ ਖਾਨ, ਭੀਖਨ ਖਾਨ ਮਲੇਰ ਕੋਟਲਾ ਅਤੇ ਜੈਨ ਖਾਨ ਨੂੰ ਫੌਜ ਦੀ ਕਮਾਨ ਸੌਂਪ ਉਨ੍ਹਾਂ ਨੂੰ ਸਿੱਖਾਂ ਪੁਰ ਤਿੰਨਾਂ ਪਾਸਿਆਂ ਤੋਂ ਹਮਲਾ ਕਰਨ ਲਈ ਕਿਹਾ। ਉਧਰ ਸਾਰੇ ਸਿੱਖ ਸਰਦਾਰਾਂ ਨੇ ਇਕਠਿਆਂ ਹੋ ਨਵੀਂ ਰਣਨੀਤੀ ਬਣਾ, ਅਬਦਾਲੀ ਦੇ ਹਮਲੇ ਦਾ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਦੁਸ਼ਮਣ ਫੌਜਾਂ ਨੂੰ ਤਕੜੇ ਹੱਥ ਵਿਖਾਏ। ਇਸ ਲੜਾਈ ਵਿੱਚ ਇੱਕ ਮੌਕਾ ਅਜਿਹਾ ਆਇਆ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਿਰ ਤੇ ਮੌਤ ਆ ਮੰਡਰਾਉਣ ਲਗੀ, ਉਸ ਸਮੇਂ ਅਕਾਲ ਪੁਰਖ ਨੇ ਹੀ ਹੱਥ ਦੇ ਕੇ ਉਸਦੀ ਰਖਿਆ ਕੀਤੀ। ਉਸਦੇ ਸਰੀਰ; ਤੇ ੨੨ ਜ਼ਖਮ ਆਏ, ਜਦਕਿ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਦੇ ਸਰੀਰ ਪੁਰ ੧੯ ਜ਼ਖਮ ਲਗੇ।

ਇਸ ਭਾਰੀ ਲੜਾਈ ਵਿੱਚ ਅਹਿਮਦਸ਼ਾਹ ਦੀ ਫੌਜ ਪਰਿਵਾਰਾਂ ਦੀ ਵਹੀਰ ਨੂੰ ਸਿੱਖ ਯੋਧਿਆਂ ਨਾਲੋਂ ਨਿਖੇੜਨ ਵਿੱਚ ਸਫਲ ਹੋ ਗਈ। ਅਬਦਾਲੀ ਦੀ ਫੌਜ ਨੇ ਵਹੀਰ ਵਿੱਚ ਸ਼ਾਮਲ ਬੱਚਿਆਂ, ਜਵਾਨਾਂ, ਬੁਢਿਆਂ ਅਤੇ ਇਸਤ੍ਰੀਆਂ ਨੂੰ ਬਹਤ ਹੀ ਬੇ-ਦਰਦੀ ਨਾਲ ਕਤਲ ਕਰ ਦਿੱਤਾ। ਗਿਆਨੀ ਗਿਆਨ ਸਿੰਘ ਅਨੁਸਾਰ : 'ਉਥੇ ਖੂਨ ਦੀ ਨਦੀ ਵਹਿ ਤੁਰੀ'।

ਸਿੱਖ ਇਤਿਹਾਸ ਵਿੱਚ ਇਸ ਘਟਨਾ ਨੂੰ ਵੱਡੇ ਘਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਭਾਈ ਰਤਨ ਸਿੰਘ ਭੰਗੂ ਅਤੇ ਹੋਰ ਗੈਰ-ਸਿੱਖ ਇਤਿਹਾਸਕਾਰਾਂ ਅਨੁਸਾਰ ਇਸ ਘਲੂਘਾਰੇ ਵਿੱਚ ਲਗਭਗ ੩੦ ਹਜ਼ਾਰ ਸਿੱਖ, ਜੋ ਉਸ ਸਮੇਂ ਦੀ ਸਿੱਖ ਵਸੋਂ ਦਾਂ ਲਗਭਗ ਅੱਧ ਸਨ, ਸ਼ਹੀਦ ਹੋ ਗਏ। ਜਦ ਕਿ ਛੋਟੇ ਘਲੂਘਾਰੇ ਵਿੱਚ ਦਸ ਹਜ਼ਾਰ ਸਿੱਖ ਸ਼ਹੀਦ ਹੋਏ ਸਨ। ਸੰਸਾਰ ਦੇ ਲੋਕਾਂ ਨੇ ਗੈਰ-ਸਿੱਖ ਇਤਿਹਾਸਕਾਰਾਂ ਦੀਆਂ ਉਨ੍ਹਾਂ ਲਿਖਤਾਂ ਨੂੰ ਹੈਰਨੀ ਨਾਲ ਪੜ੍ਹਿਆ ਕਿ ਜਿਨ੍ਹਾਂ ਵਿੱਚ ਇਸ ਲੜਾਈ ਦਾ ਜ਼ਿਕਰ ਕਰਦਿਆਂ ਲਿਖਿਆ ਗਿਆ ਹੋਇਆ ਸੀ ਕਿ ਇਤਨੀ ਭਾਰੀ ਸੱਟ ਲਗਣ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿੱਚ ਰਹੇ। ਇਹ ਗਲੂਘਾਰਾ ਫਰਵਰੀ ੧੭੬੨ ਵਿੱਚ ਵਾਪਰਿਆ, ਇਸਤੋਂ ਤਿੰਨ ਮਹੀਨੇ ਬਾਅਦ, ਅਰਥਾਤ ਇਸੇ ਵਰ੍ਹੇ ਮਈ ਵਿੱਚ ਸਿੱਖਾਂ ਨੇ ਸਰਹੰਦ ਪੁਜ ਨਵਾਬ ਜੈਨ ਖਾਨ ਨੂੰ ਜਾ ਘੇਰਿਆ।

# ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਲਈ ਸੈਸ਼ਨ-2021 ਦੇ ਦਾਖ਼ਲਿਆਂ ਦੀ ਸ਼ੁਰੂਆਤ

ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ ਪ੍ਰੋਫੈਸ਼ਨਲ ਐਜੂਕੇਸ਼ਨ ਦੇ ਖੇਤਰ ਦੇ ਨਾਲ-ਨਾਲ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਰਾਹੀਂ ਦਿੱਤੀਆਂ ਜਾਂਦੀਆਂ ਉਚ ਕੋਟੀ ਦੀਆਂ ਅਕਾਦਮਿਕ ਸੇਵਾਵਾਂ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਪਿਛਲੇ ਸਾਲ ਦੀ ਬਿਹਤਰੀਨ ਕਾਰਗੁਜ਼ਾਰੀ ਤੋਂ ਬਾਅਦ ਹੁਣ 'ਵਰਸਿਟੀ ਵੱਲੋਂ ਸੈਸ਼ਨ-2021 ਲਈ ਦਾਖ਼ਲਿਆਂ ਦੀ ਪ੍ਰੀਕਿਰਿਆ ਆਰੰਭੀ ਗਈ ਹੈ, ਜਿਸ ਤਹਿਤ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਤਹਿਤ ਕਰਵਾਏ ਜਾਂਦੇ 5 ਅੰਡਰ-ਗ੍ਰੈਜੂਏਟ ਅਤੇ 5 ਪੋਸਟ ਗ੍ਰੈਜੂਏਟ ਕੋਰਸਾਂ 'ਚ ਦਾਖ਼ਲੇ ਲੈ ਸਕਦੇ ਹਨ। ਜ਼ਿਕਰਯੋਗ ਹੈ ਕਿ 'ਵਰਸਿਟੀ ਵੱਲੋਂ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਤਹਿਤ ਬੀ.ਬੀ.ਏ, ਐਮ.ਬੀ.ਏ, ਬੀ.ਸੀ.ਏ, ਐਮ.ਸੀ.ਏ, ਬੀ.ਕੱਾਮ, ਐਮ.ਕੱਾਮ, ਬੀ.ਏ., ਐਮ.ਏ. (ਇੰਗਲਿਸ਼), ਐਮ.ਏ. (ਸਾਈਕਲੋਜੀ), ਬੈਚਲਰ ਆਫ਼ ਸਾਇੰਸ (ਟ੍ਰੈਵਲ ਐਂਡ ਟੂਰਿਜ਼ਮ) ਕੋਰਸਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਸਾਰੇ ਪ੍ਰੋਗਰਾਮ ਯੂਨੀਵਰਸਿਟੀ ਗ੍ਰਾਂਟਸ ਕਮੀਸ਼ਨ (ਯੂ.ਜੀ.ਸੀ) ਅਤੇ ਡਿਸਟੈਂਸ ਐਜੂਕੇਸ਼ਨ ਬਿਊਰੋ ਵੱਲੋਂ ਮਾਨਤਾ ਪ੍ਰਾਪਤ ਹਨ।




ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਨੇ ਦੱਸਿਆ ਕਿ ਪਿਛਲੇ ਸੈਸ਼ਨ ਤੋਂ ਸੁਰੂ ਕੀਤੇ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਦੀ ਦਾਖ਼ਲਾ ਪ੍ਰੀਕਿਰਿਆ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ ਅਤੇ 'ਵਰਸਿਟੀ ਵੱਲੋਂ ਅਗਲੇ ਜਨਵਰੀ ਸੈਸ਼ਨ-2021 ਲਈ ਦਾਖ਼ਲੇ ਲੈਣ ਦੀ ਪ੍ਰੀਕਿਰਿਆ ਸਫ਼ਲਤਾਪੂਰਵਕ ਆਰੰਭੀ ਜਾ ਚੁੱਕੀ ਹੈ। ਡਾ. ਬਾਵਾ ਨੇ ਦੱਸਿਆ ਕਿ ਪਿਛਲੇ ਸਾਲ 2200 ਦੇ ਕਰੀਬ ਵਿਦਿਆਰਥੀਆਂ ਨੇ 'ਵਰਸਿਟੀ ਦੇ ਡਿਸਟੈਂਸ ਐਜੂਕੇਸ਼ਨ ਤਹਿਤ ਕਰਵਾਏ ਜਾਂਦੇ ਵੱਖੋ-ਵੱਖਰੇ ਕੋਰਸਾਂ 'ਚ ਦਾਖ਼ਲੇ ਲੈ ਕੇ ਉਚੇਰੀ ਸਿੱਖਿਆ ਤੱਕ ਆਪਣੀ ਪਹੁੰਚ ਯਕੀਨੀ ਬਣਾਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਵਿਚੋਂ 79 ਵਿਦਿਆਰਥੀ ਸਰਕਾਰੀ ਨੌਕਰੀਆਂ ਅਤੇ 857 ਗੈਰ-ਸਰਕਾਰੀ ਨੌਕਰੀਆਂ ਨਾਲ ਸਬੰਧਿਤ ਹਨ। ਡਾ. ਬਾਵਾ ਨੇ ਦੱਸਿਆ ਕਿ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਲਈ ਚਲਾਈਆਂ ਗਈ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਤਹਿਤ ਹੁਣ ਤੱਕ 394 ਵਿਦਿਆਰਥੀਆਂ ਨੂੰ 10 ਲੱਖ ਦੇ ਕਰੀਬ ਵਜ਼ੀਫ਼ੇ ਪ੍ਰਦਾਨ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਲੜਕੀਆਂ ਦੀ ਉਚੇਰੀ ਸਿੱਖਿਆ ਤੱਕ ਪਹੁੰਚ ਸੌਖਾਲੀ ਬਣਾਉਣ ਲਈ 'ਮਹਿਲਾ ਸਸ਼ਕਤੀਕਨ ਸਕਾਲਰਸ਼ਿਪ' ਸਕੀਮ ਤਹਿਤ ਕੋਰਸ ਫ਼ੀਸ 'ਤੇ 20 ਫ਼ੀਸਦੀ ਵਜ਼ੀਫ਼ਾ ਰਾਸ਼ੀ ਦੇਣ ਦੀ ਵਿਵਸਥਾ ਕੀਤੀ ਗਈ ਹੈ, ਜਿਸ 'ਚ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ 'ਚ ਕੰਮ ਕਰਨ ਵਾਲੀਆਂ ਔਰਤਾਂ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ ਅਤੇ ਘਰੇਲੂ ਔਰਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਕੋਵਿਡ ਯੋਧਿਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਵਿਸ਼ੇਸ਼ ਵਜ਼ੀਫ਼ਾ ਸਕੀਮ ਜ਼ਰੀਏ 10 ਫ਼ੀਸਦੀ ਅਤੇ



ਜੈ ਜਵਾਨ ਸਕਾਲਰਸ਼ਿਪ ਤਹਿਤ ਡਿਫੈਂਸ ਫੋਰਸਜ਼ 'ਚ ਸੇਵਾਵਾਂ ਨਿਭਾ ਰਹੇ ਕਰਮਚਾਰੀਆਂ ਦੇ ਬੱਚਿਆਂ ਨੂੰ ਕੋਰਸ ਫ਼ੀਸ 'ਤੇ 25 ਫ਼ੀਸਦੀ ਵਜ਼ੀਫ਼ਾ ਪ੍ਰਦਾਨ ਕੀਤਾ ਜਾ ਰਿਹਾ ਹੈ।

ਡਾ. ਬਾਵਾ ਨੇ ਦੱਸਿਆ ਕਿ 'ਵਰਸਿਟੀ ਵੱਲੋਂ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਅਧੀਨ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਤੱਕ ਸਿੱਖਿਆ ਦੇ ਪ੍ਰਵਾਹ ਨੂੰ ਸੌਖਾਲਾ ਬਣਾਉਣ ਲਈ ਅੰਤਰਰਾਸ਼ਟਰੀ ਪੱਧਰ ਦਾ ਅਕਾਦਮਿਕ ਮਾਡਲ ਅਪਣਾਇਆ ਗਿਆ ਹੈ, ਜਿਸ ਅਧੀਨ ਵਿਦਿਆਰਥੀਆਂ ਨੂੰ ਸੀਯੂ ਲਰਨਿੰਗ ਮੈਨੇਜਮੈਂਟ ਸਿਸਟਮ (ਐਲ.ਐਮ.ਐਸ) ਸਾਫ਼ਟਵੇਅਰ ਐਪਲੀਕੇਸ਼ਨ ਜ਼ਰੀਏ 24×7 ਫਲੈਕਸੀਬਲ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਪਰੋਕਤ ਸਾਫ਼ਟਵੇਅਰ ਦੇ ਮੱਦਦ ਨਾਲ ਵਿਦਿਆਰਥੀ ਆਨਲਾਈਨ ਕਲਾਸਾਂ, ਸੈਮੀਨਾਰ, ਗੋਸ਼ਟੀਆਂ, ਵਰਕਸ਼ਾਪਾਂ, ਪੜ੍ਹਾਈ ਸਬੰਧੀ ਆਨਲਾਈਨ ਸਮੱਗਰੀ ਅਤੇ ਆਡੀਓ-ਵੀਡਿਓ ਲੈਕਚਰਾਂ ਦੀ ਸਹੂਲਤ ਦਿੱਤੀ ਜਾ ਰਹੀ ਹੈ। ਡਾ. ਬਾਵਾ ਨੇ ਦੱਸਿਆ ਕਿ ਵਿਦਿਆਰਥੀਆਂ ਅਤੇ ਇੰਡਸਟਰੀ ਦੇ ਮਾਹਿਰਾਂ ਦਰਮਿਆਨ ਸਿੱਧਾ ਰਾਬਤਾ ਬਣਾਉਣ ਲਈ ਨਿੱਜੀ ਸੰਪਰਕ ਪ੍ਰੋ-ਗਰਾਮ (ਪੀ.ਸੀ.ਪੀ) ਵੀ ਸਥਾਪਿਤ ਕੀਤਾ ਗਿਆ ਹੈ, ਜਿਥੇ ਵਿਦਿਆਰਥੀ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰਾਂ ਨਾਲ ਸਿੱਖਿਆ ਅਤੇ ਇੰਡਸਟਰੀ ਦੀਆਂ ਲੋੜਾਂ ਬਾਬਤ ਜਾਣਕਾਰੀ ਹਾਸਲ ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਇੰਸਟੀ-ਚਿਊਟ ਆਫ਼ ਡਿਸਟੈਂਸ ਅਤੇ ਆਨਲਾਈਨ ਲਰਨਿੰਗ ਦੀ ਵੈਬ-ਸਾਈਟ 'ਤੇ ਪਹੁੰਚ ਕਰ ਸਕਦੇ ਹਨ। ਇਸ ਸਬੰਧੀ ਬੋਲਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਤਹਿਤ ਕਰਵਾਏ ਜਾਂਦੇ ਸਮੁੱਚੇ ਕੋਰਸ ਯੂਨੀਵਰਸਿਟੀ ਗ੍ਰਾਂਟਸ ਕਮੀਸ਼ਨ ਅਤੇ ਡਿਸਟੈਂਸ ਐਜੂਕੇਸ਼ਨ ਬਿਊਰੋ ਵੱਲੋਂ ਮਾਨਤਾ ਪ੍ਰਾਪਤ ਹਨ, ਜਿਸ ਤਹਿਤ ਸਾਰੀਆਂ ਯੋਗਤਾਵਾਂ ਸਵੈ-ਚਲਿਤ ਤੌਰ 'ਤੇ ਸਰਕਾਰੀ ਅਤੇ ਕਾਰਪੋਰੇਟ ਨੌਕਰੀਆਂ ਲਈ ਯੋਗ ਅਤੇ ਮਾਨਤਾ ਪ੍ਰਾਪਤ ਹੋਣਗੀਆਂ। ਉਨ੍ਹਾਂ ਕਿਹਾ ਕਿ 'ਵਰਸਿਟੀ ਵੱਲੋਂ ਜਾਰੀ ਕੀਤੇ ਗਏ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮਾਂ ਦਾ ਨੌਕਰੀ ਪੇਸ਼ੇ ਨਾਲ ਸਬੰਧਿਤ ਵਿਅਕਤੀਆਂ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਲਾਭ ਹੋ ਰਿਹਾ ਹੈ।

## (11 ਫ਼ਰਵਰੀ ਜਨਮ ਦਿਨ 'ਤੇ)

# ਸਾਹਿਬਾਜ਼ਾਦਾ ਅਜੀਤ ਸਿੰਘ ਜੀ

ਰਮੇਸ਼ ਬੱਗਾ ਚੋਹਲਾ
91-94631-32719

ਗੁਰੂ ਨਾਨਕ ਪਾਤਸ਼ਾਹ ਦੀ 10ਵੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਫਰਜੰਦ ਸਾਹਿਬਾਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸੰਮਤ 1743 (ਦੇਸੀ ਮਹੀਨਾ ਮਾਘ) ਮੁਤਾਬਕ 1687 ਈ ਨੂੰ ਹਿਮਾਚਲ ਪ੍ਰਦੇਸ਼ ਦੇ ਰਮਣੀਕ ਸਥਾਨ ਪਾਉਂਟਾ ਸਾਹਿਬ ਵਿਖੇ ਹੋਇਆ। ਛੋਟੀ ਵਰੇਸ਼ ਵਿਚ ਵਡੇਰੀ ਕੁਰਬਾਨੀ ਸਦਕਾ ਸਿੱਖ ਇਤਿਹਾਸ ਉਨ੍ਹਾਂ ਦਾ ਸਤਿਕਾਰ ਬਾਬਾ ਅਜੀਤ ਸਿੰਘ ਦੇ ਨਾਮ ਨਾਲ ਹੀ ਕਰਦਾ ਹੈ।

ਜਦੋਂ ਅਜੀਤ ਸਿੰਘ ਅਜੇ 5 ਕੁ ਮਹੀਨਿਆਂ ਦੇ ਹੀ ਹੋਏ ਤਾਂ ਸਮੇਂ ਦਸਵੇਂ ਪਾਤਸ਼ਾਹ ਦੀ ਪਹਾੜੀ ਰਾਜਿਆਂ ਨਾਲ ਭੰਗਾਣੀ ਦੇ ਮੈਦਾਨ ਵਿੱਚ ਗਹਿਗੱਚ ਲੜਾਈ ਹੋਈ ਸੀ। ਇਸ ਲੜਾਈ ਵਿਚ ਗੁਰੂ ਕਿਆਂ ਦੀ ਮਹਾਨ ਜਿੱਤ ਸਦਕਾ ਸਾਹਿਬਾਜ਼ਾਦੇ ਦਾ ਨਾਮ ਅਜੀਤ ਸਿੰਘ ਰੱਖਿਆ ਗਿਆ।

ਛੋਟੀ ਉਮਰ ਵਿਚ ਹੀ ਬਾਬਾ ਜੀ ਕਾਫੀ ਦਿਮਾਗਦਾਰ ਸਨ। ਜਿਥੇ ਉਨ੍ਹਾਂ ਗੁਰਬਾਣੀ ਦਾ ਡੂੰਘੇਰਾ ਗਿਆਨ ਹਾਸਲ ਕੀਤਾ। ਸਾਹਿਬਾਜ਼ਾਦਾ ਅਜੀਤ ਸਿੰਘ ਜੀ ਨੇ ਆਪਣੀ ਆਯੂ ਦਾ ਵੱਡਾ ਹਿੱਸਾ ਗੁਰੂ ਗੋਬਿੰਦ ਸਿੰਘ ਜੀ ਦੀ ਛਤਰ-ਛਾਇਆ ਹੇਠ ਆਨੰਦਪੁਰ ਸਾਹਿਬ ਵਿਖੇ ਹੀ ਬਤੀਤ ਕੀਤਾ।

23 ਮਈ 1699 ਈ: ਨੂੰ ਬਾਬਾ ਅਜੀਤ ਸਿੰਘ ਸੈਂਕੜੇ ਕੇ ਸਿੰਘਾਂ ਦੇ ਜਥੇ ਦੀ ਅਗਵਾਈ ਕਰਦੇ ਹੋਏ ਆਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਨੂਹ ਪਹੁੰਚ ਗਏ, ਜਿਥੇ ਉਨ੍ਹਾਂ ਉਥੋ ਦੇ ਰੰਗੜਾਂ ਨੂੰ ਚੰਗਾ ਸਬਕ ਸਿਖਾਇਆ ਜਿਨ੍ਹਾਂ ਨੇ ਪੋਠੋਹਾਰ ਦੀਆਂ ਸੰਗਤਾਂ ਨੂੰ ਆਨੰਦਪੁਰ ਆਉਣ ਸਮੇਂ ਲੁੱਟਿਆ ਸੀ।

29 ਅਗਸਤ 1700 ਈ: ਨੂੰ ਜਦੋਂ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ ਉਤੇ ਹਮਲਾ ਕੀਤਾ ਤਾਂ ਬਾਬਾ ਜੀ ਨਹੇ ਬੜੀ ਸੂਰਬੀਰਤਾ ਨਾਲ ਉਨ੍ਹਾਂ ਦਾ ਸਾਹਮਣਾ ਕੀਤਾ। ਅਕਤੂਬਰ ਦੇ ਆਰੰਭਲੇ ਦਿਨਾਂ ਵਿਚ ਜਦੋਂ ਪਹਾੜੀ ਰਾਜਿਆ ਨੇ ਨਿਰਮੋਹਗੜ੍ਹ ਤੇ ਧਾਵਾ ਬੋਲਿਆ ਤਾਂ ਉਸ ਵਕਤ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਦਸਮ ਪਿਤਾ ਦਾ ਡੱਟਵਾਂ ਸਾਥ ਦਿੱਤਾ।

ਇਕ ਦਿਨ ਕਲਗੀਧਰ ਪਾਤਸ਼ਾਹ ਦਾ ਦਰਬਾਰ ਸੱਜਿਆ ਹੋਇਆ ਸੀ। ਇਕ ਗਰੀਬ ਬ੍ਰਾਹਮਣ ਦੇਵਦਾਸ ਰੋਂਦਾ-ਕੁਰਲਾਉਂਦਾ ਹੋਇਆ ਆ ਕੇ ਕਹਿਣ ਲੱਗਾ "ਮੈਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਦਾ ਰਹਿਣ ਵਾਲਾ ਹਾਂ। ਪਿੰਡ ਦੇ ਪਠਾਣਾਂ ਨੇ ਮੇਰੇ ਨਾਲ ਧੱਕੇਸ਼ਾਹੀ ਕੀਤੀ ਹੈ। ਮੇਰੀ ਕੁੱਟਮਾਰ ਕਰਕੇ ਮੇਰੀ ਧਰਮ-ਪਤਨੀ ਵੀ ਮੇਰੇ ਕੋਲੋਂ ਖੋਹ ਲਈ ਹੈ। ਹੋਰ ਕਿਸੇ ਨੇ ਮੇਰੀ ਫਰਿਆਦ ਵੱਲ ਕੋਈ ਧਿਆਨ ਨਹੀਂ ਦਿੱਤਾ। ਗੁਰੂ ਨਾਨਕ ਦਾ ਦਰ ਹਮੇਸ਼ਾਂ ਹੀ ਨਿਮਾਣਿਆਂ ਦਾ ਮਾਣ ਬਣਦਾ ਆ ਰਿਹਾ ਹੈ, ਸੋ ਕਿਰਪਾ ਕਰੋ ਮੇਰੀ ਇੱਜ਼ਤ ਮੈਨੂੰ ਵਾਪਸ ਦਿਵਾ ਦਿਉ। ਮੈਂ ਸਦਾ ਵਾਸਤੇ ਗੁਰੂ ਨਾਨਕ ਦੇ ਘਰ ਦਾ ਰਿਣੀ ਰਹਾਂਗਾ।"

ਗੁਰੂ ਸਾਹਿਬ ਨੇ ਸਾਹਿਬਾਜ਼ਾਦਾ ਅਜੀਤ ਸਿੰਘ ਨੂੰ ਕਿਹਾ ਕਿ ਪੁੱਤਰ ਜੀ ਕੁੱਝ ਸਿੰਘਾਂ ਨੂੰ ਨਾਲ ਲੈ ਕੇ ਜਾਉ ਅਤੇ ਜਾਬਰ ਖਾਂ ਤੋਂ ਇਸ ਮਜ਼ਲੂਮ ਦੀ ਤੀਵੀਂ ਛੁਡਾ ਕੇ ਲਿਆਉ। ਸਾਹਿਬਾਜ਼ਾਦਾ ਅਜੀਤ ਸਿੰਘ ਨੇ 100 ਘੋੜ ਸਵਾਰ ਸਿੰਘਾਂ ਦਾ ਟੋਲਾ ਨਾਲ ਲੈ ਕੇ ਬੱਸੀ ਪਿੰਡ ਤੇ ਧਾਵਾ ਬੋਲ ਦਿੱਤਾ। ਜਾਬਰ ਖਾਂ ਦੀ ਹਵੇਲੀ ਨੂੰ ਜਾ ਘੇਰਿਆ ਅਤੇ ਗਰੀਬ ਬ੍ਰਾਹਮਣ ਦੀ ਪਛਾਣ ਤੇ ਉਸ ਦੀ ਅਬਲਾ ਪਤਨੀ ਨੂੰ ਜਾਲਮ ਦੇ ਪੰਜੇ 'ਚੋ ਛੁਡਾ ਲਿਆ। ਪਿੰਡ ਤੇ ਹਮਲੇ ਸਮੇਂ ਕਸੂਰਵਾਰ ਨੂੰ ਛੱਡ ਕੇ ਕਿਸੇ ਹੋਰ ਦਾ ਕੋਈ ਨੁਕਸਾਨ ਨਹੀਂ ਹੋਇਆ।

ਮਨੋਰਥ ਦੀ ਸਿੱਧੀ ਤੋਂ ਬਾਅਦ ਜਦੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਏ ਤਾਂ ਗੁਰੂ ਗੋਬਿੰਦ ਸਿੰਘ ਨੇ ਬਾਬਾ ਜੀ ਨੂੰ ਮਣਾਂ-ਮੂੰਹੀ ਸਤਿਕਾਰ ਬਖਸ਼ਿਆ। ਫਰਿਆਂਦੀ ਦੀ ਪਤਨੀ ਉਸ ਦੇ ਹਵਾਲੇ ਕੀਤੀ ਗਈ ਅਤੇ ਕੁਕਰਮੀ ਜਾਬਰ ਖਾਂ ਨੂੰ ਢੁੱਕਵੀ ਸਜ਼ਾ ਦਿੱਤੀ ਗਈ।

ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਏ ਮੁਗਲਾਂ ਅਤੇ ਪਹਾੜੀਆਂ ਦੇ ਹਮਲਿਆਂ ਦਾ ਸਾਹਿਬਾਜ਼ਾਦਾ ਅਜੀਤ ਸਿੰਘ ਨੇ ਬੜੇ ਹੀ ਦਲੇਰਾਨਾ ਅਤੇ ਸੂਝਪੂਰਵਕ ਢੰਗ ਨਾਲ ਸਾਹਮਣਾ ਕੀਤਾ। ਆਨੰਦਪੁਰ ਸਾਹਿਬ ਦੀ ਛੇਕੜਲੀ ਲੜਾਈ ਸਮੇਂ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਸਾਂਝੀਆ ਫੌਜਾਂ ਨੇ ਆਨੰਦਪੁਰ ਸਾਹਿਬ ਨੂੰ ਅੱਧੇ ਸਾਲ ਤੋਂ ਵੱਧ ਸਮਾਂ ਘੇਰਾ ਪਾਈ ਰੱਖਿਆ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆ ਬਾਜਾਂ ਵਾਲੇ ਮਾਹੀ ਨੇ ਆਪਣੇ ਪਿਤਾ (ਗੁਰੂ ਤੇਗ ਬਹਾਦਰ) ਦੁਆਰਾ ਵਸਾਈ ਨਗਰੀ ਨੂੰ ਦਸੰਬਰ 1704 ਈ ਨੂੰ ਛੱਡ ਜਾਣ ਦਾ ਫੈਸਲਾ ਕਰ ਲਿਆ। ਗੁਰੂ ਪਰਿਵਾਰ ਅਤੇ ਖਾਲਸਾ ਫੌਜ ਅਜੇ ਸਰਸਾ ਨਦੀ ਦੇ ਨਜਦੀਕ ਪਹੁੰਚੇ ਹੀ ਸਨ ਕਿ ਦੁਸ਼ਮਣ ਦੀ ਫੌਜ ਨੇ ਆ ਹਮਲਾ ਕੀਤਾ।

ਸਾਹਿਬਾਜ਼ਾਦਾ ਅਜੀਤ ਸਿੰਘ ਦੀ ਕਮਾਂਡ ਹੇਠ ਕੁੱਝ ਸ਼ੇਰਦਿਲ ਸਿੰਘਾਂ ਲੇ ਦੁਸ਼ਮਣ ਦੇ ਟਿੱਡੀ ਦਲ ਨੂੰ ਉਨ੍ਹਾਂ ਚਿਰ ਤੱਕ ਰੋਕੀ ਰੱਖਿਆ ਜਿਨ੍ਹਾਂ ਵਿਚ ਤੱਕ ਗੁਰੂ ਪਿਤਾ ਅਤੇ ਉਨ੍ਹਾਂ ਦੇ ਸਹਿਯੋਗੀ ਸਰਸਾ ਨਦੀ ਵਿਚ ਨਾ ਠਿੱਲ੍ਹ ਪਏ। ਪਿੱਛੋਂ ਉਹ ਆਪਣੇ ਸਾਥੀਆਂ ਸਮੇਤ ਆਪ ਵੀ ਨਦੀ ਪਾਰ ਕਰ ਗਏ।



ਨਦੀ ਪਾਰ ਕਰਨ ਤੋਂ ਬਾਅਦ ਗੁਰੂ ਸਾਹਿਬ ਅਤੇ ਖਾਲਸਾਈ ਫੌਜ ਦੇ ਕੁੱਖ ਕੁ ਗਿਣਤੀ (40) ਦੇ ਸਿੰਘਾਂ ਨੇ ਚਮਕੌਰ ਸਾਹਿਬ ਵਿਖੇ ਚੋਧਰੀ ਬੁਧੀ ਚੰਦ ਦੀ ਇਕ ਗੜ੍ਹੀਨੁਮਾ ਕੱਚੀ ਹਬੇਲੀ ਦੀ ਸ਼ਰਨ ਲੈ ਲਈ। ਇਸ ਗੜ੍ਹੀ ਵਿਚਲੀ ਓਟ ਸਦਕਾ ਗੁਰੂ ਸਾਹਿਬ ਨੇ ਦੁਸ਼ਮਣ ਦੀ ਫੌਜ ਨਾਲ ਲੋਹਾ ਲੈਣ ਦਾ ਮਨ ਬਣਾ ਲਿਆ। ਪੰਜ-ਪੰਜ ਸਿੰਘਾਂ ਦੇ ਜਥੇ ਵਾਰੀ-ਵਾਰੀ ਦੁਸ਼ਮਣਾਂ ਨਾਲ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰਨ ਲੱਗੇ। ਸਿੰਘਾਂ ਨੂੰ ਜੂਝਦਿਆਂ ਦੇਖ ਕੇ ਬਾਬਾ ਅਜੀਤ ਸਿੰਘ ਦਾ ਖੂਨ ਵੀ ਉਬਾਲੇ ਖਾਣ ਲੱਗਿਆ। ਜਦੋਂ ਉਨ੍ਹਾਂ ਨੇ ਗੁਰੂ ਪਿਤਾ ਕੋਲੋਂ ਮੈਦਾਨੇ-ਏ-ਜੰਗ ਵਿਚ ਜਾਣ ਦੀ ਆਗਿਆ ਮੰਗੀ ਤਾਂ ਕਲਗੀਧਰ ਪਾਤਸ਼ਾਹ ਨੇ ਪੁੱਤਰ ਨੂੰ ਘੁੱਟ ਕੇ ਛਾਂਤੀ ਨਾਲ ਲਾ ਲਿਆ ਅਤੇ ਕਿਹਾ "ਲਾਲ ਜੀਓ! ਜਦ ਮੈਂ ਆਪਣੇ ਪਿਤਾ (ਗੁਰੂ ਤੇਗ ਬਹਾਦਰ) ਜੀ ਨੂੰ ਸ਼ਹੀਦ ਹੋਣ ਲਈ ਘੱਲਿਆ ਸੀ ਤਾਂ ਉਸ ਸਮੇਂ ਮੈਂ ਆਪਣਾ ਧਰਮੀ ਪੁੱਤਰ ਹੋਣ ਦਾ ਫਰਜ ਅਦਾ ਕੀਤਾ ਸੀ। ਉਸੇ ਹੀ ਤਰਜ਼ ਤੇ ਅੱਜ ਮੈਂ ਤੈਨੂੰ ਰਣ-ਤੱਤੇ ਵਲ ਭੇਜ ਕੇ ਧਰਮੀ ਪਿਤਾ ਬਣਨਾ ਚਾਹੁੰਦਾ ਹਾਂ। ਵਾਹਿਗੁਰੂ ਨੇ ਮੈਨੂੰ ਏਥੇ ਭੇਜਿਆ ਹੀ ਇਸ ਵਾਸਤੇ ਹੈ।

ਦਸਵੇਂ ਪਾਤਸ਼ਾਹ ਨੇ ਏਨੀ ਖੁਸ਼ੀ ਅਤੇ ਉਤਸ਼ਾਹ ਨਾਲ ਸਾਹਿਬਜ਼ਾਦੇ ਨੂੰ ਜੰਗ ਵਲ ਤੋਰਿਆ ਜਿੰਨੇ ਨਾਲ ਜੰਵ ਚਾੜ੍ਹੀਦੀ ਹੈ। ਸੀਸ ਉਪਰ ਹੀਰਿਆ ਨਾਲ ਜੜੀ ਸੁੰਦਰ ਕਲਗੀ ਝਲਕਾਂ ਮਾਰ ਰਹੀ ਸੀ। ਜਦੋਂ ਉਹ ਬਾਹਰ ਨਿਕਲੇ ਤਾਂ ਮੁਗਲਾਂ ਦੀਆਂ ਫੌਜਾਂ ਨੂੰ ਭਾਸਿਆ ਕਿ ਜਿਵੇ ਹਜ਼ੂਰ ਆਪ ਹੀ ਗੜ੍ਹੀ ਵਿਚੋਂ ਬਾਹਰ ਆ ਗਏ ਹੋਣ। ਜਿਧਰ ਕਿਸੇ ਨੂੰ ਰਾਹ ਮਿਲਿਆ ਉਧਰ ਹੀ ਡਰਦਾ ਹੋਇਆ ਦੌੜ ਗਿਆ। ਵੱਡੀ ਗਿਣਤੀ ਵਿਚ ਵੈਰੀਆਂ ਨੂੰ ਸਦਾ ਦੀ ਨੀਂਦ ਬਖਸ਼ ਕੇ ਬਾਬਾ ਜੀ ਆਪ ਵੀ ਸ਼ਾਹਦਤ ਪ੍ਰਾਪਤ ਕਰ ਗਏ। ਸਾਰਾ ਜਿਸਮ ਤੀਰਾਂ ਤੇ ਤਲਵਾਰਾ ਨਾਲ ਛੱਲਘੀ ਹੋਇਆ ਪਿਆ ਸੀ, ਪਰ ਆਤਮਾ ਪਰਮਾਤਮਾ ਵਿਚ ਲੀਨ ਹੋਈ ਚੁੱਕੀ ਸੀ।

ਲਾਲ ਦੀ ਬਹਾਦਰੀ ਦੇਖ ਕੇ ਦਸਮੇਸ਼ ਪਿਤਾ ਜੀ ਕਹਿ ਰਹੇ ਸਨ, "ਬੇਟਾ ਅਜੀਤ! ਤੇਰੀ ਸ਼ਹਾਦਤ ਨੇ ਸਹੀ ਅਰਥਾਂ ਵਿਚ ਮੈਨੂੰ ਅਕਾਲ ਪੁਰਖ ਵਲੋਂ ਸੁਰਖਰੂ ਕਰ ਦਿੱਤਾ ਹੈ।"



# ਕੇਂਦਰ ਸਰਕਾਰ ਵਿਸ਼ਵ ਵਿੱਚ ਆਪਣਾ ਜਲੂਸ ਕੱਢਣ ਦੀ ਥਾਂ ਕਾਲੇ ਕਾਨੂੰਨ ਵਾਪਿਸ ਲਵੇ



ਜੀਗ ਸਿੰਘ
91-94170-95965

ਕਿਸਾਨੀ ਨਾਲ ਦੇਸ਼ ਦੇ ਲਗ ਭਗ 70 ਕਰੋੜ ਲੋਕਾਂ ਦੇ ਕੰਮ ਕਾਜ ਜੁੜੇ ਹੋਏ ਹਨ। ਦੇਸ਼ ਦੇ ਕਿਸਾਨ ਪਿਛਲੇ ਕਈ ਮਹੀਨਿਆਂ ਤੋਂ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਿਸ ਕਰਾਉਣ ਲਈ ਸੰਘਰਸ਼ ਕਰਦੇ ਆ ਰਹੇ ਹਨ। ਹੁਣ ਤਕ ਸੈਂਕੜੇ ਕਿਸਾਨ ਇਸ ਦੀ ਭੇਂਟ ਚੜ੍ਹ ਚੁੱਕੇ ਹਨ। ਲੱਖਾਂ ਹੀ ਕਿਸਾਨਾਂ ਨੇ ਗਣਤੰਤਰ ਦਿਵਸ ਦੇ ਮੌਕੇ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਟਰੈਕਟਰਾਂ ਨਾਲ ਲਾ ਮਿਸਾਲ ਰੋਸ ਮਾਰਚ ਕਰਕੇ ਸੰਸਾਰ ਦੇ ਲੋਕਾਂ ਨੂੰ ਦੱਸਿਆ ਹੈ ਕਿ ਭਾਰਤ ਦੀ ਮੋਦੀ ਸਰਕਾਰ ਜਿਸ ਨੇ ਆਪਣਾ ਖਾਸਾ ਲੋਕਤੰਤਰੀ ਛੱਡ ਕੇ ਤਾਨਾਸ਼ਾਹੀ ਵਾਲਾ ਬਣਾ ਲਿਆ ਹੈ। ਕਿਸਾਨਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਣ ਦੀ ਥਾਂ ਤੇ ਉਨ੍ਹਾਂ ਵਲੋਂ ਲਗਾਏ ਸਿੰਘੂ, ਟਿੱਕਰੀ, ਗਾਜੀਪੁਰ ਬਾਰਡਰਾਂ ਤੋਂ ਦਿੱਲੀ ਨੂੰ ਜਾਣ ਵਾਲੇ ਰਸਤਿਆਂ ਨੂੰ ਚਾਰੇ ਪਾਸਿਉਂ ਘੇਰਿਆ ਹੋਇਆ ਹੈ। 26 ਜਨਵਰੀ ਦੀ ਕਿਸਾਨ ਪਰੇਡ ਤੋਂ ਬਾਅਦ ਦੋ ਤਿੰਨ ਦਿਨ ਤਕ ਜਿਸ ਤਰਾਂ ਦਾ ਤਾਂਡਵ ਨਾਚ ਇਨਾਂ ਬਾਰਡਰਾਂ ਤੇ ਭਾਜਪਾ ਤੇ ਰ ਸ ਸ ਦੇ ਆਗੂਆਂ ਨੇ ਪੁਲੀਸ ਨਾਲ ਮਿਲੀ ਭੁਗਤ ਕਰਕੇ ਸ਼ਾਤਮਈ ਧਰਨੇ ਦੇ ਰਹੇ ਕਿਸਾਨਾਂ ਅਤੇ ਟੈਂਟਾਂ ਵਿੱਚ ਅਰਾਮ ਕਰ ਰਹੇ ਕਿਸਾਨਾਂ ਸਮੇਤ ਇਸਤਰੀਆਂ ਦੀ ਮਾਰ ਕੁੱਟ ਕੀਤੀ ਹੈ। ਉਨ੍ਹਾਂ ਵਿੱਚ ਜੀਨ ਦੀਆਂ ਪੈਂਟਾਂ ਪਾਈ ਪੁਲੀਸ ਕਰਮੀ ਬਣੇ ਰ ਸ ਸ ਦੇ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਵੇਖੇ ਗਏ ਹਨ। ਸਰਕਾਰ ਨੇ ਬੜੀ ਸ਼ਾਤਰ ਚਾਲ ਨਾਲ ਹੁਣ ਜਿਹੜੀਆਂ ਲਾਠੀਆਂ ਪੁਲੀਸ ਨੂੰ ਬਣਵਾ ਕੇ ਦਿੱਤੀਆਂ ਹਨ। ਉਹ ਰ. ਸ. ਸ. ਦੀਆ ਸ਼ਾਂਖਾਵਾਂ ਵਿੱਚ ਵਰਤੀਆਂ ਜਾਂਦੀਆਂ ਲਾਠੀਆਂ ਨਾਲ ਬਿਲਕੁਲ ਮੇਲ ਖਾਂਦੀਆਂ ਹਨ ਤਾਂ ਕਿ ਪੁਲੀਸ ਵਿੱਚ ਸ਼ਾਮਲ ਰ ਸ ਸ ਦੇ ਮੈਂਬਰਾਂ ਦਾ ਕਿਸੇ ਨੂੰ ਪਤਾ ਹੀ ਨਾ ਲਗ ਸਕੇ। ਕੁਝ ਦਿਨ ਪਹਿਲਾਂ ਕਿਸਾਨਾਂ ਨੇ ਕੁਝ ਸ਼ਕੀ ਟਰੱਕ ਵੀ ਫੜ੍ਹੇ ਸਨ। ਜਿਨਾਂ ਵਿੱਚ ਪੁਲੀਸ ਦੀਆਂ ਵਰਦੀਆਂ ਵੀ ਮਿਲੀਆਂ ਸਨ। ਉਹ ਸਭ ਕੁਝ ਸਰਕਾਰ ਦੀ ਚਾਲ ਨੂੰ ਨੰਗਾ ਕਰ ਰਹੀਆਂ ਹਨ ਕਿ ਰ. ਸ. ਸ . ਨੂੰ ਪੁਲੀਸ ਵਿੱਚ ਰੱਲ ਗੱਡ ਕੀਤਾ ਜਾਵੇ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਰਕਾਰ ਨੇ ਵੱਡੀ ਗਿਣਤੀ ਵਿੱਚ ਰ.ਸ.ਸ. ਦੇ ਮੈਂਬਰਾਂ ਨੂੰ ਪਹਿਲਾਂ ਵੀ ਪੁਲੀਸ ਵਿੱਚ ਭਰਤੀ ਕੀਤਾ ਹੋਇਆ ਹੋਵੇ ਤਾਂ ਕਿ ਸਰਕਾਰ ਵਿਰੋਧੀ ਹੋਣ ਵਾਲੇ ਅੰਦੋਲਨਾਂ ਵਿੱਚ ਅੰਦੋਲਨਕਾਰੀਆਂ ਤੇ ਫਿਰਕੂ ਸੋਚ ਦੇ ਮੁਤਾਬਿਕ ਜਬਰ ਢਾਹਿਆ ਜਾ ਸਕੇ। ਇਨਾਂ ਨੇ ਜਿਸ ਤਰਾਂ ਅੰਦੋਲਨ ਕਾਰੀਆਂ ਤੇ ਅਣਮਨੁੱਖੀ ਤਸ਼ਦੱਦ ਕੀਤਾ ਹੈ। ਉਹ ਇਸ ਦਾ ਜਿੰਦਾ ਸਬੂਤ ਹਨ।ਕੇਂਦਰ ਦੀ ਭਾਜਪਾ ਸਰਕਾਰ ਵਲੋਂ ਕਿ ਕਿਸਾਨ ਮੁੜ੍ਹ ਕੇ ਦਿੱਲੀ ਵਿੱਚ ਫੜ੍ਹਕ ਨਾ ਸਕਣ ਉਨ੍ਹਾਂ ਨੇ ਦਿੱਲੀ ਜਾਣ ਵਾਲੇ ਸੜਕੀ ਮਾਰਗਾਂ ਨੂੰ 7 ਤੋਂ 15 ਪਿੱਲਰਾਂ ਤਕ ਨੂੰ ਇਕੱਠੇ ਕਰਕੇ ਉਨ੍ਹਾਂ ਵਿੱਚ ਸਰੀਏ ਦਾ ਜਾਲ ਪਾ ਕੇ ਕੰਕਰੀਟ ਦੀਆਂ ਕੰਧਾਂ ਉਸਾਰੀਆਂ ਗਈਆਂ ਹਨ ਤੇ ਸੜਕੀ ਮਾਰਗਾਂ ਤੇ ਵੱਡੇ ਵੱਡੇ ਨੋਕਾਂ ਵਾਲੇ ਕਿੱਲ ਲਗਾਏ ਗਏ ਸਨ। ਇਹ ਹੀ ਨਹੀਂ ਬਲਕਿ ਦੇਸ਼ ਦੀਆਂ ਸਰਹੱਦਾਂ ਤੇ ਲਗਾਉਣ ਵਾਲੀ ਮਨੁੱਖ ਮਾਰੂ ਅਤਿ ਭਿਆਨਕ ਕੰਡਿਆਲੀ ਤਾਰ ਦਾ ਜਾਲ ਲਗਾ ਕੇ ਪੱਕੇ ਕਿਲ੍ਹੇ ਨੁਮਾ ਬਣਾਏ ਜਾ ਰਹੇ ਹਨ ਜਿਵੇਂ ਇਹ ਅੰਨ ਦਾਤੇ ਕਹੇ ਜਾਣ ਵਾਲੇ ਕਿਸਾਨ ਭਾਰਤ ਦੇ ਵਾਸੀ ਨਾ ਹੋ ਕੇ ਕਿਸੇ ਦੂਸਰੇ ਦੇਸ਼ ਪਾਕਿਸਤਾਨ, ਚੀਨ ਆਦਿ ਵਿਦੇਸ਼ੀ ਮੁਲਕਾਂ ਦੇ ਫੌਜੀ ਹੋਣ। ਇਹ ਵੀ ਪਤਾ ਲਗਾ ਹੈ ਕਿ ਦਿੱਲੀ ਆਉਣ ਵਾਲੇ ਇਨਾਂ ਬਾਰਡਰਾਂ ਦੇ ਨਾਲ ਵਾਲੇ ਹੋਰ ਰਸਤਿਆਂ ਦੇ ਆਲੇ ਦੁਆਲੇ ਵੱਡੀਆਂ ਵੱਡੀਆਂ ਬਹੁਤ ਡੂੰਘੀਆਂ ਖਾਈਆਂ ਪੁੱਟੀਆਂ ਗਈਆਂ ਹਨ ਤਾਂ ਕਿ ਇਨਾਂ ਰਸਤਿਆਂ ਤੋਂ ਕਿਸਾਨ ਤਾਂ ਕੀ ਦਿੱਲੀ ਕੰਮ ਕਾਜ ਤੇ ਜਾਣ ਵਾਲੇ ਇਸ ਇਲਾਕੇ ਦੇ ਲੋਕਾਂ ਸਮੇਤ ਔਰਤਾਂ ਲਈ ਦਿੱਲੀ ਜਾਣ ਲਈ ਵੀ ਵੱਡੀਆਂ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਹੁਣ ਉਨ੍ਹਾਂ ਨੂੰ ਵੱਡੇ ਜੋਖਮ ਝੱਲ ਕੇ ਉਜਾੜੂ ਬੀਆਬਾਨ ਜੰਗਲੀ ਰਸਤੇ ਰਾਹੀਂ ਦਿੱਲੀ ਜਾਣਾ ਪੈ ਰਿਹਾ ਹੈ।ਜਿਸ ਵਿੱਚ ਸਰਕਾਰ ਦਾ ਮੰਤਵ ਵੀ ਲੁਕਿਆ ਹੋਇਆ ਹੈ ਕਿ ਇਲਾਕੇ ਦੇ ਲੋਕ ਤੰਗ ਆ ਕੇ ਜਾਂ ਤਾਂ ਕਿਸਾਨਾਂ ਦਾ ਵਿਰੋਧ ਕਰਨ ਲਗ ਪੈਣ ਜਾਂ ਸਰਕਾਰ ਨੂੰ ਕਹਿਣ ਲਗ ਜਾਣ ਕਿ ਕਿਸਾਨਾਂ ਤੋਂ ਅਸੀ ਪਰੇਸ਼ਾਨ ਹਾਂ ਇਸ ਲਈ ਇਨਾਂ ਨੂੰ ਇਸ ਥਾਂ ਤੋਂ ਹਟਾਇਆ ਜਾਵੇ। ਸਰਕਾਰ ਅਜਿਹੀਆਂ ਹਰਕਤਾਂ ਕਰਕੇ ਕਿਸਾਨਾਂ ਤੇ ਆਮ ਲੋਕਾਂ ਵਿੱਚਕਾਰ ਨਫਰਤ ਦੇ ਬੀਜ ਪਾ ਰਹੀ ਹੈ। ਹੁਣ ਤੁਸੀ ਖੁੱਦ ਆਪ ਹੀ ਅੰਦਾਜਾ ਲਗਾ ਲਉ ਕਿ ਰੋਜਾਨਾਂ ਦਿੱਲੀ ਜਾਣ ਵਾਲੇ ਲੋਕਾਂ ਸਮੇਤ ਔਰਤਾਂ ਨਾਲ ਰੋਜਾਨਾ ਇਸ ਸਮੇਂ ਕੀ ਕੀ ਬੀਤ ਰਹੀ ਹੋਵੇਗੀ? ਹਾਲ ਦੀ ਘੜ੍ਹੀ ਤਾਂ ਉਹ ਸੌ ਸੌ ਸੁਣਾਵਤਾਂ ਸਰਕਾਰ ਨੂੰ ਸੁਣਾ ਰਹੇ ਹਨ।ਸਰਕਾਰ ਦੀ ਇਹ ਲੋਕਾਂ ਨੂੰ ਲੜਾਉਣ ਵਾਲੀ ਕੋਹਝੀ ਚਾਲ ਵੀ ਮੂੰਹ ਦੇ ਮੂੰਦੜੇ ਭਾਰ ਡਿੱਗ ਪਵੇਗੀ। ਆਖਰ ਭਾਰਤ ਦੀ ਮੋਦੀ ਸਰਕਾਰ ਵਿਸ਼ਵ ਦੇ ਲੋਕਾਂ ਨੂੰ ਕੀ ਦਸਣਾ ਚਾਹੁੰਦੀ ਹੈ? ਇਨਾਂ ਸਾਰੀਆਂ ਹੋਛੀਆਂ ਹਰਕੱਤਾਂ ਨੇ ਸਮੁੱਚੇ ਸੰਸਾਰ ਵਿੱਚ ਭਾਰਤ ਸਰਕਾਰ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ, ਕਿ ਇਹ ਸਰਕਾਰ ਕਿਸ ਤਰਾਂ ਦੀ ਹੈ ਜਿਸ ਵਿੱਚ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਜਰਾ ਜਿਨੀ ਵੀ ਹਮਦਰਦੀ ਤੇ ਇਨਸਾਨੀਅਤ ਦੀ ਝੱਲਕ ਦਿਖਾਈ ਨਹੀਂ ਦੇ ਰਹੀ? ਇੰਜ ਲਗ ਰਿਹਾ ਕਿ ਜਿਵੇਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ-ਮੈਕਸੀਕੋ ਸਰਹੱਦ ਤੇ ਪੱਕੀ ਕੰਧ ਉਸਾਰਨੀ ਸ਼ੁਰੂ ਕਰਕੇ ਆਪਣੀ ਹੂੜ੍ਹਮਤ ਦਾ ਪ੍ਰਗਟਾਵਾ ਕਰਕੇ ਦੇਸ਼ ਦੀ ਦੌਲਤ ਨੂੰ ਬਿਨ ਮਤਲਬ ਬਰਬਾਦ ਕੀਤਾ ਜਾ ਰਿਹਾ ਸੀ । ਜਿਸ ਨੂੰ ਮੌਜੂਦਾ ਰਾਸ਼ਟਰਪਤੀ 'ਜੋ ਬਾਇਡਨ' ਨੇ ਗੱਦੀ ਤੇ ਬੈਠਦਿਆਂ ਸਾਰ ਹੀ ਇਸ ਦੀਵਾਰ ਨੂੰ ਬਣਾਉਣਾ ਬੰਦ ਕਰਾ ਦਿੱਤਾ ਸੀ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵੀ ਆਪਣੇ ਪੁਰਾਣੇ ਮਿੱਤਰ ਡੋਨਾਲਡ ਟਰੰਪ ਜਿਨਾਂ ਨੂੰ ਅਮਰੀਕਾ ਦੇ ਲੋਕਾਂ ਨੇ ਬੜੀ ਬੁਰੀ ਤਰਾਂ ਕੁਝ ਸਮਾਂ ਪਹਿਲਾਂ ਰਾਸ਼ਟਰਪਤੀ ਦੀ ਗੱਦੀ ਤੋਂ ਲਾਹ ਦਿੱਤਾ ਹੈ ਤੇ ਉਹਨਾਂ ਨੂੰ ਮਹਾਂਦੋਸ਼ ਵਰਗੇ ਕਈ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬਿਲਕੁਲ ਉਸੇ ਰਾਹ ਤੇ ਮੋਦੀ ਸਾਹਿਬ ਤੇ ਉਨ੍ਹਾਂ ਦੀ ਸਰਕਾਰ ਚੱਲ ਰਹੀ ਹੈ। ਜਿਸ ਸਰਕਾਰ ਕੋਲ ਆਮ ਲੋਕਾਂ ਦੀਆਂ ਸਹੂਲਤਾਂ ਲਈ ਤਾਂ ਪੈਸੇ ਨਹੀਂ ਹੁੰਦੇ, ਪਰ ਹੱਕ ਤੇ ਸੱਚ ਦੀ ਲੜਾਈ ਲੜ੍ਹ ਰਹੇ ਦੇਸ਼ ਦੇ ਕਿਸਾਨਾਂ ਦਾ ਰਾਹ ਰੋਕਣ ਲਈ ਇਨੀ ਵੱਡੀ ਮਾਤਰਾ ਵਿੱਚ ਦੇਸ਼ ਦਾ ਧੰਨ ਬਰਬਾਦ ਕਰਨ ਲਈ ਪੈਸਾ ਹੈ। ਇਨਾਂ ਸਾਰੀਆਂ ਕਾਰਵਾਈਆਂ ਤੋਂ ਸਰਕਾਰ ਦੀ ਵਿਸ਼ਵ ਵਿੱਚ ਇਤਨੀ ਬਦਨਾਮੀ ਹੋ ਰਹੀ ਸੀ ਕਿ ਆਖਰ ਸਰਕਾਰ ਨੂੰ ਇਹ ਵੱਡੇ ਵੱਡੇ ਕਿੱਲਾਂ ਵਾਲੀਆਂ ਪਲੇਟਾਂ ਜੋ ਸੜਕਾਂ ਉਤੇ ਕਿਸਾਨਾਂ ਦਾ ਰਾਹ ਰੋਕਣ ਲਈ ਲਗਾਈਆਂ ਗਈਆਂ ਸਨ ਉਨ੍ਹਾਂ ਦਾ ਅੰਤਰਰਾਸ਼ਟਰੀ ਪੱਧਰ ਤੇ ਜੋਰਦਾਰ ਭੰਡੀ ਪ੍ਰਚਾਰ ਹੋਣ ਉਪਰੰਤ ਸਰਕਾਰ ਨੂੰ ਹੁਣ ਉਨ੍ਹਾਂ ਕਿੱਲਾਂ ਨੂੰ ਪੁੱਟਣ ਦਾ ਕੰਮ ਮਜਬੂਰੀ ਵੱਸ ਕਰਨਾ ਪੈ ਰਿਹਾ ਹੈ। ਸਰਕਾਰ ਕੋਲ ਲੋਕਾਂ ਦੀਆਂ ਸਹੂਲਤਾਂ ਲਈ ਕਦੇ ਪੈਸਾ ਨਹੀਂ ਹੁੰਦਾ, ਪਰ ਅਜਾਈਂ ਉਜਾੜਣ ਲਈ ਬਥੇਰਾ ਧੰਨ ਹੈ। ਕਦੀ ਬਿਨ ਸੋਚੇ ਕੰਮ ਕਰਾਉਣ ਤੇ ਪੈਸਾ ਬਰਬਾਦ ਕਰਦੀ ਹੈ ਫਿਰ ਬਦਨਾਮੀ ਹੋਣ ਤੇ ਉਹ ਕਰਾਏ ਗਲਤ ਕੰਮ ਨੂੰ ਹਟਾਉਣ ਲਈ ਦੇਸ਼ ਦਾ ਦੂਹਰਾ ਪੈਸਾ ਅਜਾਈਂ ਉਜਾੜਦੀ ਹੈ! ਮੋਦੀ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਮੇਂ ਦਾ ਕੋਈ ਪਤਾ ਨਹੀਂ ਲਗਦਾ, ਲੋਕਾਂ ਦੇ ਹੜ੍ਹ ਅੱਗੇ ਅੱਜ ਤਕ ਕੋਈ ਟਿੱਕ ਨਹੀਂ ਸਕਿਆ। ਜਿਸ ਤਰਾਂ ਦੇ ਹਾਲਤ ਮੋਦੀ ਸਰਕਾਰ ਸਿਰਜ ਰਹੀ ਹੈ।ਇਸ ਗੱਲ ਤੋਂ ਵੀ



ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸੇ ਘੁਮੰਣਘੇਰੀ ਵਿੱਚ ਕਿਸਾਨਾਂ ਦੇ ਸੰਘਰਸ਼ ਅੱਗੇ 'ਮੋਦੀ,ਸ਼ਾਹ' ਜੋੜ੍ਹੀ ਦਾ ਭਾਜਪਾ ਰਾਜ ਭਾਗ ਵੀ ਜਾਂਦਾ ਲਗੇ! ਹੁਣ ਤਾਂ ਹਰਿਆਣੇ ਵਿਖੇ ਹੋਈ ਖਾਪ ਪੰਚਾਇਤ ਵਿੱਚ ਰਾਕੇਸ਼ ਟਿਕੈਤ ਨੇ ਇਹ ਵੀ ਐਲਾਨ ਕਰ ਦਿੱਤਾ ਹੈ ਕਿ ਕਿਸਾਨਾਂ ਦਾ ਅਗਲਾ ਨਿਸ਼ਾਨਾ ਦਿੱਲੀ ਜਾਣਾ ਨਹੀਂ "ਗੱਦੀ" ਵੱਲ ਵੀ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਹੁਣ ਦਿੱਲੀ ਜਾਣ ਦੀ ਥਾਂ ਤੇ ਸਮੁੱਚੇ ਦੇਸ਼ ਵਿੱਚ ਜਾਣਗੇ। ਇਹ ਲਫਜ ਆਪਣੇ ਆਪ ਵਿੱਚ ਸਰਕਾਰ ਨੂੰ ਇਕ ਬਹੁਤ ਵੱਡਾ ਸੰਕੇਤ ਦੇ ਰਹੇ ਹਨ। ਮੋਦੀ ਸਰਕਾਰ ਹਕੀਕਤ ਵਿੱਚ ਇਸ ਅੰਦੋਲਨ ਤੋਂ ਪੂਰੀ ਤਰਾਂ ਘਬਰਾਈ ਹੋਈ ਹੈ। ਇਹ ਵੀ ਪਤਾ ਲਗਾ ਹੈ ਕਿ ਭਾਜਪਾ ਸੰਸਦ ਮੈਂਬਰਾਂ ਵਿੱਚ ਵੱਡੀ ਘਬਰਾਹਟ ਪੈਣੀ ਵੀ ਸ਼ੁਰੂ ਹੋ ਗਈ ਹੈ। ਉਹ ਕਹਿ ਰਹੇ ਹਨ ਕਿ ਮੋਦੀ ਤੇ ਸ਼ਾਹ ਹੁਰੀਂ ਤਾਂ ਆਪਣੇ ਇਲਾਕਿਆਂ ਵਿੱਚੋਂ ਜਿੱਤ ਜਾਣਗੇ ਪਰ ਉਨ੍ਹਾਂ ਦੇ ਉੱਤਰ ਪਰਦੇਸ਼ ਵਿੱਚ ਲਗ ਭਗ 40 ਸੀਟਾਂ ਵਾਲੇ ਉਹ ਇਲਾਕੇ ਹਨ , ਜਿਨਾਂ ਵਿੱਚ ਕਿਸਾਨਾਂ ਦੀਆਂ ਵੋਟਾਂ 50% ਤੋਂ 60% ਤਕ ਹਨ, ਉਹ ਆਪਣੇ ਹੱਲਕੇ ਵਿੱਚ ਕਿਵੇਂ ਜਿੱਤਣਗੇ? ਸਰਕਾਰ ਨੂੰ ਇਹ ਵੀ ਡਰ ਪੈ ਗਿਆ ਹੈ ਕਿ ਜੇ ਕਰ ਉਨ੍ਹਾਂ ਨੂੰ ਸੰਸਦ ਵਿੱਚ ਵੋਟਿੰਗ ਕਰਾਉਣ ਲਈ ਮਜਬੂਰ ਹੋਣਾ ਪਿਆ ਤਾਂ ਭਾਜਪਾ ਦੇ ਬਹੁਤ ਸਾਰੇ ਸੰਸਦ ਮੈਂਬਰਾਂ ਦੀ ਕਰੋਸ ਵੋਟਿੰਗ ਹੋ ਜਾਣੀ ਵੀ ਸੰਭਵ ਹੈ। ਇਸ ਸੂਰਤ ਵਿੱਚ ਭਾਜਪਾ ਸਰਕਾਰ ਤੇ ਕਿਹੜੇ ਭਾਅ ਦੀ ਬਣੇਗੀ? ਇਸੇ ਵਿੱਚੋਂ ਉਪੱਜੇ ਡਰ ਕਾਰਨ ਕਿਸਾਨਾਂ ਦੇ ਸੰਘਰਸ਼ ਨੂੰ ਸਖਤੀ ਨਾਲ ਦਬਾਉਣ ਲਈ ਬਹੁਤ ਸਾਰੇ ਪੱਤਰਕਾਰਾਂ ਤੇ ਵੱਡੀ ਗਿੱਣਤੀ ਵਿੱਚ ਨੌਜੁਆਨਾਂ ਤੇ ਪੁਲੀਸ ਵਲੋਂ ਝੂਠੇ ਮੁਕਦਮੇ ਦਰਜ ਕੀਤੇ ਗਏ ਹਨ, ਤੇ ਅਗੋਂ ਹੋਰ ਕੀਤੇ ਵੀ ਜਾ ਰਹੇ ਹਨ।ਸਰਕਾਰ ਵਲੋਂ ਸੰਘਰਸ਼ ਕਰ ਰਹੇ ਕਿਸਾਨਾਂ ਦੇ ਸਿੰਘੂ, ਗਾਜੀਪੁਰ, ਟਿਕਰੀ ਬਾਰਡਰਾਂ ਤੇ ਪਾਣੀ, ਬਿਜੱਲੀ, ਟਾਇਲਟ ਦੀਆਂ ਸਹੂਲਤਾਂ ਤੋਂ ਬਿਨਾ ਇੰਟਰਨੈੱਟ,ਇਨਸਟਾਗ੍ਰਾਮ ,ਟਵਿੱਟਰ ਤਕ ਨੂੰ ਬੰਦ ਕਰਨਾ। ਇਹ ਸਾਬਤ ਕਰ ਰਿਹਾ ਹੈ ਕਿ ਸਰਕਾਰ ਪੂਰੀ ਤਰਾਂ ਘਬਰਾਅ ਕੇ ਹੋਛੀਆਂ ਹਰਕਤਾਂ ਤੇ ਉੱਤਰ ਆਈ ਹੈ ਕਿ ਉਸ ਨੇ ਲੋਕਾਂ ਨੂੰ ਦੇਣ ਵਾਲੀਆਂ ਜਰੂਰੀ ਸਹੂਲਤਾਂ ਖੋਹ ਕੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਕਰਨ ਦੇ ਨਾਲ ਸੰਵਿਧਾਨ ਦੀ ਉਲੰਘਣਾ ਵੀ ਕਰ ਰਹੀ ਹੈ। ਇਹ ਵੀ ਚਰਚਾ ਹੈ ਕਿ ਕਿਸਾਨਾਂ ਦੇ ਤਿੰਨੇ ਬਾਰਡਰਾਂ ਦੀ ਜਹੀਨ ਬਾਗ ਦੀ ਤਰਜ ਤੇ ਘੇਰਾਬੰਦੀ ਕੀਤੀ ਜਾ ਰਹੀ ਹੈ ਤਾਂ ਕਿ ਕਿਸਾਨ ਫਿਰ ਭਾਵੇਂ ਜਿੰਨਾ ਚਿਰ ਮਰਜੀ ਉਥੇ ਬੈਠੇ ਰਹਿਣ, ਸਰਕਾਰ ਦੇ ਸਿਰ ਤੇ ਕੋਈ ਅਸਰ ਨਹੀਂ ਹੋਵੇਗਾ। ਇਸ ਦੇ ਨਾਲ ਸਰਕਾਰ ਦਾ ਇਹ ਮੰਤਵ ਵੀ ਝਲਕ ਰਿਹਾ ਹੈ ਕਿ ਇਸ ਘੇਰਾਬੰਦੀ ਨਾਲ ਕਿਸਾਨਾਂ ਨੂੰ ਪੂਰੀ ਤਰਾਂ ਜਕੜ੍ਹ ਵਿੱਚ ਲੈ ਲਿਆ ਜਾਵੇ। ਉਨ੍ਹਾਂ ਦੇ ਖਾਣ, ਪੀਣ ਤੇ ਲੰਗਰ ਦਾ ਸਾਰਾ ਸਮਾਨ ਆਉਣਾ ਬਾਰਡਰਾਂ ਤੇ ਮੁਕੰਮਲ ਤੌਰ ਤੇ ਰੋਕ ਦਿੱਤਾ ਜਾਵੇ ਤਾਂ ਕਿ ਇਸ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਿਸਾਨ ਭੁੱਖੇ ਪਿਆਸੇ ਤੰਗ ਹੋ ਕੇ ਹੌਲੀ ਹੌਲੀ ਘਰ ਪਰਤਣ ਲਗ ਪੈਣਗੇ ਤੇ ਇਹ ਜਦੋਜਹਿਦ ਦੱਮ ਤੋੜ ਜਾਵੇਗੀ। ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਕਈ ਮਨ ਘੜਤ ਕਿਸਮ ਦੀਆਂ ਸੋਸ਼ਲ ਸਾਈਟ ਦੀਆਂ ਆਈ ਡੀਜ ਬਣਾ ਕੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਬਿਦੇਸ਼ਾਂ ਵਿੱਚ ਰਹਿੰਦੇ ਖਾਲਿਸਤਾਨ ਪੱਖੀ ਕੁਝ ਪੱਤਰਕਾਰ ਇਸ ਅੰਦੋਲਨ ਦੇ ਕਿਸਾਨ ਆਗੂਆਂ ਦਾ ਝੂਠਾ ਭੰਡੀ ਪ੍ਰਚਾਰ ਕਰ ਰਹੇ ਹਨ ਕਿ ਉਨ੍ਹਾਂ ਦੀਆਂ ਗਲਤ ਨੀਤੀਆਂ ਕਾਰਨ ਕਿਸਾਨ ਸੰਘਰਸ਼ ਖਤਮ ਹੋਣ ਕਿਨਾਰੇ ਹੈ।ਇਹ ਲੋਕ ਵੀ ਕਿਸਾਨਾਂ ਦੇ ਇਸ ਸੰਘਰਸ਼ ਨੂੰ ਬੱਲ ਦੇਣ ਦੀ ਥਾਂ ਤੇ ਮੋਦੀ ਤੇ ਰ.ਸ.ਸ. ਦੀ ਭਗਤੀ ਕਰਦੇ ਦਿਖਾਈ ਦੇ ਰਹੇ ਹਨ।ਬਹੁਤ ਸਾਰੇ ਕਿਸਾਨ ਚਿੰਤਕ ਬੜੇ ਫਿਕਰਾਂ ਵਿੱਚ ਹਨ ਕਿ ਕਿਸਾਨਾਂ ਦੇ ਵੀ ਇਕੱੜ ਦੁੱਕੜ ਆਗੂ ਇਸ ਸੰਘਰਸ਼ ਵਿੱਚ ਭਾਗ ਲੈ ਰਹੇ ਨਿਹੰਗ ਸਿੰਘਾਂ ਦੇ ਦੱਲ, ਜਿਹੜੇ ਕਿ ਖੁਦ ਆਪ ਕਿਸਾਨ ਵੀ ਹਨ ਉਨ੍ਹਾਂ ਨੂੰ ਇਥੋਂ ਚਲੇ ਜਾਣ ਦੇ ਬਿਆਨ ਦੇ ਰਹੇ ਹਨ।ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਬਿਆਨਾਂ ਤੋਂ ਗੁਰੇਜ ਕਰਨ। ਇਸ ਸਮੇਂ ਕਿਸਾਨ ਅੰਦੋਲਨ ਸਰਕਾਰ ਦੇ ਗੱਲੇ ਦੀ ਹੱਡੀ ਬਣ ਚੁੱਕਾ ਹੈ। ਜਿਥੇ ਪਿਛਲੇ ਕੁਝ ਸਮੇਂ ਤੋਂ ਕਿਸਾਨਾਂ ਦੇ ਵਿਰੁੱਧ ਬੇ-ਲਗਾਮ 'ਕੰਗਨਾ ਰਣੌਤ'ਤੇ ਨਾਮਾਤਰ ਫਿਲਮੀ ਅਦਾਕਾਰ ਭਾਜਪਾ ਦੇ ਇਸ਼ਾਰੇ ਤੇ ਅਵਾ ਤਵਾ ਸ਼ਬਦ ਕਿਸੇ ਲਾਲਚਵੱਸ ਵਿੱਚ ਬੋਲ ਰਹੇ ਹਨ ਕਿ ਸ਼ਾਇਦ ਭਾਜਪਾ ਵਲੋ ਵਿਧਾਨ ਸਭਾ, ਰਾਜ ਸਭਾ, ਲੋਕ ਸਭਾ ਦੀ ਸੀਟ ਜਾਂ ਕੋਈ ਹੋਰ ਅਹੁੱਦੇ ਦੇ ਟੁੱਕੜ੍ਹ ਹੀ ਮਿਲ ਜਾਣ। ਹੁਣ ਇਕ ਹੋਰ ਬਜੁਰਗ ਸਿੰਗਰ ਲੱਤਾ ਮਗੇਸ਼ਕਰ ਨੇ ਵੀ ਕਿਸਾਨਾਂ ਵਿਰੁੱਧ ਮੂੰਹ ਖੋਹਲ ਕੇ ਆਪਣੇ ਵਕਾਰ ਨੂੰ ਅੰਤਲੇ ਸਮੇਂ ਤੇ ਧੱਬਾ ਲਗਵਾ ਲਿਆ ਹੈ। ਜਦੋਂ ਕਿ ਸਾਰੇ ਸੰਸਾਰ ਵਿੱਚ ਕਿਸਾਨਾਂ ਦੇ ਸੰਘਰਸ਼ ਦੀ ਬੜੀ ਹਮਾਇਤ ਕੀਤੀ ਜਾ ਰਹੀ ਹੈ ਅਤੇ ਭਾਰਤ ਦੀ ਭਾਜਪਾ ਸਰਕਾਰ ਦੀ ਰੱਜ ਕੇ ਨਿੰਦਾ ਵੀ ਹੋ ਰਹੀ ਹੈ। ਵਿਸ਼ਵ ਦੇ ਸਭ ਤੋਂ ਮਹੱਤਵ ਪੂਰਨ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਦੇ ਬੁਲਾਰੇ, ਅਮਰੀਕਾ ਦੇ ਸਭ ਤੋਂ ਵੱਡੇ ਤੇ ਲੋਕਾਂ ਦੇ ਹਰਮਨ ਪਿਆਰੇ ਚੈਨਲ ਸੀ. ਐਨ. ਐਨ.ਦੇ ਚੀਫ ਐਗਜੈਕਟਿਵ ਟੌਡ ਟਰਨਰ, ਸਵੀਡਨ ਮੂਲ ਦੀ ਵਾਤਾਵਰਣ ਪਰੇਮੀ ਤੇ ਸਮਾਜ ਸੇਵੀ ਗਰੇਟਰ ਥੁੰਨਬਰਗ, ਅਮਰੀਕਾ ਦੀ ਪੋਪ ਸਿੰਗਰ ਰਿਹਾਨਾ, ਹਾਲੀਵੁਡ, ਬਾਲੀਵੁਡ ਦੇ ਕਈ ਅਦਾਕਾਰਾਂ ਅਤੇ ਅਮਰੀਕਾ ਦੇ ਹੀ ਕਈ ਮੁੱਖ ਮੰਤਰੀ ਪੱਦਵੀ ਦੇ ਬਰਾਬਰ ਦੇ ਰਾਜਨੀਤਕ ਨੇਤਾਵਾਂ, ਅਮਰੀਕਾ ਦੇ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ, ਭਾਰਤ ਦੇ ਪ੍ਰਧਾਨ ਮੰਤਰੀ ਦੇ ਸਕੇ ਭਰਾ ਪਹਿਰਲਾਦ ਮੋਦੀ , ਭਾਜਪਾ ਦੇ ਸਾ ਪ੍ਰਧਾਨ ਮੰਤਰੀ ਅੱਟਲ ਬਿਹਾਰੀ ਵਾਜਪਾਈ ਦੀ ਭਤੀਜੀ ਅਖਰਿਕਾ ਨੇ ਵੀ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦੇ ਹੋਏ ਸਰਕਾਰ ਦੇ ਹੱਠੀ ਰਵਈਏ ਦੀ ਸਖਤ ਨਿੰਦਾ ਕਰਦੇ ਹੋਏ ਭਾਰਤ ਸਰਕਾਰ ਨੂੰ ਜੋਰ ਦੇ ਕੇ ਕਿਹਾ ਹੈ ਕਿ ਉਹ ਕਿਸਾਨਾਂ ਦੇ ਮੱਸਲੇ ਦਾ ਨਿਪਟਾਰਾ ਕਰੇ। ਪਰ ਸਾਡੇ ਦੇਸ਼ ਦੇ ਅੰਧ ਭਗਤਾਂ ਨੇ ਇਕੋ ਇਕ ਇਹ ਰੱਟ ਲਗਾਈ ਹੋਈ ਕਿ ਉਹ ਭਾਰਤ ਦੇ ਅੰਦਰੂਨੀ ਮੱਸਲਿਆਂ ਵਿੱਚ ਦਖਲ ਅੰਦਾਜੀ ਨਾ ਕਰਨ । ਇਹਨਾਂ ਲੋਕਾਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਇਹ ਲੋਕ ਉਦੋਂ ਕਿਥੇ ਗਏ ਸਨ? ਜਦੋਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੱਕ ਵਿੱਚ ਹੋਦੀ ਮੋਦੀ ਸਮਾਗਮ ਵਿੱਚ ਬੜੀ ਉੱਚੀ ਸੁਰ ਵਿੱਚ ਰਾਗ ਅਲਾਪ ਰਹੇ ਸਨ ਕਿ "ਇਸ ਵਾਰ ਟਰੰਪ ਸਰਕਾਰ" ਕਹਿ ਕੇ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਸਿੱਧਾ ਦੱਖਲ ਦੇ ਰਹੇ ਸਨ ? ਉਹ ਅਮਰੀਕਾ ਵਸਦੇ ਭਾਰਤੀਆਂ ਨੂੰ ਇਹ ਕਹਿ ਰਹੇ ਸਨ ਕਿ ਇਸ ਵਾਰ ਤੁਸੀ ਰਾਸ਼ਟਰਪਤੀ ਦੀ ਚੋਣ ਵਿੱਚ ਡੋਨਾਲਡ ਟਰੰਪ ਨੂੰ ਵੋਟਾਂ ਪਾ ਕੇ ਜਿਤਾਉਣਾ ਹੈ। ਇਹ ਕਿਸੇ ਦੂਸਰੇ ਦੇਸ਼ ਦੇ ਅੰਦਰੂਨੀ ਮਾਮਲੇ 'ਚੋਣ ਪ੍ਰਕਿਰਿਆ' ਵਿੱਚ ਸਿੱਧੀ ਦੱਖਲ ਅੰਦਾਜੀ ਨਹੀਂ। ਹੁਣ ਜਦੋਂ ਹੋਰ ਦੇਸ਼ਾਂ ਦੇ ਆਗੂਆਂ ਨੇ ਭਾਰਤ ਵਿੱਚ ਹੱਕ ਸੱਚ ਦੀ ਲੜਾਈ ਲੜ੍ਹ ਰਹੇ ਕਿਸਾਨਾਂ ਦੇ ਹੱਕ ਵਿੱਚ ਅਵਾਜ ਬੁਲੰਦ ਕੀਤੀ ਹੈ ਤਾਂ ਇਨਾਂ ਮੋਦੀ ਭਗਤਾਂ ਨੂੰ ਦੂਸਰੇ ਦੇਸ਼ਾਂ ਦੇ ਆਗੂਆਂ ਦੀ ਭਾਰਤ ਵਿੱਚ ਸਿੱਧੀ ਦੱਖਲ ਅੰਦਾਜੀ ਨਜਰ ਆਉਣ ਲਗ ਪਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਵੱਖ ਵੱਖ ਦੇਸ਼ਾਂ ਦੇ ਰਾਜਨੀਤਕ ਤੇ ਗੈਰ ਰਾਜਨੀਤਕ ਆਗੂ ਕਿਸਾਨ ਸੰਘਰਸ਼ ਜਿਹੜਾ ਸੰਸਾਰ ਵਿੱਚ ਹਮਦਰਦੀ ਪ੍ਰਾਪਤ ਕਰਕੇ ਜਨ ਅੰਦੋਲਨ ਬਣ ਚੁੱਕਾ ਹੈ। ਉਹ ਕਿਸਾਨਾਂ ਦੀਆ ਜਾਇਜ਼ ਮੰਗਾਂ ਬਾਰੇ ਭਾਰਤ ਦੀ ਸਰਕਾਰ ਨੂੰ ਨਹੀਂ ਕਹਿ ਸਕਦੇ। ਇਹ ਕਿਹੋ ਜਿਹੀ ਸੋਚ ਹੈ?ਇਸ ਦਾ ਮਤੱਲਬ ਹੈ "ਮਿੱਠਾ ਮਿੱਠਾ ਹੜੱਪ ਤੇ ਕੌੜਾ ਕੌੜਾ ਥੂ"। ਇਥੇ ਇਸ ਤੋਂ ਵੀ ਵੱਧ ਮਹਤੱਵ ਪੂਰਨ ਘਟਨਾ ਬਾਰੇ ਦਸਣਾ ਵੀ ਬਣਦਾ ਹੈ, ਉਹ ਇਹ ਹੈ ਕਿ ਬਰਤਾਨੀਆ ਦੇ ਸੰਵਿਧਾਨ ਵਿੱਚ ਦਰਜ ਹੈ ਕਿ ਜੇ ਦੇਸ਼ ਦੇ ਇਕ ਲੱਖ ਲੋਕ ਦਸਤਖਤ ਕਰਕੇ ਕੋਈ ਪਟੀਸ਼ਨ ਪਾਂਦੇ ਹਨ ਤਾਂ ਉਥੋਂ ਦੀ ਸਰਕਾਰ ਨੂੰ ਪਟੀਸ਼ਨ ਵਾਲੇ ਮਸੱਲੇ ਤੇ ਸੰਸਦ ਵਿੱਚ ਬਹਿਸ ਕਰਾਉਣੀ ਪੈਂਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਬਰਤਾਨੀਆ ਦੇ ਇਕ ਲੱਖ ਦਸ ਹਜਾਰ ਲੋਕਾਂ ਨੇ ਭਾਰਤ ਦੇ ਕਿਸਾਨਾਂ ਦੇ ਹੱਕ ਵਿੱਚ ਪਟੀਸ਼ਨ ਪਾਈ ਹੈ।ਉਸ ਦੀ ਬਹਿਸ ਹੁਣ ਬਰਤਾਨੀਆ ਦੀ ਸੰਸਦ ਵਿੱਚ ਕਰਾਈ ਜਾਵੇਗੀ। ਇਨਾਂ ਸਾਰੀਆਂ ਘਟਨਾਵਾਂ ਨਾਲ ਦੇਸ਼ ਦੀ ਭਾਜਪਾ ਸਰਕਾਰ ਦਾ ਵਕਾਰ ਬਹੁਤ ਬੁਰੀ ਤਰਾਂ ਡਿੱਗ ਰਿਹਾ ਹੈ।ਇਸ ਦੇ ਬਾਵਜੂਦ ਜੇ ਕਰ ਸਰਕਾਰ ਕਿਸਾਨਾਂ ਦੇ ਮੱਸਲੇ ਦਾ ਨਿਪਟਾਰਾ ਨਾ ਕਰੇ ਤਾਂ ਕੀ ਇਹ ਆਪਣੀ ਹੂੜ੍ਹਮਤੀ ਦਾ ਪ੍ਰਗਟਾਵਾ ਹੀ ਨਹੀਂ ਕਰ ਰਹੀ? ਦੇਸ਼ ਦੀ ਸਰਕਾਰ ਬਾਰਡਰਾਂ ਤੇ ਬੈਠੇ ਕਿਸਾਨਾਂ ਨੂੰ ਮਿਲਣ ਲਈ ਗਏ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ, ਦੇਸ਼ ਦੇ ਨਿਰਪੱਖ ਪੱਤਰਕਾਰਾਂ ਨੂੰ ਕਿਸਾਨਾਂ ਕੋਲ ਜਾਣ ਤੋਂ ਰੋਕ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ। ਇਹ ਹੀ ਨਹੀਂ ਬਾਰਡਰਾਂ ਤੇ ਬੈਠੇ ਕਿਸਾਨਾਂ ਨੂੰ ਵੀ ਉਸ ਘੇਰਾਬੰਦੀ ਵਾਲੀ ਥਾਂ ਤੋਂ ਬਾਹਰ ਨਹੀਂ ਨਿਕਲਣ ਦਿੱਤਾ ਜਾ ਰਿਹਾ, ਜੋ ਸਾਬਿਤ ਕਰ ਰਿਹਾ ਹੈ ਕਿ ਸਰਕਾਰ ਦੀ ਇਨਾਂ ਕਿਸਾਨਾਂ ਨੂੰ ਇੰਝ ਘੇਰ ਕੇ ਉਨ੍ਹਾਂ ਤੇ ਕੋਈ ਜਬਰ ਕਰਨ ਵਾਲੀ ਭਾਵਨਾ ਵੀ ਹੋ ਸਕਦੀ ਹੈ। ਜਿਨਾਂ ਪ੍ਰਾਂਤਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ। ਉਥੇ ਕਿਸਾਨ ਹਿਤੇਸ਼ੀ ਲੋਕਾਂ ਦੇ ਮੋਬਾਇਲ ਫੋਨ ਹੰਗਾਲੇ ਜਾ ਰਹੇ ਹਨ ਕਿ ਉਨ੍ਹਾਂ ਨੇ ਕੋਈ ਅਜਿਹਾ ਮੈਸਿਜ ਜਾਂ ਟਵੀਟ ਤਾਂ ਨਹੀਂ ਕੀਤਾ ਜਿਸ ਤੋਂ ਉਨ੍ਹਾਂ ਨੂੰ ਦੇਸ਼ ਧਰੋਹੀ ਸਮਝ ਕੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਨ ਦੇ ਨਾਲ ਉਨ੍ਹਾਂ ਦੇ ਪਾਸਪੋਰਟ ਜਬਤ ਕਰਕੇ ਬਾਹਰ ਜਾਣ ਤੋਂ ਰੋਕਣ ਦੀ ਜਾਬਰ ਤੇ ਹੋਛੀ ਹਰਕਤ ਕੀਤੀ ਜਾ ਰਹੀ ਹੈ। ਦੇਸ਼ ਦੇ ਸਰਬ ਉਚ ਅਦਾਲਤਾਂ ਦੇ ਸੀਨੀਅਰ ਵਕੀਲ ਤੇ ਦੇਸ਼ ਦੇ ਚਿੰਤਕ ਲਗਾਤਾਰ ਇਹ ਕਹਿੰਦੇ ਆ ਰਹੇ ਹਨ ਕਿ ਮੋਦੀ ਸਰਕਾਰ ਦਾ ਕਿਸਾਨ ਮਸਲਿਆਂ ਸਬੰਧੀ ਡਿਕਟੇਟਰੀ ਤੇ ਹੱਠੀ ਰਵਈਆ ਇਹ ਦਸ ਰਿਹਾ ਹੈ ਕਿ ਭਾਜਪਾ ਸਰਕਾਰ ਨੂੰ ਪਤਾ ਹੈ ਕਿ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤਾਂ ਉਨ੍ਹਾਂ ਨੇ ਈ. ਵੀ. ਐਮ. ਦੇ ਸਹਾਰੇ ਜਿੱਤ ਹੀ ਲੈਣੀਆਂ ਹਨ। ਇਸ ਲਈ ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਤੇ ਕਿਸਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਜਿੰਨਾ ਚਿਰ ਭਾਜਪਾ ਸਰਕਾਰ ਨੂੰ ਗੱਦੀ ਤੋਂ ਲਾਹਿਆ ਨਹੀਂ ਜਾਂਦਾ ਉਨ੍ਹਾਂ ਚਿਰ ਉਹ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਤੋਂ ਬਿਨਾ ਹੋਰ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਕਾਰਵਾਈਆਂ ਜਿਹੜੀਆਂ ਮਜਦੂਰ ਤੇ ਆਮ ਲੋਕ ਵਿਰੋਧੀ ਦਸੀਆਂ ਜਾ ਰਹੀਆਂ ਹਨ।ਉਨ੍ਹਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਇਸ ਲਈ ਦੇਸ਼ ਵਿੱਚੋਂ ਈ.ਵੀ.ਐਮ.ਰਾਹੀਂ ਚੋਣਾਂ ਕਰਾਈਆਂ ਜਾਣੀਆਂ ਬੰਦ ਕਰਾ ਕੇ ਮੱਤਦਾਨ (ਬੈਲਿਟ ਪੇਪਰ)ਰਾਹੀਂ ਕਰਾਈਆਂ ਜਾਣ ਨੂੰ ਯਕੀਨੀ ਬਣਾਇਆ ਜਾਣਾ ਪੈਣਾ ਹੈ। ਸਾਂਝਾ ਕਿਸਾਨ ਮੋਰਚੇ ਵਲੋਂ ਆਪਣੇ ਅੰਦੋਲਨ ਨੂੰ ਹੋਰ ਤੇਜ ਕਰਨ ਲਈ ਹੁਣ 6 ਫਰਵਰੀ ਨੂੰ (ਦੁਪਹਿਰੇ ਬਾਰਾਂ ਵਜੇ ਤੋਂ ਸ਼ਾਮ ਤਿੰਨ ਵਜੇ ਤਕ) ਤਿੰਨ ਘੰਟੇ ਲਈ ਭਾਰਤ ਦਾ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਹੋਇਆ ਹੈ। ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਕਿਸਾਨਾਂ ਵਲੋਂ ਕੀਤੇ ਇਸ ਐਲਾਨ ਦੇ ਵਿਰੁੱਧ ਪੁਲੀਸ ਦੀ ਚੌਕਸੀ ਵਧਾਉਣ ਦੇ ਨਾਲ ਸਖਤੀ ਦੇ ਆਦੇਸ਼ ਵੀ ਦਿਤੇ ਜਾਣ ਦੀਆ ਚਰਚਾਵਾਂ ਹਨ।

ਭਾਰਤ ਦੇ ਪ੍ਰਧਾਨ ਮੰਤਰੀ ਜਿਸ ਨੂੰ ਗੂਗਲ ਵਿੱਚ ਸਿੱਖਰਾਂ ਦਾ ਝੂਠਾ ਪ੍ਰਧਾਨ ਮੰਤਰੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਕਈ ਦਿਨ ਪਹਿਲਾਂ ਬਿਆਨ ਦਿੱਤਾ ਸੀ ਕਿ 'ਕਿਸਾਨਾਂ ਦਾ ਮਸਲਾ ਸਿਰਫ ਇਕ ਕਾਲ ਦੀ ਦੂਰੀ ਤੇ' ਹੈ।ਪਰ ਉਹ ਦੂਰੀ ਪਤਾ ਨਹੀਂ ਕਿਨੀ ਕੁ ਦੂਰ ਹਾਲੇ ਹੋਰ ਰਹਿਣੀ ਹੈ। ਜਿਹੜੀ ਇਨੇ ਦਿਨ ਲੰਘ ਜਾਣ ਦੇ ਬਾਵਜੂਦ ਉਹ ਦੂਰੀ ਉਸੇ ਤਰਾਂ ਹੀ ਬਣੀ ਹੋਈ ਹੈ। ਇਸ ਸਥਿੱਤੀ ਵਿੱਚ ਕਿਸਾਨ ਜਥੇਬੰਦੀਆਂ ਨੂੰ ਬੜੀ ਗੰਭੀਰਤਾ ਨਾਲ ਚਿੰਤਨ ਕਰਕੇ ਅਗਲੇ ਠੋਸ ਪ੍ਰੋਗਰਾਮ ਉਲੀਕਣੇ ਪੈਣੇ ਹਨ। ਜਿਸ ਨਾਲ ਸਰਕਾਰ ਤੇ ਇਨਾ ਦਬਾਅ ਵਧਾਇਆ ਜਾਏ ਕਿ ਸਰਕਾਰ ਕੋਲ ਕਿਸਾਨਾਂ ਦੇ ਕਾਲੇ ਕਾਨੂੰਨ ਵਾਪਿਸ ਲੈਣ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਾ ਬਚੇ। ਇਸ ਵਿੱਚ ਦੇਸ਼ ਤੇ ਲੋਕਾਂ ਦੀ ਭਲਾਈ ਸਮਾਈ ਹੋਈ ਹੈ।

# ਚਿਹਰਿਆਂ ਦੀ ਥਾਂ ਦਿਲਾਂ ਦੇ ਰਿਸ਼ਤੇ ਜੋੜਣ ਦੀ ਲੋੜ



ਸੇਧ ਸਾਰ

ਸੁਰਜੀਤ ਮਜਾਰੀ
91+98721-93237

ਕਿਸੇ ਘਰ ਅਫਸੋਸ 'ਤੇ ਬੈਠੇ ਸੀ। ਸਾਰੇ ਬਜ਼ੁਰਗ ਦੇ ਤੁਰ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕਰ ਰਹੇ ਸਨ। ਥੋਹੜੇ ਸਮੇਂ ਬਾਅਦ ਉੱਥੇ ਦੋ ਸਖ਼ਸ਼ ਆਏ 'ਤੇ ਆਪਣਾ ਹੇਜ਼ ਜਗਾਉਣ ਲੱਗੇ। 'ਬਾਪੂ ਜੀ ਦਾ ਸੁਭਾਅ ਬਹੁਤ ਵਧੀਆ ਸੀ।', 'ਸਾਰਿਆਂ ਨਾਲ ਬਹੁਤ ਪਿਆਰ ਕਰਦੇ ਸਨ।', 'ਉਹਨਾਂ ਦੇ ਤੁਰ ਜਾਣ ਦਾ ਸਾਨੂੰ ਬੜਾ ਦੁੱਖ ਲੱਗਾ।', 'ਐਦਾਂ ਦੇ ਇਨਸਾਨ ਘੱਟ ਮਿਲਦੇ ਹਨ।' ਉਹ ਦੋਵੇਂ ਵਾਰੀ ਵਾਰੀ ਅਜਿਹੀ ਹਮਦਰਦੀ ਵਾਲੇ ਬੋਲਾਂ ਦੀ ਲੜੀ ਲਾ ਰਹੇ ਸੀ। ਫੌਤ ਹੋਏ ਬਜ਼ੁਰਗ ਦੀ ਮੌਤ ਨਾਲ ਗਹਿਰਾ ਸਦਮਾਂ ਲੱਗਣ ਦਾ ਇਜ਼ਹਾਰ ਕਰ ਰਹੇ ਸਨ। ਪਰ ਉਹਨਾਂ ਦੇ ਪਹਿਰਾਵੇ ਤੇ ਚਿਹਰੇ ਦੇ ਮੇਕਅੱਪ ਤੋਂ ਲੱਗ ਨਹੀਂ ਰਿਹਾ ਸੀ ਕਿ ਉਹ ਅਫ਼ਸੋਸ ਕਰ ਰਹੇ ਸਨ। ..ਤੇ ਉਹਨਾਂ ਦੀਆਂ ਕਮੀਜ਼ਾਂ ਦੇ ਮੋਹਰਲੀਆਂ ਜੇਬਾਂ 'ਚ ਸ਼ਗਨ ਵਾਲੇ ਲਿਫ਼ਾਫੇ ਵੀ ਝਾਤੀਆਂ ਮਾਰ ਰਹੇ ਸਨ। ਪੰਦਰਾਂ ਕੁ ਮਿੰਟ ਬਾਅਦ ਉਹਨਾਂ 'ਚੋਂ ਇੱਕ ਬੋਲ ਹੀ ਪਿਆ , 'ਚੰਗਾ ਜੀ ਫੇਰ ਮਿਲਦੇ ਹਾਂ ਅਸੀਂ, ਥੋਹੜਾ ਅੱਗੇ ਜਾਣਾ ਇੱਕ ਵਿਆਹ ਜਿਹਾ ਆ।' ਉਸ ਤੋਂ ਬਾਅਦ ਉਹ ਉੱਥੋਂ ਚਲੇ ਗਏ। ਇਸ ਵਰਤਾਰੇ ਤੋਂ ਦੁੱਖ ਸਾਂਝਾ ਕਰਨ ਦਾ ਦੋਹਰੇ ਮਾਪਦੰਡ ਸਾਹਮਣੇ ਆਉਂਦਾ ਹੈ। ਵਿੱਚੇ ਅਫ਼ਸੋਸ ਅਤੇ ਵਿੱਚੇ ਵਿਆਹ ਅਜਿਹੀ ਅਵਸਥਾ 'ਚ ਦੁੱਖ ਸੁੱਖ ਵੰਡਾਉਣ ਵਾਲੀ ਪ੍ਰਕਿਰਿਆ ਦਾ ਕੱਚ ਸੱਚ ਆਪ ਮੁਹਾਰੇ ਨੰਗਾ ਹੁੰਦਾ ਹੈ।

ਸਮੇਂ ਦੀ ਘੁੰਮਣਘੇਰੀ 'ਚ ਅਸੀਂ ਨਾ ਤਾਂ ਕਿਸੇ ਦਾ ਦੁੱਖ ਦਰਦ ਸਹੀ ਤਰੀਕੇ ਨਾਲ ਸਮਝ ਰਹੇ ਹਾਂ ਨਾ ਕਿਸੇ ਦੀ ਖੁਸ਼ੀ 'ਚ ਤਸੱਲੀਬਖਸ਼ ਸਮੂਲੀਅਤ ਕਰ ਰਹੇ ਹਾਂ। ਤੁਸੀਂ ਦੇਖਿਆ ਹੋਣਾ ਕਿ ਜਿਆਦਤਰ ਕਿਸੇ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਥੋਹੜਾ ਸਮਾਂ ਹੀ ਦੁੱਖ ਦੀ ਗੱਲ ਹੁੰਦੀ ਹੈ। ਅਫ਼ਸੋਸ 'ਤੇ ਬੈਠਿਆਂ ਜਲਦੀ ਹੀ ਸਿਆਸਤ, ਮੌਸਮ ਤੇ ਹਲਾਤਾਂ ਦੀ ਚਰਚਾ ਛਿੜ ਪੈਂਦੀ ਹੈ ਜਾਂ ਫਿਰ ਆਲੇ ਦੁਆਲੇ ਦੀਆਂ ਹੋਰ ਜੱਬਲੀਆਂ ਚੱਲ ਪੈਂਦੀਆਂ ਹਨ। ਕਿਸੇ ਦੀ ਖੁਸ਼ੀ 'ਚ ਸ਼ਾਮਲ ਹੋ ਕੇ ਵੀ ਕਈ ਵਾਰ ਵਰਤਾਰਾ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਕੋਠੀ ਦੇ ਗ੍ਰਹਿ ਪ੍ਰਵੇਸ਼ 'ਤੇ ਪੁੱਜ ਕੇ ਅਸੀਂ ਉਸ ਦੀਆਂ ਮੰਜ਼ਿਲਾਂ ਗਿਣ ਕੇ ਸਾੜਾ ਪਿਆ ਰਹਿੰਦਾ ਹੈ। ਕਿਸੇ ਦੇ ਕਾਰੋਬਾਰੀ ਉਦਘਾਟਨ 'ਤੇ ਜਾ ਕੇ ਇਹੀ ਸਵਾਲ ਸੋਚੀ ਰੱਖਦੇ ਹਾਂ ਕਿ ਇਹਦੇ ਕੋਲ ਐਨਾ ਪੈਸਾ ਕਿੱਥੋਂ ਆਇਆ।

ਕਿਸੇ ਨੂੰ ਯਾਦ ਕਰਨ ਕਿਸੇ ਨਾਲ ਸੰਪਰਕ ਵਧਾਉਣ ਦੇ ਸਦਰੰਭ 'ਚ ਇੱਕ ਆਹ ਵਰਤਾਰਾ ਵੀ ਜਿਕਰਯੋਗ ਹੈ ਕਿ ਜਦੋਂ ਕਿਸੇ ਦਾ ਫੋਨ ਆਉਂਦਾ ਹੈ ਤਾਂ ਅਸੀਂ ਹੁੰਗਾਰਾ ਦੇਣ ਤੋਂ ਪਹਿਲਾਂ ਹੀ ਆਖ ਦਿੰਦੇ ਹਾਂ, 'ਮੈਂ ਯਾਦ ਹੀ ਕਰਦਾ ਸੀ ਤੁਹਾਡਾ ਫੋਨ ਆ ਗਿਆ।' ਇਵੇਂ ਜਦੋਂ ਕੋਈ ਰਾਹ 'ਚ ਮਿਲ ਜਾਵੇ ਤਾਂ ਵੀ ਇਹੀ ਬੋਲ ਸਾਂਝੇ ਹੁੰਦੇ ਹਨ, 'ਆਹ ਤਾਂ ਕਮਾਲ ਹੋ ਗਿਆ, ਅਜੇ ਯਾਦ ਹੀ ਕੀਤਾ ਸੀ।' ਤੇ ਘਰ ਆਏ ਮਹਿਮਾਨ ਨਾਲ ਵੀ ਕਈ ਵਾਰ ਅਜਿਹੇ ਸ਼ਬਦ ਸਾਂਝੇ ਕੀਤੇ ਜਾਂਦੇ ਹਨ, 'ਲਓ ਜੀ ਆਹ ਤਾਂ ਤੁਸੀਂ ਚੰਗਾ ਕੀਤਾ ਜਿਹੜਾ ਮਿਲਣ ਆ ਗਏ, ਅਜੇ ਤੁਹਾਨੂੰ ਮਿਲਣ ਲਈ ਸੋਚਿਆ ਹੀ ਸੀ।' ਜਾਂ ਫਿਰ 'ਆਓ ਜੀ, ਜੀ ਆਇਆਂ ਨੂੰ ਆਹ ਤਾਂ ਮਨ ਦੀ ਹੋ ਗਈ, ਤੁਹਾਡੀਆਂ ਹੀ ਗੱਲਾਂ ਹੋ ਰਹੀਆਂ ਸਨ।' ਆਖ ਕੇ ਭਰਪੂਰ ਅਪਣੱਤ ਦਿਖਾਈ ਜਾਂਦੀ ਹੈ। ਹੋ ਸਕਦਾ ਕੋਈ ਇਸ ਵਰਤਾਰੇ ਨੂੰ ਇਤਫਾਕੀਆ ਮੰਨਦੇ ਹੋਣ ਪਰ ਕਈ ਵਾਰ ਇਵੇਂ ਸੱਚ 'ਚ ਵੀ ਹੁੰਦਾ ਹੈ ਕਿ ਤੁਸੀਂ ਕਿਸੇ ਨੂੰ ਯਾਦ ਕਰ ਰਹੇ ਹੁੰਦੇ ਹੋ ਤੇ ਉਹ ਅਗਲੇ ਪਲਾਂ 'ਚ ਤੁਹਾਨੂੰ ਆਣ ਮਿਲਦਾ ਹੈ। ਇਸੇ ਤਰ੍ਹਾਂ ਕੋਈ ਤੁਹਾਨੂੰ ਯਾਦ ਕਰ ਰਿਹਾ ਹੁੰਦਾ ਹੈ ਤੇ ਤੁਸੀਂ ਉਸ ਨੂੰ ਮਿਲ ਜਾਂਦੇ ਹੋ।

ਇਹ ਮੰਨਣਾ ਢੁੱਕਵਾਂ ਹੋਵੇਗਾ ਕਿ ਜਦੋਂ ਕੋਈ ਤੁਹਾਡੇ ਦਿਲ ਦੇ ਨੇੜੇ ਹੈ, ਤੁਹਾਡੇ ਦੁੱਖ ਸੁੱਖ ਦਾ ਸਾਂਝੀਦਾਰ ਹੈ ਤੁਸੀਂ ਉਸ ਨੂੰ ਆਪਣਾ ਹੀ ਰੂਪ ਮੰਨਦੇ ਹੋ ਤਾਂ ਯਾਦ ਕਰਨ ਵਾਲੀ ਸਥਿਤੀ 'ਚ ਉਸ ਦਾ ਤੁਹਾਡੇ ਅੰਗ ਸੰਗ ਰਹਿਣਾ ਸੁਭਾਵਿਕ ਵੀ ਹੈ। ਦਿਲਾਂ ਦੇ ਨੇੜੇ ਰਹਿਣ ਵਾਲੇ, ਮਨ 'ਚ ਨੇੜਤਾ ਦਾ ਰਿਸ਼ਤਾ ਰੱਖਣ ਵਾਲੇ ਅਤੇ ਸਾਂਝ ਦੀ ਡੋਰੀ ਨਾਲ ਬੱਝਣ ਦਾ ਹਰ ਨਾਤਾ ਦੂਰ ਰਹਿ ਕੇ ਵੀ ਤੁਹਾਡੇ ਦਿਲ ਦੇ ਨੇੜੇ ਹੁੰਦਾ ਹੈ। ਤੁਹਾਡੇ ਦੁੱਖ ਸੁੱਖ 'ਚ ਜਦੋਂ ਕੋਈ ਹੁੰਗਾਰਾ ਨੇੜੇ ਹੋ ਕੇ ਮਿਲਣ ਦਾ ਆਨੰਦ ਦੇ ਜਾਵੇ ਤਾਂ ਸੱਤ ਸਮੁੰਦਰੋਂ ਪਾਰ ਦੀ ਦੂਰੀ ਵੀ ਕੋਲ ਹੋਣ ਦਾ ਅਹਿਸਾਸ ਕਰਾ ਜਾਂਦੀ ਹੈ। ਨੇੜਤਾ ਦੀ ਸਮਰੱਥਾ ਪੈਸਿਆਂ ਦੇ ਸਹਿਯੋਗ ਜਾਂ ਰੁਤਬਿਆਂ ਦੇ ਸਹਾਰੇ ਨਾਲ ਨਹੀਂ ਤੋਲੀ ਜਾ ਸਕਦੀ ਨੇੜਤਾ ਦਾ ਅਨੁਵਾਦ ਕਰਨ ਲਈ ਮਿਲਾਪ ਦੀ ਭਾਵਨਾ, ਦਿਲ ਦੀ ਵੇਦਨਾ ਅਤੇ ਬੋਲਾਂ ਦੇ ਅਰਥ ਹਦਾ ਸੁਮੇਲ ਹੀ ਸਾਰਥਿਕ ਸਿੱਧ ਹੋ ਸਕਦਾ ਹੈ। ਕਿਸੇ ਦੇ ਕੋਲ ਬੈਠ ਕੇ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਨੂੰ ਆਪਣਾਪਨ ਨਹੀਂ ਕਿਹਾ ਜਾ ਸਕਦਾ ਆਪਣਾਪਨ ਤਾਂ ਉਹ ਮਾਪੰਦਡ ਹੈ ਜਿਹੜਾ ਤੁਹਾਡੀ ਸਮੱਸਿਆ ਨੂੰ ਸਮਝ ਕੇ ਉਸ ਦੇ ਹੱਲ ਲਈ ਰਾਹ ਲੱਭੇ ਜਾਂ ਡਗਮਗਾਉਂਦੀ ਸਥਿਤੀ 'ਚ ਸਾਥ ਨਿਭਾਵੇ।

ਸਿਆਣਿਆਂ ਨੇ ਸੱਚ ਕਿਹਾ ਹੈ ਕਿ ਖੁਸ਼ੀ ਵੰਡਾਇਆਂ ਵੱਧਦੀ ਹੈ ਅਤੇ ਦੁੱਖ ਵੰਡਾਇਆ ਘੱਟਦਾ ਜਾਂਦਾ ਹੈ। ਸੱਚਮੁੱਚ ਜਦੋਂ ਅਸੀਂ ਦੁੱਖ ਸਾਂਝਾ ਕਰਦੇ ਹਾਂ ਤਾਂ ਰਾਹਤ ਮਿਲਦੀ ਹੈ ਅਤੇ ਸੁੱਖ 'ਚ ਪਾਈ ਸਾਂਝ ਰੌਣਕਾਂ ਦੁੱਗਣੀਆਂ ਕਰ ਦਿੰਦੀ ਹੈ। ਦੁੱਖ ਸੁੱਖ ਦੀ ਸਾਂਝ ਪਾਉਣ ਹਿੱਤ ਇਹ ਮਾਹੌਲ ਉੱਥੇ ਹੀ ਕਾਰਗਰ ਸਿੱਧ ਹੁੰਦਾ ਹੈ ਜਿੱਥੇ ਦੁੱਖ ਵੰਡਾਉਣ ਵਾਲਾ ਸ਼ੁੱਭਚਿੰਤਕ ਹੋਵੇ ਅਤੇ ਖੁਸ਼ੀ 'ਚ ਸ਼ਾਮਲ ਹੋ ਕੇ ਦਿਲੋਂ ਪਿਆਰ ਕਰਦਾ ਹੋਵੇ। ਕਈ ਵਾਰ ਤਾਂ ਇਵੇਂ ਹੁੰਦਾ ਹੈ ਕਿ ਕਿਸੇ ਨਾਲ ਖੁਸ਼ੀ ਸਾਂਝੀ ਕਰ ਰਹੇ ਹੁੰਦੇ ਹੋ ਤੇ ਮਨ 'ਚ ਈਰਖਾ ਦਾ ਪ੍ਰਗਟਾਵਾ ਹੋ ਰਿਹਾ ਹੁੰਦਾ ਹੈ ਤੇ ਦੁੱਖ ਦੀ ਘੜੀ 'ਚ ਅਗਲਾ ਅੰਦਰੋਂ ਅੰਦਰੀ ਠੀਕ ਹੋਣ ਦਾ ਚਾਅ ਵਸਾਇਆ ਜਾਂਦਾ ਹੈ। ਗੱਲ ਘੁੰਮਾ ਕੇ ਉੱਥੇ ਆ ਜਾਂਦੀ ਹੈ ਕਿ ਖੁਸ਼ੀ 'ਚ ਸ਼ਾਮਲ ਹੋਣ ਲਈ ਸੁੰਦਰ ਪੌਸ਼ਾਕਾਂ ਜਾਂ ਢੋਲ ਢਮੱਕਿਆਂ ਦੀ ਬਜਾਏ ਸਮੂਲੀਅਤ 'ਚ ਤੇਹ ਮੋਹ ਭਰਿਆ ਹੋਣਾ ਚਾਹੀਦਾ ਹੈ ਅਤੇ ਦੁੱਖ ਵੰਡਾਉਣ ਵੇਲੇ ਦਰਦ ਦਾ ਹੀ ਜ਼ਿਕਰ ਹੋਣਾ ਚਾਹੀਦਾ ਹੈ ਨਾ ਕਿ ਦੋ ਚਾਰ ਮਿੰਟ ਬਾਅਦ ਵਿਸ਼ਾ ਭਟਕ ਕੇ ਹੋਰ ਦਾ ਹੋਰ ਹੋ ਜਾਵੇ।

ਇੱਕ ਹੋਰ ਘਟਨਾ ਯਾਦ ਆ ਗਈ ਜੋ ਕਿਸੇ ਸਰਕਾਰੀ ਦਫ਼ਤਰ ਵਾਪਰੀ ਸੀ । ਚਾਰ ਪੰਜ ਕਰਮਚਾਰੀ ਆਪਸ 'ਚ ਗੱਲਾਂ 'ਚ ਮਸ਼ਰੂਫ ਸਨ। ਜ਼ਿਲ੍ਹੇ 'ਚੋਂ ਉਹਨਾਂ ਦਾ ਸੀਨੀਅਰ ਮਿਲਣ ਆ ਗਿਆ। ਪਹਿਲਾਂ ਹੱਥ ਜੋੜ ਕੇ ਸਵਾਗਤ ਕੀਤਾ ਗਿਆ, ਫਿਰ ਆਓ ਭਗਤ ਲਈ ਮਠਿਆਈ ਪਕੌੜੇ ਪੇਸ਼ ਕੀਤੇ ਗਏ। ਸੀਨੀਅਰ ਅਧਿਕਾਰੀ ਸੋਚਦਾ ਹੋਊ ਕਿ ਉਸ ਦਾ ਕਿੰਨਾ ਸਤਿਕਾਰ ਕੀਤਾ ਗਿਆ। ਉਸ ਨੂੰ ਉਸ ਦੇ ਕਰਮਚਾਰੀਆਂ ਵਲੋਂ ਕਿੰਨੀ ਮੁਹੱਬਤ ਦਿੱਤੀ ਗਈ। ਚਾਹ ਤੋਂ ਬਾਅਦ ਦਫ਼ਤਰੀ ਤੇ ਰਵਾਇਤੀ ਗੱਲਾਂ ਵੀ ਹੋਈਆਂ।

ਅਦਬ ਵਜੋਂ ਉਹ ਸਾਰੇ ਆਪਣੇ ਸੀਨੀਅਰ ਨੂੰ ਉਸ ਦੀ ਗੱਡੀ ਤੱਕ ਵਿਦਾ ਵੀ ਕਰ ਕੇ ਆਏ। ..ਤੇ ਵਾਪਸ ਆ ਕੇ ਕੁਰਸੀਆਂ ਮੱਲਣ ਬਾਅਦ ਇੱਕ ਜਣੇ ਨੇ ਆਖਿਆ, 'ਪਤੰਦਰ ਕਿੱਥੋਂ ਆ ਟਪਕਿਆ, ਬੜੇ ਸੋਹਣੇ ਆਰਾਮ ਨਾਲ ਬੈਠੇ ਸੀ, ਆ ਕੇ ਬਿਪਤਾ ਪਾ ਦਿੱਤੀ।' ਉਸ ਤੋਂ ਬਾਅਦ ਸਾਰੇ ਜਣੇ ਮਸ਼ਕਰੀ ਹਾਸਾ ਹੱਸ ਪਏ। ਹੁਣ ਤੁਸੀਂ ਆਪੇ ਅੰਦਾਜ਼ਾ ਲਾ ਲਓ ਕਿ ਉਹ ਸਵਾਗਤ 'ਚ ਉੱਠ ਕੇ ਖੜ੍ਹਨਾ ਤੇ ਚਾਹ ਪਾਣੀ ਦੀ ਸੇਵਾ ਸੱਚ ਸੀ ਜਾਂ ਆਹ ਵਰਤਾਰਾ।



ਜੰਬੂਦੀਪ (ਭਾਰਤ) ਵਿਚ ਸਾਡੇ ਆਖਰੀ ਬੁੱਧਿਸਟ ਸਮਰਾਟ ਹਰਸ਼ ਵਰਧਨ ਦੀ ਮੌਤ 647 ਈਸਵੀ ਤੋਂ ਬਾਅਦ ਇਤਿਹਾਸ ਵਿਚ ਪਹਿਲੀ ਵਾਰ ਪੰਜਾਬ ਵਿਚ 70 ਸੈਮੀਨਾਰ ਅਤੇ ਮੀਟਿੰਗਾਂ, 4-5 ਸੂਬਿਆਂ ਤੋਂ ਆ ਕੇ ਤਕਸ਼ਿਲਾ ਮਹਾਂ ਵਿਹਾਰ ਲੁਧਿਆਣਾ ਪੰਜਾਬ ਵਿਚ 10 ਦਿਨ ਭਗਵਾਨ ਬੁੱਧ ਦਾ ਸੰਘ ਨੂੰ ਦਿੱਤੇ ਹੋਏ ਚੀਵਰ ਨਿਰਵਾਣ ਵਿਚ ਗੁਜ਼ਾਰੇ।

# ਵਰਨਮਾਲਾ ਦੀ ਕਢਾਈ ਨਾਲ ਰਾਜ ਨੇ ਦਿਖਾਇਆ ਕਮਾਲ

## ਮਿੰਟੋਂ ਮਿੰਟੀ ਕਰ ਜਾਂਦਾ ਹੈ ਕੱਪੜੇ 'ਤੇ ਚਿੱਤਰਕਾਰੀ ਦੀ ਕਢਾਈ



**ਬੰਗਾ (ਸੁਰਜੀਤ ਮਜਾਰੀ)** ਉਂਗਲਾਂ ਦੇ ਪੋਟਿਆਂ ਦੀ ਛੋਹ ਅਤੇ ਸੋਚ ਦੇ ਕਲਾਤਮਿਕ ਵਹਾਅ ਦਾ ਇਸ ਕਦਰ ਸੁਮੇਲ ਬਣਿਆਂ ਕਿ ਰਾਜ ਕੁਮਾਰ ਕਢਾਈ ਵਾਲਾ ਅੱਜ ਇੱਕ ਪਰਪੱਖ ਚਿੱਤਰਕਾਰ ਵਜੋਂ ਪ੍ਰਮਾਣਿਤ ਹੈ। ਕਢਾਈ ਰਾਹੀਂ ਚਿੱਤਰਾਂ ਤੇ ਇਬਾਰਤ ਦੀ ਬਣੀ ਬੁਣਤੀ ਨਾਲ ਰਾਜ ਕੁਮਾਰ ਦੀਆਂ ਕਲਾ ਕ੍ਰਿਤਾਂ ਨੇ ਵਿਸ਼ਾਲ ਘੇਰਾ ਘੱਤ ਲਿਆ ਹੈ। ਰੁਜ਼ਗਾਰ ਵਜੋਂ ਕਢਾਈ ਦਾ ਕੰਮ ਕਰਦੇ ਬੰਗਾ ਦੇ ਮੁਹੱਲਾ ਮੁਕਤਪੁਰਾ ਵਾਸੀ ਰਾਜ ਕੁਮਾਰ ਨੇ ਹੁਣ ਤੱਕ ਕੱਪੜੇ 'ਤੇ ਅਨੇਕਾਂ ਤਰ੍ਹਾਂ ਦੇ ਕੁਦਰਤੀ ਦ੍ਰਿਸ਼ਾਂ ਨੂੰ ਰੂਪਮਾਨ ਕੀਤਾ ਹੈ। ਇਸ ਦੇ ਨਾਲ ਵਰਨਮਾਲਾ ਦੇ ਅੱਖਰਾਂ ਅਤੇ ਗਿਣਤੀ ਦੇ ਅੰਕੜਿਆਂ ਦੀ ਕਢਾਈ ਕਰਨ ਦਾ ਕਮਾਲ ਵੀ ਕਰ ਦਿਖਾਇਆ ਹੈ। ਉਸ ਨੇ ਦੱਸਿਆ ਕਿ ਕਿਸਾਨ ਅੰਦੋਲਨ ਲਈ ਕਈ ਜਣੇ ਉਸ ਤੋਂ ਕੱਪੜੇ ਉਪਰ ਕਿਸਾਨੀ ਨਾਅਰੇ ਵੀ ਲਿਖਵਾ ਕੇ ਗਏ ਹਨ। ਇਵੇਂ ਵਿੱਦਿਅਕ ਅਦਾਰਿਆਂ 'ਚ ਉਸ ਵਲੋਂ ਕੱਪੜੇ 'ਤੇ ਕਢਾਈ ਨਾਲ ਲਿਖੀਆਂ ਇਬਾਰਤਾਂ ਵੀ ਚਿੱਤਰਕਾਰੀ ਦਾ ਖੂਬਸੂਰਤ ਨਮੂਨਾ ਪੇਸ਼ ਕਰ ਰਹੀਆਂ ਹਨ। ਦੱਸਣਯੋਗ ਹੈ ਕਿ ਉਸ ਦੀ ਇਸ ਕਲਾਕਾਰੀ ਨੂੰ ਪਸੰਦ ਕਰਦਿਆਂ ਵਿਦੇਸ਼ਾਂ ਤੋਂ ਵੀ ਕੰਮ ਮਿਲ ਰਿਹਾ ਹੈ। ਉਸ ਨੇ ਦੱਸਿਆ ਕਿ ਉਹ ਕਢਾਈ ਦੀ ਚਿੱਤਰਕਾਰੀ ਦੇ ਕਿਸੇ ਵਿਲੱਖਣ ਕੰਮ ਕਰਨ ਲਈ ਪਹਿਲਾਂ 'ਹੋ ਜਾਣ' ਲਈ ਨਹੀਂ ਕਹਿੰਦਾ ਸਗੋਂ ਉਸ ਵਲੋਂ ਵਰਤਿਆਂ 'ਕੋਸ਼ਿਸ਼' ਸ਼ਬਦ ਆਖਿਰ ਨੂੰ ਇੱਕ ਪਰਪੱਕ ਕ੍ਰਿਤ ਵਜੋਂ ਰੂਪਮਾਨ ਹੋ ਜਾਂਦਾ ਹੈ। ਉਸ ਨੇ ਕਢਾਈ ਚਿੱਤਰਕਾਰੀ ਕਰਨ ਲਈ ਕਦੀ ਕਿਸੇ ਕੋਲੋਂ ਮੂੰਹ ਮੰਗੀ ਰਕਮ ਨਹੀਂ ਲਈ ਸਗੋਂ ਬਣਦੀ ਮਿਹਨਤ ਮਿਲ ਜਾਣ ਨਾਲ ਹੀ ਸਬਰ ਕੀਤਾ ਹੈ।

# ਆਪਣੇ ਹੁਨਰ ਨੂੰ ਨਿਖਾਰੋ



ਹਰਕੀਰਤ ਕੌਰ ਸਭਰਾ
9779118066

ਅਮਰੀਕਾ ਦੇ ਇੱਕ ਮਹਾਨ ਜਰਨਲਿਸਟ "ਨੋਰਮਾਨ ਕਜ਼ਨਸ" ਦਾ ਕਹਿਣਾ ਹੈ ਸਭ ਤੋਂ ਵੱਡਾ ਦੁਖਾਂਤ ਮੋਤ ਨਹੀ ਬਲਕਿ ਜਿਊਦੇ ਜੀਅ ਆਪਣੇ ਅੰਦਰ ਆਪਣੇ ਹੁਨਰ ਨੂੰ ਮਾਰ ਦੇਣਾ ਸਭ ਤੋਂ ਵੱਡਾ ਦੁਖਾਂਤ ਹੈ। "ਇਸਦੇ ਨਾਲ ਹੀ ਮੈ ਵੀ ਕਈ ਵਾਰ ਨਿਰੀਖਣ ਕਰਦੀ ਹਾਂ ਕਿ ਅਸੀਂ ਆਪਣੇ ਆਪ ਨਾਲ ਸਭ ਤੋਂ ਵੱਡਾ ਧੱਕਾ ਉਸ ਸਮੇਂ ਕਰਦੇ ਹਾਂ ਜਦੋਂ ਅਸੀਂ ਆਪਣੇ ਹੁਨਰ ਨੂੰ ਛੱਡ ਕਿਸੇ ਹੋਰ ਖੇਤਰ ਜਾਂ ਕਿੱਤੇ ਵਿੱਚ ਜਾ ਵੜਦੇ ਹਾਂ, ਸਾਰੀ ਜ਼ਿੰਦਗੀ ਕੰਮ ਦਾ ਬੋਝ ਢਾਉਂਦੇ ਗੁਜ਼ਾਰ ਦਿੰਦੇ ਹਾਂ ਅਤੇ ਸ਼ਿਕਵੇ ਕਰਦੇ ਰਹਿੰਦੇ ਹਾਂ। ਅਸੀਂ ਸਾਰੇ ਇਸ ਗੱਲ ਤੋਂ ਵਾਕਿਫ਼ ਹਾਂ ਕਿ ਪਰਮਾਤਮਾ ਨੇ ਹਰ ਪ੍ਰਾਣੀ ਮਾਤਰ ਨੂੰ ਇੱਕ ਖਾਸ ਹੁਨਰ ਜਾਂ ਕਲਾ ਨਾਲ ਨਿਵਾਜਿਆ ਹੁੰਦਾ ਹੈ। ਪਰ ਮਨੁੱਖੀ ਸੁਭਾਅ ਹੈ ਕਿ ਉਹ ਦੂਸਰਿਆਂ ਦੇ ਗੁਣ ਤਾਂ ਨਜਰਅੰਦਾਜ਼ ਕਰਦਾ ਹੀ ਹੈ ਨਾਲ ਦੀ ਨਾਲ ਕਈ ਵਾਰ ਆਪਣੇ ਵੀ ਗੁਣਾ ਜਾਂ ਹੁਨਰ ਨੂੰ ਅੱਖੋਂ ਪਰੋਖੇ ਕਰਦਾ ਰਹਿੰਦਾ ਹੈ। ਮੈਂ ਆਮ ਲੋਕਾਂ ਨੂੰ ਉਸ ਚੀਜ਼ ਜਾਂ ਗੁਣ ਲਈ ਰੋਂਦੇ ਦੇਖਿਆ ਹੈ ਜੋ ਉਹਨਾਂ ਕੋਲ ਨਹੀਂ ਹੁੰਦਾ ਬਜਾਇ ਇਸ ਦੇ ਕਿ ਆਪਣੇ ਵਿੱਚ ਛੁਪੀ ਕਾਬਲੀਅਤ ਨੂੰ ਪਹਿਚਾਣ ਕੇ ਉਸ ਨੂੰ ਹੋਰ ਨਿਖਾਰਨ। ਇਹ ਗੱਲ ਪੱਕੀ ਹੈ ਕਿ ਕੋਈ ਵੀ ਇਨਸਾਨ ਸਰਵਗੁਣ ਸੰਪੰਨ ਨਹੀਂ ਹੋ ਸਕਦਾ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਲੋਕ ਜਿਸ ਨੂੰ ਵੀ ਅੱਗੇ ਵੱਧਦਾ ਦੇਖ ਲੈਂਦੇ ਹਨ ਉਸ ਵਰਗੇ ਹੀ ਬਣਨਾ ਚਾਹੁੰਦੇ ਹਨ, ਉਦਹਾਰਣ ਦੇ ਤੌਰ ਤੇ ਜੇਕਰ ਕਿਸੇ ਨੂੰ ਪੁਲਿਸ ਦੀ ਵਰਦੀ ਵਿੱਚ ਜਚਦਾ ਦੇਖ ਲਿਆ ਤਾਂ ਪੁਲਿਸ ਵਿੱਚ ਜਾਣ ਦਾ ਮਨ ਬਣਾ ਲਿਆ, ਜੇ ਕਿਸੇ ਨੂੰ ਲਿਖਦੇ ਦੇਖ ਲਿਆ ਤਾਂ ਲਿਖਣਾ ਸ਼ੁਰੂ ਕਰ ਦਿੱਤਾ, ਜੇ ਕਿਸੇ ਨੂੰ ਗਾਉਂਦੇ, ਨੱਚਦੇ ਦੇਖ ਲਿਆ ਤਾਂ ਉਸ ਵੱਲ ਤੁਰ ਪੈਣਾ, ਬਜਾਇ ਇੱਕ ਕਲਾ ਜਾਂ ਕਿਤੇ ਵਿੱਚ ਮੁਹਾਰਤ ਹਾਸਿਲ ਕਰਨ ਦੇ ਉਹ ਆਪਣੇ ਧਿਆਨ ਨੂੰ ਭਟਕਾ ਲੈਂਦੇ ਹਨ। ਜਿਸ ਨਾਲ ਕੋਈ ਵੀ ਸਾਰਥਕ ਨਤੀਜਾ ਸਾਹਮਣੇ ਨਹੀਂ ਆਉਦਾ। ਸਭ ਤੋਂ ਪਹਿਲਾਂ ਅਸੀਂ ਆਪਣੇ ਹੁਨਰ ਨੂੰ ਪਹਿਚਾਣਨਾ ਹੁੰਦਾ ਹੈ। ਹੁਣ ਇੱਥੇ ਸਵਾਲ ਇਹ ਉਠਦਾ ਹੈ ਕਿ ਆਪਣੇ ਹੁਨਰ ਨੂੰ ਪਹਿਚਾਣਿਆ ਕਿਵੇਂ ਜਾਵੇ? ਉਸਦਾ ਬਹੁਤ ਹੀ ਅਸਾਨ ਉੱਤਰ ਹੈ ਕਿ ਅਸੀਂ ਖੁਦ ਜਾਂ ਮਾਪਿਆਂ ਨੇ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਕਿਸ ਕੰਮ ਵਿੱਚ ਬੱਚੇ&; ਦਾ ਸਭ ਤੋਂ ਵੱਧ ਧਿਆਨ ਲੱਗ ਰਿਹਾ ਹੈ ਜਾਂ ਕਿਸ ਕੰਮ ਨੂੰ ਉਹ ਪੂਰੀ ਤਨਦੇਹੀ, ਧਿਆਨ ਜਾਂ ਲੁਤਫ ਨਾਲ ਕਰ ਰਿਹਾ ਹੈ। ਕਿਸ ਕੰਮ ਨੂੰ ਕਰਨ ਲੱਗਿਆ ਬੱਚੇ ਨੂੰ ਅਕੇਵਾਂ ਨਹੀ ਹੋ ਰਿਹਾ। ਜਿਸ ਕੰਮ ਨੂੰ ਕਰਦਿਆਂ ਕੋਈ ਉਸਦਾ ਲੁਤਫ ਲੈਂਦਾ ਹੈ ਅਤੇ ਅਕੇਵਾਂ ਮਹਿਸੂਸ ਨਹੀ ਕਰਦਾ, ਇਸ ਦਾ ਅਰਥ ਉਸ ਕੰਮ ਵਿੱਚ ਰੁਚੀ ਅਤੇ ਕਲਾ ਦੋਨੋਂ ਹਨ।

ਸੋ ਸਭ ਤੋਂ ਪਹਿਲਾਂ ਆਪਣੇ ਹੁਨਰ ਨੂੰ ਪਹਿਚਾਣੋ। ਪਹਿਚਾਨਣ ਉਪਰੰਤ ਉਸ ਨੂੰ ਨਿਖਾਰਨ ਲਈ ਦਿਨ ਰਾਤ ਮਿਹਨਤ ਕਰੋ, ਮਿਹਨਤ ਕਰਨ ਉਪਰੰਤ ਉਸੇ ਕਲਾ, ਹੁਨਰ ਨੂੰ ਆਪਣਾ ਕਿੱਤਾ ਬਣਾਓ। ਜਦੋਂ ਅਸੀਂ ਆਪਣੀ ਕਲਾ ਨੂੰ ਆਪਣਾ ਕਿੱਤਾ ਬਣਾ ਲੈਂਦੇ ਹਾਂ ਤਾਂ ਅਸੀਂ ਜਿੰਦਗੀ ਨੂੰ ਬਹੁਤ ਅਨੰਦ ਨਾਲ ਜਿਊਦੇ ਹਾਂ, ਸਾਡੇ ਉੱਪਰ ਬੋਝ ਘੱਟ ਅਤੇ ਆਪਣੇ ਆਪ ਨੂੰ ਇੱਕ ਮਿਸਾਲ ਦੇ ਤੌਰ ਤੇ ਸਥਾਪਿਤ ਕਰਨ ਦਾ ਜਨੂੰਨ ਜਿਆਦਾ ਹੁੰਦਾ ਹੈ। ਸੋ ਆਪਣੇ ਅੰਦਰ ਛੁਪੇ ਹੁਨਰ ਨੂੰ ਜਰੂਰ ਪਹਿਚਾਣੋ। ਕਿਉਂਕਿ ਲੋਕਾਂ ਦੇ ਦਿਲਾਂ ਤੇ ਜਾਂ ਦੁਨੀਆਂ ਤੇ ਰਾਜ ਕਰਨ ਦਾ ਇੱਕ ਸਭ ਤੋਂ ਅਸਾਨ ਤਰੀਕਾ ਹੈ ਆਪਣੀ ਕਲਾ ਨੂੰ ਆਪਣੀ ਤਾਕਤ ਬਣਾਉਣਾ।

# ਸ. ਹਰਦੇਵ ਸਿੰਘ ਕਾਹਮਾ ਸਰਬਸੰਮਤੀ ਨਾਲ ਦੂਜੀ ਵਾਰ ਪ੍ਰਧਾਨ ਚੁਣੇ ਗਏ



**ਬੰਗਾ (ਸੁਰਜੀਤ ਮਜਾਰੀ)** ਸਮਾਜ ਸੇਵਕ ਸ. ਹਰਦੇਵ ਸਿੰਘ ਕਾਹਮਾ ਨੂੰ ਮਾਨਵਤਾ ਸੇਵਾ ਨੂੰ ਸਮਰਪਿਤ ਭਾਰਤ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੀ ਪ੍ਰਬੰਧਕ ਕਮੇਟੀ ਦਾ ਦੂਜੀ ਵਾਰ ਪ੍ਰਧਾਨ ਸਰਬਸੰਮਤੀ ਨਾਲ ਚੁਣਿਆ ਗਿਆ ਹੈ। ਇਹ ਜਾਣਕਾਰੀ ਟਰੱਸਟ ਦੇ ਜਨਰਲ ਸਕੱਤਰ ਸ. ਕੁਲਵਿੰਦਰ ਸਿੰਘ ਢਾਹਾਂ ਨੇ ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਪ੍ਰਦਾਨ ਕੀਤੀ । ਸ. ਢਾਹਾਂ ਨੇ ਦੱਸਿਆ ਕਿ ਅੱਜ ਸਵੇਰੇ ਟਰੱਸਟ ਦੇ ਮੁੱਖ ਦਫਤਰ ਸਰਦਾਰਨੀ ਰਤਨ ਕੌਰ ਢਿੱਲੋਂ ਹਾਲ, ਢਾਹਾਂ ਕਲੇਰਾਂ ਵਿਖੇ ਸਮੂਹ ਟਰੱਸਟ ਮੈਂਬਰਾਂ ਦੀ ਜਰਨਲ ਬਾਡੀ ਦੀ ਮੀਟਿੰਗ ਹੋਈ। ਜਿਸ ਵਿਦੇਸ਼ਾਂ ਵਿੱਚ ਵੱਸਦੇ ਟਰੱਸਟ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਵਰਚੂਅਲ ਆਨ ਲਾਈਨ ਭਾਗ ਗਿਆ ।

ਇਸ ਮੌਕੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਸਾਲ 2021-2024 ਦੀ ਟਰੱਸਟ ਪ੍ਰਬੰਧਕ ਕਮੇਟੀ ਦਾ ਸਰਬਸੰਮਤੀ ਨਾਲ ਸ. ਹਰਦੇਵ ਸਿੰਘ ਕਾਹਮਾ ਨੂੰ ਪ੍ਰਧਾਨ ਚੁਣਿਆ ਗਿਆ ਹੈ। ਇਸ ਮੀਟਿੰਗ ਵਿਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਨਵੇਂ ਪ੍ਰਧਾਨ ਸ. ਹਰਦੇਵ ਸਿੰਘ ਕਾਹਮਾ ਨੂੰ ਸਾਲ 2021-2024 ਦੀ ਨਵੀਂ ਟਰੱਸਟ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਦੇ ਅਧਿਕਾਰ ਵੀ ਪ੍ਰਦਾਨ ਕੀਤੇ ।

ਇਸ ਮੌਕੇ ਸ. ਕਾਹਮਾ ਵੱਲੋਂ ਸਮੂਹ ਟਰੱਸਟ ਮੈਂਬਰਾਂ ਵੱਲੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਾਲ 2021-2024 ਲਈ ਸ. ਬਰਜਿੰਦਰ ਸਿੰਘ ਢਾਹਾਂ ਨੂੰ ਸੀਨੀਅਰ ਮੀਤ ਪ੍ਰਧਾਨ, ਸ. ਮਲਕੀਅਤ ਸਿੰਘ ਬਾਹੜੋਵਾਲ ਨੂੰ ਜੂਨੀਅਰ ਮੀਤ ਪ੍ਰਧਾਨ, ਸ ਕੁਲਵਿੰਦਰ ਸਿੰਘ ਢਾਹਾਂ ਨੂੰ ਜਨਰਲ ਸਕੱਤਰ ਅਤੇ ਸ. ਅਮਰਜੀਤ ਸਿੰਘ ਕਲੇਰਾਂ ਨੂੰ ਕੈਸ਼ੀਅਰ ਕਮ ਚੇਅਰਮੈਨ ਫਾਈਨਾਂਸ ਬਣਾਇਆ ਹੈ। ਸ. ਕਾਹਮਾ ਨੇ ਸ. ਨਰਿੰਦਰ ਸਿੰਘ ਫਿਰੋਜ਼ਪੁਰ, ਸ. ਦਰਸ਼ਨ ਸਿੰਘ ਮਾਹਿਲ, ਬੀਬੀ ਬਲਵਿੰਦਰ ਕੌਰ ਕਲਸੀ ਅਤੇ ਸ ਜਗਜੀਤ ਸਿੰਘ ਸੋਢੀ ਨੂੰ ਟਰੱਸਟ ਦਾ ਪ੍ਰਬੰਧਕ ਮੈਂਬਰ ਬਣਾਇਆ ਗਿਆ ਹੈ। ਇਸ ਜਰਨਲ ਬਾਡੀ ਮੀਟਿੰਗ ਵਿਚ ਨਵੇਂ ਚੁਣੇ ਟਰੱਸਟ ਅਹੁਦੇਦਾਰਾਂ ਤੋਂ ਇਲਾਵਾ ਸ. ਸੁਰਿੰਦਰਪਾਲ ਸਿੰਘ ਥੰਮਣਵਾਲ, ਡਾ. ਤੇਜਪਾਲ ਸਿੰਘ ਢਿੱਲੋਂ ਯੂ ਐਸ ਏ, ਸ. ਅਜਮੇਰ ਸਿੰਘ ਮਾਨ ਕੈਨੇਡਾ, ਸ. ਭਗਵੰਤ ਸਿੰਘ ਢਾਹਾਂ, ਸ ਅਮਰੀਕ ਸਿੰਘ ਕੋਟ ਕਲਾਂ ਨੇ ਸ਼ਮੂਲੀਅਤ ਕੀਤੀ ।

# ਅਧਿਐਨ ਕਰਨ ਵੇਲੇ ਨੀਂਦ ਤੋਂ ਕਿਵੇਂ ਬਚਿਆ ਜਾਵੇ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਨੀਂਦ ਸਭ ਤੋਂ ਵੱਡੀ ਰੁਕਾਵਟ ਬਣ ਜਾਂਦੀ ਹੈ ਜਦੋਂ ਤੁਹਾਨੂੰ ਕਿਸੇ ਮਹੱਤਵਪੂਰਣ ਟੈਸਟ ਜਾਂ ਪ੍ਰੀਖਿਆ ਦੀ ਤਿਆਰੀ ਲਈ ਰਾਤ ਨੂੰ ਲੰਬੇ ਸਮੇਂ ਲਈ ਅਧਿਐਨ ਕਰਨਾ ਪੈਂਦਾ ਹੈ। ਇਹ ਤੁਹਾਨੂੰ ਆਪਣੇ ਟੀਚੇ ਤੇ ਪਹੁੰਚਣ ਤੋਂ ਪਿੱਛੇ ਖਿੱਚਣ ਵਰਗਾ ਲੱਗਦਾ ਹੈ। ਜਦੋਂ ਤੁਸੀਂ ਸਵੇਰੇ ਇੱਕ ਤਾਜ਼ੇ ਦਿਮਾਗ ਨਾਲ ਅਧਿਐਨ ਕਰਦੇ ਹੋ, ਤਾਂ ਚੀਜ਼ਾਂ ਨੂੰ ਫੜਨਾ ਬਹੁਤ ਅਸਾਨ ਹੋ ਜਾਂਦਾ ਹੈ, ਪਰ ਕੁਝ ਖਾਸ ਸਮੇਂ ਜਿਵੇਂ ਦੁਪਹਿਰ ਅਤੇ ਦੇਰ ਰਾਤ ਨੂੰ, ਨੀਂਦ ਅਟੱਲ ਹੋ ਜਾਂਦੀ ਹੈ ਜਦੋਂ ਤੁਸੀਂ ਆਪਣੇ ਅਧਿਐਨ ਦੇ ਸਮੇਂ ਨੂੰ ਵਧਾਉਣ ਦੀ ਕੋਸ਼ਿਸ਼ ਕਰਦੇ ਹੋ। ਦਰਅਸਲ, ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਬੇਚੈਨ ਹੁੰਦੇ ਹੋ। ਅਜਿਹੇ ਸਮੇਂ, ਤੁਹਾਡੇ ਕੋਲ ਦੋ ਵਿਕਲਪ ਬਚੇ ਹਨ। ਪਹਿਲਾ ਕਿਤਾਬਾਂ ਨੂੰ ਇਕ ਪਾਸੇ ਰੱਖ ਰਿਹਾ ਹੈ ਅਤੇ ਆਰਾਮ ਕਰਨ ਲਈ ਲੇਟ ਰਿਹਾ ਹੈ ਅਤੇ ਦੂਜਾ ਆਪਣੇ ਆਪ ਨੂੰ ਜਾਗਦਾ ਰੱਖਣ ਲਈ ਸੁਸਤੀ ਦੇ ਵਿਰੁੱਧ ਲੜ ਰਿਹਾ ਹੈ ਪਰ ਅਧਿਐਨ ਕਰਦੇ ਸਮੇਂ ਸੌਣਾ ਬਹੁਤ ਸੌਖਾ ਹੈ, ਅਸਲ ਸੌਦਾ ਨੀਂਦ ਨੂੰ ਖੋਦਣਾ ਅਤੇ ਜਾਗਣਾ ਰਹਿਣਾ ਹੈ।

1. ਆਪਣੇ ਸਟੱਡੀ ਰੂਮ ਨੂੰ ਚੰਗੀ ਤਰ੍ਹਾਂ ਰੋਸ਼ਨੀ ਵਿੱਚ ਰੱਖੋ

ਸਭ ਤੋਂ ਵੱਡੀ ਗਲਤੀ ਇਹ ਹੈ ਕਿ ਬਹੁਤ ਸਾਰੇ ਵਿਦਿਆਰਥੀ ਪੂਰੇ ਕਮਰੇ ਵਿੱਚ ਸਿਰਫ ਇੱਕ ਟੇਬਲ ਲੈਂਪ ਜਗਾਉਂਦੇ ਹੋਏ ਪੜ੍ਹਦੇ ਹਨ ਜਿਸ ਕਾਰਨ ਕਮਰੇ ਦਾ ਇੱਕ ਮਹੱਤਵਪੂਰਣ ਹਿੱਸਾ ਹਨੇਰਾ ਰਹਿੰਦਾ ਹੈ, ਇੱਕ ਅਰਾਮਦਾਇਕ ਵਾਤਾਵਰਣ ਨੂੰ ਉਤਸ਼ਾਹਿਤ ਕਰਦਾ ਹੈ ਜਿਸਦੇ ਫਲਸਰੂਪ ਤੁਹਾਨੂੰ ਉਸ ਸੁੰਦਰ ਬਿਸਤਰੇ ਤੇ ਜਾਣ ਲਈ ਵਧੇਰੇ ਲਾਲਚ ਮਿਲੇਗਾ। ਮੱਧਮ ਮਾਹੌਲ ਇਸ ਲਈ, ਅਜਿਹੀ ਅਨੁਕੂਲ ਸਥਿਤੀ ਤੋਂ ਬਚਣ ਲਈ, ਆਪਣੇ ਕਮਰੇ ਨੂੰ ਚਮਕਦਾਰ ਅਤੇ ਚੰਗੀ ਤਰ੍ਹਾਂ ਰੋਸ਼ਨ ਰੱਖੋ.

2. ਕੁਰਸੀ 'ਤੇ ਬੈਠੋ, ਬਿਸਤਰੇ' ਤੇ ਨਹੀਂ

ਲੰਬੇ ਘੰਟਿਆਂ ਲਈ ਅਧਿਐਨ ਕਰਦਿਆਂ ਤੁਹਾਡੀ ਬੈਠਣ ਦੀ ਸਥਿਤੀ ਵੀ ਬਹੁਤ ਮਹੱਤਵ ਰੱਖਦੀ ਹੈ। ਆਪਣੇ ਆਪ ਨੂੰ ਕੁਰਸੀ ਤੇ ਬੈਕ ਸਪੋਰਟ ਅਤੇ ਸਾਹਮਣੇ ਟੇਬਲ ਨਾਲ ਬਿਠਾਉਣ ਦੀ ਕੋਸ਼ਿਸ਼ ਕਰੋ। ਇਹ ਤੁਹਾਨੂੰ ਅਧਿਐਨ ਕਰਨ ਦੌਰਾਨ ਸਰਗਰਮ ਅਤੇ ਸੁਚੇਤ ਰਹਿਣ ਵਿਚ ਸਹਾਇਤਾ ਕਰੇਗਾ। ਦੂਜੇ ਪਾਸੇ, ਜੇ ਤੁਸੀਂ ਅਧਿਐਨ ਕਰਦੇ ਸਮੇਂ ਆਪਣੇ ਬਿਸਤਰੇ ਤੇ ਲੇਟ ਜਾਂਦੇ ਹੋ ਤਾਂ ਤੁਸੀਂ ਆਲਸੀਂ ਗ ਵਿੱਚ ਆ ਸਕਦੇ ਹੋ, ਨਤੀਜੇ ਵਜੋਂ ਤੁਸੀਂ ਨੀਂਦ ਮਹਿਸੂਸ ਕਰਦੇ ਹੋ। ਕੁਰਸੀ ਤੇ ਬੈਠੇ ਹੋਏ, ਆਪਣੇ ਸਰੀਰ ਦੇ ਅੰਗਾਂ ਨੂੰ ਨਿਯਮਤ ਅੰਤਰਾਲਾਂ ਤੇ ਚਲਦੇ ਰਹੋ ਤਾਂ ਜੋ ਤੁਸੀਂ ਸੁਸਤੀ ਵਿੱਚ ਨਾ ਜਾਓ.

3. ਭਾਰੀ ਖਾਣੇ ਤੋਂ ਪਰਹੇਜ਼ ਕਰੋ

ਅਸੀਂ ਸਾਰਿਆਂ ਨੇ ਮਹਿਸੂਸ ਕੀਤਾ ਹੈ ਕਿ ਭੁੱਖੇ ਭਾਵਨਾ ਭੋਜਨ ਦੇ ਬਾਅਦ ਝੁਕਦੀ ਹੈ ਅਤੇ ਜੇ ਤੁਹਾਨੂੰ ਇਸ ਤਰ੍ਹਾਂ ਦੇ ਸੁੰਘਣ ਵਾਲੇ ਮੂਡ ਨਾਲ ਅਧਿਐਨ ਕਰਨਾ ਹੈ ਤਾਂ ਕੋਈ ਵੀ ਉਸਦੀ ਸਹਾਇਤਾ ਨਹੀਂ ਕਰ ਸਕਦਾ। ਦਰਅਸਲ, ਭਾਰੀ ਖਾਣਾ ਖਾਣ ਤੋਂ ਬਾਅਦ, ਤੁਸੀਂ ਪੂਰੀ ਤਰ੍ਹਾਂ ਅਰਾਮਦੇਹ ਹੋ ਅਤੇ ਤੁਸੀਂ ਆਪਣੀਆਂ ਅੱਖਾਂ ਖੁੱਲ੍ਹੀ ਰੱਖਣ ਲਈ ਸੰਘਰਸ਼ ਕਰ ਰਹੇ ਹੋ। ਭਾਰੀ ਖੁਰਾਕ ਖਾਣ ਤੋਂ ਬਾਅਦ ਆਉਣ ਵਾਲੀ ਸੁਸਤਤਾ ਧਾਰਨ ਸ਼ਕਤੀ ਨੂੰ ਘਟਾਉਂਦੀ ਹੈ। ਇਸ ਤੋਂ ਇਲਾਵਾ, ਜਦੋਂ ਤੁਸੀਂ ਆਲਸੀ ਮਹਿਸੂਸ ਕਰਦੇ ਹੋ, ਤਾਂ ਤੁਹਾਨੂੰ ਬਿਸਤਰੇ 'ਤੇ ਮਾਰਨ ਦੀ ਜਿਆਦਾ ਸੰਭਾਵਨਾ ਹੁੰਦੀ ਹੈ। ਪਰ ਇਹ ਨਾ ਸੋਚੋ ਕਿ ਤੁਹਾਨੂੰ ਇਸ ਸੁਸਤੀ ਤੋਂ ਬਚਣ ਲਈ ਭੁੱਖਮਰੀ 'ਤੇ ਜਾਣਾ ਪਏਗਾ। ਇਸ ਦੀ ਬਜਾਏ, ਤੁਹਾਨੂੰ ਜਲਦੀ ਭੋਜਨ ਲੈਣਾ ਚਾਹੀਦਾ ਹੈ ਅਤੇ ਛੋਟੇ ਖਾਣੇ ਦੀ ਚੋਣ ਕਰਨੀ ਚਾਹੀਦੀ ਹੈ।

4. ਬਹੁਤ ਸਾਰਾ ਪਾਣੀ ਪੀਓ

ਇੱਥੇ, ਪਾਣੀ ਦੀ ਸਿਫਾਰਸ਼ ਕੀਤੀ ਜਾ ਰਹੀ ਹੈ ਕਿ ਤੁਸੀਂ ਨਾ ਸਿਰਫ ਹਾਈਡਰੇਟ ਹੋਵੋ, ਬਲਕਿ ਤੁਹਾਨੂੰ ਸੁਚੇਤ ਰੱਖਣ ਲਈ ਵੀ। ਦਰਅਸਲ, ਇਹ ਸਭ ਤੋਂ ਵਧੀਆ ਚਾਲ ਹੈ ਜੋ ਜਿਆਦਾਤਰ ਵਿਦਿਆਰਥੀ ਪੜ੍ਹਾਈ ਕਰਦੇ ਸਮੇਂ ਲਾਗੂ ਕਰਦੇ ਹਨ। ਜਦੋਂ ਤੁਸੀਂ ਕਾਫ਼ੀ ਮਾਤਰਾ ਵਿਚ ਪਾਣੀ ਪੀਂਦੇ ਹੋ, ਤੁਹਾਨੂੰ ਮੂਚੂ ਲਈ ਬਾਥਰੂਮ ਵਿਚ ਅਕਸਰ ਯਾਤਰਾ ਕਰਨੀ ਪੈਂਦੀ ਹੈ, ਤੁਹਾਨੂੰ ਚਲਦਾ ਅਤੇ ਜਾਗਰੁਕ ਰੱਖਦੇ ਹੋਏ। ਇਸ ਤੋਂ ਇਲਾਵਾ, ਕਾਫ਼ੀ ਮਾਤਰਾ ਵਿਚ ਪਾਣੀ ਪੀਣਾ ਦਿਮਾਗ ਨੂੰ ਚੰਗੀ ਤਰ੍ਹਾਂ ਹਾਈਡਰੇਟ ਕਰਨ ਵਿਚ ਸਹਾਇਤਾ ਕਰਦਾ ਹੈ, ਇਸਦੀ ਯਾਦਦਾਸ਼ਤ ਅਤੇ ਧਾਰਨ ਸ਼ਕਤੀ ਨੂੰ ਵਧਾਉਂਦਾ ਹੈ.

5. 'ਸੌਣ ਤੋਂ ਪਹਿਲਾਂ, ਉੱਠਣ ਤੋਂ ਪਹਿਲਾਂ' ਦੀ ਪਾਲਣਾ ਕਰੋ

ਇਹ ਇੱਕ ਮਸ਼ਹੂਰ ਕਹਾਵਤ ਹੈ, "ਛੇਤੀ ਤੋਂ ਸੌਣ ਤੋਂ ਜਲਦੀ, ਮਨੁੱਖ ਨੂੰ ਤੰਦਰੁਸਤ, ਅਮੀਰ ਅਤੇ ਬੁੱਧੀਮਾਨ ਬਣਾਉਂਦਾ ਹੈ"। ਇਹ ਬਿਲਕੁਲ ਸਹੀ ਹੈ ਕਿਉਂਕਿ ਜੇ ਤੁਸੀਂ ਰਾਤ ਨੂੰ ਸੌਣ ਦਾ ਪ੍ਰਬੰਧ ਕਰਦੇ ਹੋ ਤਾਂ ਤੁਹਾਨੂੰ ਇੱਕ ਤਾਜ਼ਾ ਅਤੇ ਰਜਾਵਾਨ ਦਿਨ ਤਕ ਜਾਗਣ ਲਈ ਲੋੜੀਂਦੀ ਨੀਂਦ ਮਿਲੇਗੀ। ਤਾਜ਼ੇ ਦਿਮਾਗ ਨਾਲ, ਤੁਸੀਂ ਆਪਣੀ ਪੜ੍ਹਾਈ 'ਤੇ ਕਾਫ਼ੀ ਧਿਆਨ ਲਗਾ ਸਕਦੇ ਹੋ। ਤਾਜ਼ੇ ਦਿਮਾਗ ਵਿਚ ਜਾਣਕਾਰੀ ਨੂੰ ਕਾਇਮ ਰੱਖਣ ਲਈ ਬਿਹਤਰ ਇਕਾਗਰਤਾ ਦੀ ਸ਼ਕਤੀ ਹੁੰਦੀ ਹੈ।

6. ਦੁਪਹਿਰ ਵੇਲੇ ਝਪਕੀ ਲਓ

ਜੇ ਤੁਸੀਂ ਸਵੇਰ ਤੋਂ ਨਿਰੰਤਰ ਅਧਿਐਨ ਕਰ ਰਹੇ ਹੋ, ਤਾਂ ਤੁਹਾਡੇ ਦਿਮਾਗ ਨੂੰ ਥਕਾਵਟ ਤੋਂ ਬਚਾਉਣ ਲਈ ਦੁਪਹਿਰ ਦੀ ਝਪਕੀ ਜ਼ਰੂਰੀ ਹੈ। ਇਹ ਤੁਹਾਨੂੰ ਦੇਰ ਰਾਤ ਅਧਿਐਨ ਕਰਨ ਵੇਲੇ ਨੀਂਦ ਤੋਂ ਬਚਾਉਣ ਵਿਚ ਵੀ ਸਹਾਇਤਾ ਕਰੇਗੀ। ਤੁਹਾਨੂੰ ਸੁਸਤੀ ਨੂੰ ਦੂਰ ਰੱਖਣ ਲਈ ਅਲਰਟ ਰੱਖਣ ਲਈ ਇੱਕ ਛੋਟਾ ਝੁਕਣਾ ਕਾਫ਼ੀ ਹੈ।

7. ਆਪਣੇ ਸਰੀਰ ਦੇ ਅੰਗਾਂ ਨੂੰ ਸੁਚੇਤ ਅਤੇ ਜਾਗਦੇ ਰਹੋ

ਜੇ ਤੁਸੀਂ ਲੰਬੇ ਘੰਟਿਆਂ ਲਈ ਇਕੋ ਰੁਝਾਨ ਵਾਲੀ ਸਥਿਤੀ ਨਾਲ ਅਧਿਐਨ ਕਰਦੇ ਰਹੋ, ਤਾਂ ਤੁਹਾਨੂੰ ਆਲਸ ਅਤੇ ਸੁਸਤੀ ਦੇ ਘੇਰੇ ਵਿਚ ਆਉਣ ਦੀ ਜ਼ਿਆਦਾ ਸੰਭਾਵਨਾ ਹੈ। ਇਸ ਲਈ, ਜਦੋਂ ਤੁਸੀਂ ਨੀਂਦ ਮਹਿਸੂਸ ਕਰਨਾ ਸ਼ੁਰੂ ਕਰਦੇ ਹੋ, ਆਪਣੀ ਕੁਰਸੀ ਤੋਂ ਉੱਠੋ ਅਤੇ ਆਪਣੇ ਕਮਰੇ ਵਿਚ ਘੁੰਮੋ ਅਤੇ ਆਪਣੀਆਂ ਲੱਤਾਂ ਅਤੇ ਬਾਹਾਂ ਨੂੰ ਫੈਲਾਓ। ਤੁਸੀਂ ਆਪਣੇ ਕਮਰੇ ਵਿਚ ਘੁੰਮਦੇ ਸਮੇਂ ਅਧਿਐਨ ਕਰ ਸਕਦੇ ਹੋ। ਇਹ ਦੇਖਿਆ ਗਿਆ ਹੈ ਕਿ ਤੁਰਨ ਵੇਲੇ ਅਧਿਐਨ ਕਰਨਾ, ਸਿਰਫ ਨੀਂਦ ਤੋਂ ਬਚਣ ਵਿਚ ਸਹਾਇਤਾ ਕਰਦਾ ਹੈ, ਬਲਕਿ ਇਕਾਗਰਤਾ ਨੂੰ ਵਧਾਉਂਦਾ ਹੈ।

8. ਪੜ੍ਹਾਈ ਕਰਦਿਆਂ ਉੱਚੀ ਆਵਾਜ਼ ਵਿਚ ਪੜ੍ਹੋ

ਇਹ ਚਾਲ ਸੁਸਤੀ ਨੂੰ ਦੂਰ ਰੱਖਣ ਲਈ ਬਹੁਤ ਵਧੀਆਂ ਗ ਨਾਲ ਕੰਮ ਕਰਦੀ ਹੈ। ਇਹ ਅਧਿਐਨ ਕਰਦਿਆਂ ਸੌਂਣ ਦੀ ਸੰਭਾਵਨਾ ਨੂੰ ਘੱਟ ਕਰਦਾ ਹੈ। ਤੁਹਾਡੀ ਆਪਣੀ ਆਵਾਜ਼ ਸੁਣਨ ਨਾਲ ਇਸ ਦਾ ਕੁਝ ਲੈਣਾ ਦੇਣਾ ਹੈ। ਆਪਣੇ ਆਪ ਨੂੰ ਸਿਖਾਉਣ ਦੀ ਕੋਸ਼ਿਸ਼ ਕਰੋ ਜਿਵੇਂ ਅਧਿਆਪਕ ਕਲਾਸ ਵਿਚ ਇਕ ਵਿਸ਼ਾ ਦੱਸਦਾ ਹੈ। ਇਹ ਨਾ ਸਿਰਫ ਸੁਸਤੀ ਨੂੰ ਦੂਰ ਕਰਨ ਵਿੱਚ ਸਹਾਇਤਾ ਕਰੇਗਾ ਬਲਕਿ ਤੁਹਾਡੀ ਸਿੱਖਣ ਦੀ ਸ਼ਕਤੀ ਨੂੰ ਸੁਧਾਰਨ ਵਿੱਚ ਵੀ ਸਹਾਇਤਾ ਕਰੇਗਾ।

ਲਿਖ ਕੇ ਸਿੱਖੋ

ਜੇ ਤੁਸੀਂ ਪਾਠ ਨੂੰ ਸਿੱਖਣ ਲਈ ਪੜ੍ਹਨਾ ਜਾਰੀ ਰੱਖਦੇ ਹੋ ਤਾਂ ਇਹ ਇਕ ਏਕਾਧਾਰੀ ਸਥਿਤੀ ਪੈਦਾ ਕਰੇਗਾ ਜਿਸ ਦੇ ਕਾਰਨ ਤੁਸੀਂ ਬੋਰ ਮਹਿਸੂਸ ਕਰਨਾ ਸ਼ੁਰੂ ਕਰ ਸਕਦੇ ਹੋ ਜੋ ਆਖਿਰਕਾਰ ਨੀਂਦ ਨੂੰ ਸੱਦਾ ਦੇਵੇਗਾ।

ਸੁਸਤਤਾ ਨੂੰ ਦੂਰ ਰੱਖਣ ਲਈ, ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਿਰਫ ਦਰਸ਼ਕ ਨਾ ਬਣੋ, ਪਰ ਲਿਖ ਕੇ ਸਿੱਖੋ ਤਾਂ ਜੋ ਤੁਹਾਡਾ ਦਿਮਾਗ ਕਲਮ ਅਤੇ ਕਾਗਜ਼ ਦਾ ਕੰਮ ਕਰਨ ਵਿੱਚ ਅਤੇ ਕਿਰਿਆਸ਼ੀਲ ਗੱਲਾਂ ਨੂੰ ਯਾਦ ਕਰਦਿਆਂ ਕਿਰਿਆਸ਼ੀਲ ਰਹੇ।

10. ਰਾਤ ਨੂੰ ਮੁਸ਼ਕਲ ਵਿਸ਼ਿਆਂ ਦਾ ਅਧਿਐਨ ਕਰਨ ਤੋਂ ਪਰਹੇਜ਼ ਕਰੋ

ਰਾਤ ਦੇ ਸਮੇਂ ਤੁਸੀਂ ਵਧੇਰੇ ਸੁਸਤ ਮਹਿਸੂਸ ਕਰਦੇ ਹੋ ਜੇ ਤੁਸੀਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਰਹੇ ਹੋ ਜਾਂ ਮੁਸ਼ਕਲ ਵਿਸ਼ੇ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹੋ। ਰਾਤ ਨੂੰ ਸਿਲੇਬਸ ਦੇ ਸਿਰਫ ਹਲਕੇ ਅਤੇ ਅਸਾਨ ਭਾਗਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰੋ। ਦਿਨ ਦੇ ਲਈ ਸਖ਼ਤ ਹਿੱਸੇ ਨੂੰ ਛੱਡੋ ਜਦੋਂ ਤੁਹਾਡਾ ਸਰੀਰ ਅਤੇ ਦਿਮਾਗ ਤਾਜ਼ਾ ਅਤੇ ਕਿਰਿਆਸ਼ੀਲ ਹੁੰਦਾ ਹੈ। ਦੇਰ ਰਾਤ ਦੇ ਅਧਿਐਨ ਲਈ, ਸਿਰਫ ਉਹੀ ਵਿਸ਼ੇ ਚੁਣੋ ਜੋ ਸੌਖੇ, ਦਿਲਚਸਪ ਅਤੇ ਤੁਹਾਡੇ ਮਨਪਸੰਦ ਹਨ।

# ਬੋਰਡ ਪ੍ਰੀਖਿਆ ਵਿਚ ਪ੍ਰਸ਼ਨ ਪੱਤਰ ਕਿਵੇਂ ਕੀਤਾ ਜਾਵੇ

## ਸੀਬੀਐਸਈ ਅਤੇ ਰਾਜ ਬੋਰਡ ਪ੍ਰੀਖਿਆ 2021 ਲਈ ਸਮਾਂ ਪ੍ਰਬੰਧਨ ਸੁਝਾਅ

ਸੀਬੀਐਸਈ ਅਤੇ ਸਟੇਟ ਕਲਾਸ 10 ਅਤੇ ਕਲਾਸ 12 ਦੀਆਂ ਬੋਰਡ ਪ੍ਰੀਖਿਆਵਾਂ ਵਿਚ ਆਉਣ ਵਾਲੇ ਵਿਦਿਆਰਥੀ ਅਕਸਰ ਲੰਬੇ ਪ੍ਰਸ਼ਨ ਪੱਤਰ ਬਾਰੇ ਸ਼ਿਕਾਇਤ ਕਰਦੇ ਹਨ। ਇਮਤਿਹਾਨ ਤੋਂ ਬਾਅਦ, ਬਹੁਤ ਸਾਰੇ ਵਿਦਿਆਰਥੀ ਕਹਿੰਦੇ ਹਨ ਕਿ ਉਹ ਪੇਪਰ ਵਿਚ ਸਭ ਕੁਝ ਜਾਣਦੇ ਸਨ ਪਰ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਅਸਮਰੱਥ ਸਨ ਕਿਉਂਕਿ ਪੇਪਰ ਬਹੁਤ ਲੰਮਾ ਸੀ। ਬੋਰਡ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਬਹੁਤ ਸਾਰੇ ਵਿਦਿਆਰਥੀ ਦਿੱਤੇ ਗਏ ਸਮਾਂ ਸੀਮਾ ਦੇ ਅੰਦਰ ਪ੍ਰਸ਼ਨ ਪੱਤਰ ਪੂਰਾ ਨਹੀਂ ਕਰ ਸਕਦੇ। ਬੋਰਡ ਦੀ ਪ੍ਰੀਖਿਆ ਦੇ ਦੌਰਾਨ, ਸਮੇਂ ਦੇ ਅੰਦਰ ਪੂਰੇ ਪ੍ਰਸ਼ਨ ਪੱਤਰ ਦੀ ਕੋਸ਼ਿਸ਼ ਕਰਨ ਲਈ ਸਹੀ ਸਮਾਂ ਪ੍ਰਬੰਧਨ ਬਹੁਤ ਮਹੱਤਵਪੂਰਨ ਹੁੰਦਾ ਹੈ।

ਵਿਦਿਆਰਥੀਆਂ ਦੀ ਸਹਾਇਤਾ ਲਈ, ਇੱਥੇ ਕੁਝ ਮਹੱਤਵਪੂਰਣ ਸੁਝਾਅ ਹਨ ਜੋ ਵਿਦਿਆਰਥੀ ਆਪਣੀ ਸਹੂਲਤ ਅਨੁਸਾਰ ਪਾਲਣਾ ਕਰ ਸਕਦੇ ਹਨ।

ਪਹਿਲੇ 15 ਮਿੰਟਾਂ ਵਿਚ ਪੂਰੇ ਪੇਪਰ ਦੁਆਰਾ ਜਾਓ

ਪ੍ਰਸ਼ਨ ਪੱਤਰ ਪ੍ਰਾਪਤ ਕਰਨ ਤੋਂ ਬਾਅਦ ਇੱਕ ਵਿਦਿਆਰਥੀ ਨੂੰ ਪਹਿਲਾਂ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਅਤੇ ਪੰਨਿਆਂ ਦੀ ਜਾਂਚ ਕਰਨੀ ਚਾਹੀਦੀ ਹੈ। ਪਹਿਲਾਂ, ਇਹ ਸੁਨਿਸ਼ਚਿਤ ਕਰੋ ਕਿ ਪ੍ਰਸ਼ਨ ਪੱਤਰ ਵਿੱਚ ਕੋਈ ਗੁੰਮ ਜਾਂ ਅਨਆਰਡਰਡ ਪੰਨੇ ਨਹੀਂ ਹਨ। ਜੇ ਸਭ ਕੁਝ ਠੀਕ ਹੈ, ਤਾਂ ਵਿਦਿਆਰਥੀਆਂ ਨੂੰ ਜਲਦੀ ਪ੍ਰਸ਼ਨ ਪੱਤਰ ਦੇ ਸਾਰੇ ਪ੍ਰਸ਼ਨਾਂ ਵਿਚੋਂ ਲੰਘਣਾ ਚਾਹੀਦਾ ਹੈ। ਪ੍ਰਸ਼ਨ ਪੱਤਰ ਵਿੱਚੋਂ ਲੰਘਦਿਆਂ, ਵਿਦਿਆਰਥੀਆਂ ਨੂੰ ਉਨ੍ਹਾਂ ਪ੍ਰਸ਼ਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਦਾ ਹੱਲ ਕਰਨਾ ਆਸਾਨ ਹੈ।

ਕਿਸੇ ਖਾਸ ਆਰਡਰ 'ਤੇ ਅੜੀ ਨਾ ਰਹੋ

ਇਮਤਿਹਾਨ ਦੀ ਸ਼ੁਰੂਆਤ ਤੋਂ ਪਹਿਲਾਂ, ਕੁਝ ਵਿਦਿਆਰਥੀਆਂ ਦੀ ਇਕ ਖਾਸ ਮਾਨਸਿਕਤਾ ਹੁੰਦੀ ਹੈ (ਜਾਂ ਕੋਈ ਰਣਨੀਤੀ ਬਣਾਈ ਜਾਂਦੀ ਹੈ) ਜੋ ਉਹ ਪ੍ਰਸ਼ਨ ਪੱਤਰ ਦੇ ਸੈਕਸ਼ਨ ਡੀ ਜਾਂ ਸੈਕਸ਼ਨ ਏ ਜਾਂ ਭਾਗ ਏ ਤੋਂ ਲੈ ਕੇ ਭਾਗ ਡੀ ਤੱਕ ਹੱਲ ਕਰੇਗੀ। ਇਹ ਮਹੱਤਵਪੂਰਨ ਹੈ ਕਿ ਵਿਦਿਆਰਥੀਆਂ ਨੂੰ ਕਿਸੇ ਵਿਸ਼ੇਸ਼ ਕ੍ਰਮ 'ਤੇ ਅੜਿਆ ਨਾ ਜਾਵੇ। ਪਹਿਲੇ 15 ਮਿੰਟਾਂ ਵਿੱਚ (ਪ੍ਰਸ਼ਨ ਪੱਤਰ ਨੂੰ ਪੜ੍ਹਨ ਲਈ ਅਲਾਟ ਕੀਤਾ ਗਿਆ ਹੈ) ਵਿਦਿਆਰਥੀਆਂ ਨੂੰ ਪੇਪਰ ਵਿੱਚੋਂ ਲੰਘਦਿਆਂ ਤਰਜੀਹ ਤੈਅ ਕਰਨੀ ਚਾਹੀਦੀ ਹੈ।

ਇਹ ਸੰਭਵ ਹੋ ਸਕਦਾ ਹੈ ਕਿ ਦੂਜੇ ਭਾਗਾਂ ਦੇ ਪ੍ਰਸ਼ਨਾਂ ਦੀ ਤੁਲਨਾ ਵਿਚ ਭਾਗ ਏ ਅਤੇ ਭਾਗ ਡੀ ਦੇ ਪ੍ਰਸ਼ਨ ਆਸਾਨ ਹੋਣ। ਇਸ ਲਈ, ਵਿਦਿਆਰਥੀਆਂ ਨੂੰ ਭਾਗ ਏ ਨੂੰ ਹੱਲ ਕਰਨਾ ਚਾਹੀਦਾ ਹੈ (ਕਿਉਂਕਿ ਇਹ ਅਸਾਨ ਹੈ) ਫਿਰ ਭਾਗ ਡੀ ਅਤੇ ਹੋਰ ਭਾਗ ਬਾਅਦ ਵਿੱਚ।

ਆਪਣੇ ਸਮੇਂ ਨੂੰ ਨਿਆਂ ਨਾਲ ਵੰਡੋ

ਵਿਦਿਆਰਥੀਆਂ ਨੂੰ ਆਪਣੇ ਸਮੇਂ ਨੂੰ ਨਿਆਂ ਨਾਲ ਵੰਡਣਾ ਚਾਹੀਦਾ ਹੈ ਤਾਂ ਜੋ ਪ੍ਰਸ਼ਨ ਪੱਤਰ ਦੇ ਸਾਰੇ ਭਾਗਾਂ ਨੂੰ ਹੱਲ ਕਰਨ ਲਈ ਉਨ੍ਹਾਂ ਨੂੰ ਕਾਫ਼ੀ ਸਮਾਂ ਮਿਲੇ। ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੋਧ ਲਈ ਕੁਝ ਸਮਾਂ ਰੱਖਣਾ ਚਾਹੀਦਾ ਹੈ।

ਉਦਾਹਰਣ ਲਈ: ਮੰਨ ਲਓ ਤੁਸੀਂ ਸੀਬੀਐਸਈ ਕਲਾਸ 12 ਵੀਂ ਭੌਤਿਕ ਵਿਗਿਆਨ ਬੋਰਡ ਦੀ ਪ੍ਰੀਖਿਆ ਦੇਣ ਜਾ ਰਹੇ ਹੋ ਜਿਸ ਵਿੱਚ 5 ਭਾਗ (ਏ, ਬੀ, ਸੀ, ਡੀ ਅਤੇ ਈ) ਹਨ। ਸੈਕਸ਼ਨ ਏ ਵਿੱਚ 5 ਪ੍ਰਸ਼ਨ (ਹਰ ਇੱਕ ਨੂੰ 1 ਨਿਸ਼ਾਨ), ਭਾਗ ਬੀ ਵਿੱਚ 5 ਛੋਟੇ ਜਵਾਬ ਕਿਸਮ ਦੇ ਪ੍ਰਸ਼ਨ (ਹਰੇਕ ਵਿੱਚ 2 ਅੰਕ), ਭਾਗ ਸੀ ਵਿੱਚ 12 ਪ੍ਰਸ਼ਨ (ਹਰੇਕ 3 ਨਿਸ਼ਾਨ), ਭਾਗ ਡੀ ਵਿੱਚ 1 ਪ੍ਰਸ਼ਨ (4 ਅੰਕ) ਹੋਣਗੇ ਅਤੇ 3 ਹੋਣਗੇ। ਭਾਗ ਈ ਵਿੱਚ ਪ੍ਰਸ਼ਨ (5 ਅੰਕ)

ਜੇ ਭਾਗ , ਭਾਗ ਅਤੇ ਭਾਗ ਦੇ ਪ੍ਰਸ਼ਨ ਭਾਗ ਅਤੇ ਭਾਗ ਦੇ ਪ੍ਰਸ਼ਨਾਂ ਦੀ ਤੁਲਨਾ ਵਿੱਚ ਅਸਾਨ ਹਨ, ਤਾਂ, ਵਿਦਿਆਰਥੀਆਂ ਨੂੰ ਪਹਿਲਾਂ ਭਾਗ , ਭਾਗ ਅਤੇ ਭਾਗ ਨੂੰ 1 ਤੋਂ 1 ਘੰਟਿਆਂ ਵਿੱਚ ਹੱਲ ਕਰਨਾ ਚਾਹੀਦਾ ਹੈ। ਬਾਅਦ ਵਿੱਚ, ਵਿਦਿਆਰਥੀਆਂ ਨੂੰ ਹੋਰ ਭਾਗ ਬੀ ਅਤੇ ਭਾਗ ਸੀ ਵਿੱਚ ਜਾਣਾ ਚਾਹੀਦਾ ਹੈ।

**ਨਾ ਫਸੋ–** ਪੇਪਰ ਹੱਲ ਕਰਦੇ ਸਮੇਂ, ਵਿਦਿਆਰਥੀਆਂ ਨੂੰ ਕਿਸੇ ਵਿਸ਼ੇਸ਼ ਪ੍ਰਸ਼ਨ 'ਤੇ ਅੜਿੱਕਾ ਨਹੀਂ ਪੈਣਾ ਚਾਹੀਦਾ। ਜੇ ਤੁਸੀਂ ਕੋਈ ਪ੍ਰਸ਼ਨ ਪੜ੍ਹਨ ਦੇ 1 ਤੋਂ 2 ਮਿੰਟ ਦੇ ਅੰਦਰ ਅੰਦਰ ਜਵਾਬ ਨੂੰ ਯਾਦ ਨਹੀਂ ਕਰ ਪਾਉਂਦੇ ਹੋ ਤਾਂ ਪ੍ਰਸ਼ਨ ਨੂੰ ਛੱਡ ਦਿਓ।

ਕਈ ਵਾਰ ਅਜਿਹੀ ਸਥਿਤੀ ਹੁੰਦੀ ਹੈ ਜਦੋਂ ਵਿਦਿਆਰਥੀ ਪ੍ਰਸ਼ਨ ਦੇ ਸਿਰਫ ਇਕ ਹਿੱਸੇ ਦਾ ਉੱਤਰ ਜਾਣਦੇ ਹਨ। ਉਸ ਸਥਿਤੀ ਵਿੱਚ, ਵਿਦਿਆਰਥੀਆਂ ਨੂੰ ਉਹ ਲਿਖਣਾ ਚਾਹੀਦਾ ਹੈ ਜੋ ਉਹ ਜਾਣਦੇ ਹਨ ਅਤੇ ਕਿਸੇ ਹੋਰ ਪ੍ਰਸ਼ਨ ਤੇ ਜਾਓ। ਵਿਦਿਆਰਥੀ ਬਾਕੀ ਦੇ ਕਾਗਜ਼ਾਤ ਖ਼ਤਮ ਕਰਨ ਤੋਂ ਬਾਅਦ ਬਾਅਦ ਵਿੱਚ ਅਜਿਹੇ ਪ੍ਰਸ਼ਨਾਂ ਤੇ ਵਾਪਸ ਆ ਸਕਦੇ ਹਨ।

ਅਭਿਆਸ ਅਤੇ ਉਪਰੋਕਤ ਦੱਸੇ ਗਏ ਸੁਝਾਵਾਂ ਦੇ ਨਾਲ, ਸੀਬੀਐਸਈ ਅਤੇ ਰਾਜ ਬੋਰਡਾਂ ਦੇ ਕਲਾਸ 10 ਅਤੇ ਕਲਾਸ 12 ਦੇ ਵਿਦਿਆਰਥੀ ਅਸਾਨੀ ਨਾਲ ਆਪਣੇ ਪੇਪਰ ਸਮੇਂ ਤੇ ਪੂਰਾ ਕਰ ਸਕਦੇ ਹਨ।

# ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ ਕਿਸਾਨੀ ਸੰਘਰਸ਼ ਵਿਚ ਸਹਾਇਤਾ ਭੇਜਣ ਵਾਲੇ ਐਨਆਰਆਈਜ਼ ਦਾ ਕੀਤਾ ਵਿਸ਼ੇਸ਼ ਧੰਨਵਾਦ

ਨਾਰਥ ਇੰਡੀਆ ਸਰਕਲ ਸਟਾਇਲ ਸਰਕਲ ਕਬੱਡੀ ਫੈਡਰੇਸ਼ਨ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸੁਰਜਨ ਸਿੰਘ ਚੱਠਾ ਦੀ ਪ੍ਰਧਾਨਗੀ ਵਿਚ ਹੋਈ ਜਿਸ ਵਿਚ ਫੈਡਰੇਸ਼ਨ ਦੇ ਸਮੂਹ ਅਹੁਦੇਦਾਰ ਅਤੇ ਕੋਚ ਸ਼ਾਮਿਲ ਹੋਏ। ਮੀਟਿੰਗ ਵਿਚ ਬੀਤੇ ਸਮੇਂ ਵਿਚ ਕਿਸਾਨੀ ਸੰਘਰਸ਼ ਵਿਚ ਸ਼ਹੀਦ ਹੋਏ ਸਮੂਹ ਕਿਸਾਨਾਂ, ਉੱਘੇ ਕਬੱਡੀ ਕੱਪ ਪ੍ਰਬੰਧਕ ਅਤੇ ਕੋਚ ਸਵ. ਸੋਢੀ ਮਨਸੂਰਵਾਲ ਬੇਟ ਅਤੇ ਅੰਤਰਾਸ਼ਟਰੀ ਕਬੱਡੀ ਕੁਮੈਂਟੇਟਰ ਜਨਾਬ ਦਰਸ਼ਨ ਬੜੀ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿਚ ਕਿਸਾਨੀ ਸੰਘਰਸ਼ ਦਾ ਸਮਰਥਨ ਜਾਰੀ ਰੱਖਣ ਅਤੇ ਹਰ ਸੰਭਵ ਮਦਦ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।

ਅੱਜ ਦੀ ਮੀਟਿੰਗ ਵਿਚ ਬੀਤੇ 70 ਦਿਨਾਂ ਤੋਂ ਦਿੱਲੀ ਦੇ ਵੱਖ ਵੱਖ ਬਾਡਰਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਲਈ ਫੈਡਰੇਸ਼ਨ ਰਾਹੀਂ ਲਗਾਤਾਰ ਪਾਣੀ, ਦੁੱਧ ਅਤੇ ਹੋਰ ਜਰੂਰੀ ਵਸਤਾਂ ਭੇਜਣ ਵਾਲੇ ਦੇਸ਼ ਵਿਦੇਸ਼ ਦੇ ਦਾਨੀ ਸੱਜਣਾਂ ਦਾ ਧਨਵਾਦ ਕੀਤਾ ਗਿਆ। ਅਮਰੀਕਾ ਤੋਂ ਦਾਨੀ ਸੱਜਣ ਸਰਬ ਥਿਆੜਾ ਰਾਇਲ ਕਿੰਗਜ, ਕੁਲਵੰਤ ਸਿੰਘ ਲੱਛਰ ਐਂਡ ਬ੍ਰਦਰਜ਼, ਦਲਜੀਤ ਸਿੰਘ ਸਹੋਤਾ ਪਾਪੂਲਰ ਟਾਇਰ, ਸੁਰਿੰਦਰ ਸਹੋਤਾ ਡੱਫਰ, ਬਬਲੂ ਯੂ.ਐਸ.ਏ., ਪਿੰਡ ਡੱਲੇਵਾਲ ਤੋਂ ਢਿੱਲੋਂ ਬ੍ਰਦਰਜ਼ ਬੂਟਾ ਸਿੰਘ ਲੋਧੀ, ਸ਼ਿੰਦਾ ਸਿਆਟਲ, ਸੁੱਖਾ ਕੈਨੇਡਾ, ਸੀਤਾ ਯੂ.ਕੇ., ਮੰਗਾ ਯੂ.ਕੇ. ਅਤੇ ਬੂਟਾ ਢਿੱਲੋਂ, ਇੰਦਰਜੀਤ ਸਿੰਘ ਸਿੱਧੂ, ਜੋਧਾ ਸੰਧੂ, ਲੱਕੀ, ਦੀਪਾ, ਸਟੀਵਨ, ਸੁਖਵਿੰਦਰ ਸਿੰਘ ਤੂਰ, ਦੀਪਾ ਕਾਲਾ ਸੰਘੇ, ਹਰਦੀਪ ਢਿੱਲੋਂ ਕਬੱਡੀ ਖਿਡਾਰੀ,



ਕਿਸਾਨੀ ਸੰਘਰਸ਼ ਵਿਚ ਪੰਜਾਬ ਦੇ ਐਨ.ਆਰ.ਆਈਜ਼. ਵਲੋਂ ਦਿੱਤੇ ਯੋਗਦਾਨ ਲਈ ਉਨ੍ਹਾਂ ਦਾ ਵਿਸ਼ੇਸ਼ ਸ਼ੁਕਰੀਆ ਅਦਾ ਕਰਦੇ ਹੋਏ ਸ. ਸੁਰਜਨ ਸਿੰਘ ਚੱਠਾ ਪ੍ਰਧਾਨ ਨਾਰਥ ਫੈਡਰੇਸ਼ਨ ਅਤੇ ਸਮੂਹ ਅਹੁਦੇਦਾਰ ਅਤੇ ਕੋਚ ਸਾਹਿਬਾਨ।

ਗੁਰਦੇਵ ਸਿੰਘ ਪੱਪੂ ਪੰਢੀ, ਸੈਮ ਪੰਨੂੰ ਅਤੇ ਕਿੰਗਜ਼ ਕਲੱਬ ਸੈਕਰਾਮੈਂਟੋ ਦੇ ਸਮੂਹ ਮੈਂਬਰਜ਼ ਅਤੇ ਚੜ੍ਹਦਾ ਪੰਜਾਬ ਰੋਜ਼ਵੈਲ ਸੈਕਰਾਮੈਂਟੋ ਦੇ ਸਮੂਹ ਮੈਂਬਰਜ਼ ਸ਼ਾਮਲ ਹਨ।

ਕੈਨੇਡਾ ਤੋਂ ਸਹਿਯੋਗੀ ਹਨ ਮਲਕੀਤ ਸਿੰਘ, ਸਤਨਾਮ ਸਿੰਘ, ਮੱਖਣ ਸਿੰਘ, ਬੌਬੀ ਸਿੰਘ ਪੌਲ ਟਰਾਂਸਪੋਰਟ, ਗੁਰਜੀਤ ਸਿੰਘ ਅਟਕੜ, ਲੱਕੀ ਕੁਰਾਲੀ ਟੀਮ ਪੰਜਾਬੀ, ਗੋਲਡੀ ਢਿੱਲੋਂ, ਅਤੇ ਯਾਦਾ ਸੁਰਖਪੁਰ ਟੀਮ ਦੇ ਸਹਿਯੋਗੀ ਜਸਵੰਤ ਬੱਲ ਯੂ.ਐਸ.ਏ., ਜਸਵਿੰਦਰ ਛੋਕਰ ਕੈਨੇਡਾ, ਲਾਲੀ ਢੇਸੀ ਕੈਨੇਡਾ, ਰਣਜੀਤ ਢਡਾ ਯੂ.ਕੇ. ਕੰਮਾ ਸੁਰਖਪੁਰ ਯੂ.ਕੇ. ਅਤੇ ਅਮਰਜੀਤ ਸਿੰਘ ਕਾਹਲੋਂ ਦੁਬਈ।

ਇੰਗਲੈਂਡ ਤੋਂ ਸਹਿਯੋਗੀ ਸੰਸਥਾਵਾਂ ਲਿਸਟਰ ਕਬੱਡੀ ਕਲੱਬ, ਰੈਡਿੰਗ ਐਂਡ ਡੋਰਨੇ ਕਬੱਡੀ ਕਲੱਬ, ਸਿੱਖ ਟੈਂਪਲ ਯੁਨਾਈਟਡ ਕਬੱਡੀ ਕਲੱਬ ਵੁਲਵਰਹੈਪਟਨ, ਸਿੱਖ ਟੈਂਪਲ ਕਬੱਡੀ ਕਲੱਬ ਬਰਮਿੰਘਮ, ਪੰਜਾਬ ਯੁਨਾਈਟਡ ਕਬੱਡੀ ਕਲੱਬ ਵੁਲਵਰਹੈਪਟਨ, ਫੋਰਟਲ ਕੰਪਨੀ, ਅਤੇ ਜੋਗਿੰਦਰ ਸਿੰਘ ਕੂਲਾਰ, ਡੌਕਸੀ, ਰਵਿੰਦਰ ਚੱਠਾ, ਤਲਵਿੰਦਰ ਹੇਅਰ, ਕੰਵਲਜੀਤ ਸਿੰਘ ਹੇਅਰ ਜਲੰਧਰ, ਮੋਹਨ ਭਮਰਾ ਗੋਗਾ ਦੇ ਨਾਂ ਪ੍ਰਮੁਖ ਹਨ। ਆਸਟ੍ਰੇਲੀਆ ਤੋਂ ਸਰਬਜੋਤ ਸਿੰਘ ਢਿੱਲੋਂ, ਰੁਪਿੰਦਰ ਸਿੰਘ ਬਰਾੜ, ਲਾਡ ਅਤੇ ਨਿਊਜ਼ੀਲੈਂਡ ਤੋਂ ਗੋਪਾ ਬੈਂਸ ਅਤੇ ਗੋਪੀ ਹਕੀਮਪੁਰ ਦੇ ਨਾਂ ਵਿਸ਼ੇਸ਼ ਹਨ।

ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਲਈ ਇੰਗਲੈਂਡ ਤੋਂ ਕੋਚ ਸ਼ਿੰਦਾ ਸੂਜਾਪੁਰ ਰਾਹੀਂ ਪੁੱਜੀ ਸਹਾਇਤਾ ਵਿਚ ਗੁਰਚਰਨ ਸੂਜਾਪੁਰ, ਰਣਜੀਤ ਢਡਾ, ਕੁਲਵੰਤ ਸੰਘਾ, ਹਰਵਿੰਦਰ ਭਲਵਾਨ, ਪਿੰਕੀ ਢਿੱਲੋਂ, ਬਹਾਦਰ ਸ਼ੇਰਗਿੱਲ ਅਤੇ ਜੱਗਾ ਚਕਰ ਸਮੇਤ ਸਮੂਹ ਸੱਜਣਾਂ ਦਾ ਸਹਿਯੋਗ ਰਿਹਾ। ਮੀਟਿੰਗ ਵਿਚ ਬਲਬੀਰ ਸਿੰਘ ਬਿੱਟੂ ਕਾਰਜਕਾਰੀ ਪ੍ਰਧਾਨ, ਸੁੱਖੀ ਬਰਾੜ ਜਨਰਲ ਸਕੱਤਰ, ਜਸਵੀਰ ਸਿੰਘ ਧਨੋਆ ਖਜਾਨਚੀ, ਪਰਮਜੀਤ ਚੱਠਾ, ਸਮੂਹ ਕੋਚ ਗੋਪਾਲ ਸਿੰਘ, ਸ਼ਿੰਦਾ ਸੁਜਾਪੁਰ, ਕੁਲਬੀਰ ਬਿਜਲੀ ਨੰਗਲ, ਕਾਲਾ ਕੁਲਥਮ, ਪੱਪੀ ਫੁੱਲਾਂਵਾਲ, ਹੈਪੀ ਨਕੋਦਰ, ਦਵਿੰਦਰ ਚਮਕੌਰ ਸਾਹਿਬ, ਦਿਲਬਰ ਝਨੇਰ, ਮਨਜੀਤ ਸਿੰਘ ਫੌਜੀ, ਹਰਜੀਤ ਮੰਡੀ, ਬੱਲੀ ਗੁਰਦਾਸਪੁਰ, ਗੁਰਮੇਲ ਦਿੜ੍ਹਬਾ ਸਮੇਤ ਸਤਪਾਲ ਖਡਿਆਲ, ਜੱਸਾ ਘਰਖਣ, ਮਨੀ ਜੌਹਲ, ਗੁਰਕੰਵਲ ਬਿੱਲਾ ਜੌਹਲ, ਸੁਖਰਾਜ ਸੁੱਖਾ ਜੌੜੇ ਆਦਿ ਸ਼ਾਮਲ ਸਨ।

– ਪਰਮਜੀਤ ਸਿੰਘ ਬਾਗੜੀਆ
91-98147 65705

# ਕੰਵਲ ਬਾਜਵਾ ਦੀਆਂ ਕੁਝ ਰਚਨਾਵਾਂ



## ਲਾਲਚ

ਖੇਤਾਂ 'ਚ ਸੱਥਰ ਵਿਛਾ
ਗਲਘੋਟੂ ਨਿਯਮ ਬਣਾ
ਮੀਡੀਏ ਤੋਂ ਪਾਜੇਟਿਵ ਰੀਵਿਊ ਕਰਾ
ਕਾਨੂੰਨ ਅੱਛੇ ਹੈਂ ਦੇ ਮੈਸੇਜ ਭੇਜਵਾ
ਮਨ ਦੀਆਂ ਬਾਤਾਂ ਰੋਜ਼ ਸੁਣਾ
ਸਮੇਂ ਦਾ ਹਾਕਮ ਬਣੇ ਸਿਆਣਾ
ਇਹ ਲਾਲਚ ਕਿਸੇ ਹੋਰ ਨੂੰ ਦੇਣਾ
ਰੋਜ਼ ਮੀਟਿੰਗਾਂ ਕਰ ਲਓ ਬੇਸ਼ੱਕ
ਸੋਧ ਹੁੰਗਾਰੇ ਭਰ ਲਓ ਬੇਸ਼ੱਕ
ਨੈਗੇਟਿਵ ਕਵਰਿੰਗ ਕਰ ਲਓ ਬੇਸ਼ੱਕ
ਬੇਗੁਨਾਹੇ ਫ਼ੜ ਲਓ ਬੇਸ਼ੱਕ
ਫਸਲਾਂ ਨੇ ਆਜ਼ਾਦ ਹੀ ਰਹਿਣਾ
ਅਸੀਂ ਨਾ ਹੋਰ ਜ਼ੁਲਮ ਕੋਈ ਸਹਿਣਾ
ਇਹ ਲਾਲਚ ਕਿਸੇ ਹੋਰ ਨੂੰ ਦੇਣਾ
ਕੀ ਸੋਚਿਆ ਭਰਮਾ ਲਓਗੇ
ਹਰਿਆਵਲ ਬਸਤੇ ਪਾ ਲਓਗੇ
ਮਨਚਾਹੇ ਨਿਯਮ ਬਣਾ ਲਓਗੇ
ਅਣਖੀਆਂ ਨੂੰ ਧਮਕਾ ਲਓਗੇ
ਸੇ ਨੂੰ ਬੁਰਕੀ ਪਾ ਲਓਗੇ
ਮਿਹਨਤ ਦਾ ਅਸੀਂ ਪਾਈਏ ਗਹਿਣਾ
ਤੇਰੇ ਦੋ ਹਜ਼ਾਰ ਤੈਂ ਅਸੀਂ ਕੀ ਲੈਣਾ
ਇਹ ਲਾਲਚ ਕਿਸੇ ਹੋਰ ਨੂੰ ਦੇਣਾ।

ਜਦ ਵੀ ਬਹਾਰ ਆਈ ਤੇ
ਨਵੇਂ ਪੱਤੇ ਪੁੰਗਰਦੇ ਹਨ
ਮੌਤ ਦੇ ਤਿੱਖੇ ਪੰਜਿਆਂ ਅੰਦਰ
ਬੇਗੁਨਾਹ, ਬੇਰੁੱਤੇ, ਬੇਵਜ੍ਹਾ
ਨਰਸੰਹਾਰ ਹੋਏ ਪੰਜਾਬੀ ਮੁੰਡੇ
ਆ ਫੁੱਲਾਂ ਤੈਂ ਪੁੱਛਦੇ ਹਨ
ਸਾਡੇ ਹਿੱਸੇ ਦੀ ਬਹਾਰ ਕਿਸਨੇ ਮਾਣੀ ਹੈ
ਕਿਸਨੇ ਡੂੰਘਾ ਟੋਆ ਪੁੱਟ
ਸੱਚ ਤੇ ਨਿਆਂ ਨੂੰ ਦਫ਼ਨ ਕੀਤਾ ਹੈ
ਕਿਉਂ ਕਮਾਦ ਤੇ ਜੰਗਲ਼ ਖ਼ੂਨੀ ਹੋਏ
ਕੀ ਜੰਗਲਾਂ ਤੇ ਬੀੜਾਂ ਚ ਕਦੇ ਬਹਾਰ ਨਹੀਂ ਆਉਂਦੀ
ਕੀ ਸ਼ਿਰਾਂ ਵਿੱਚ ਹੁਣ ਵੀ
ਬੇਦੋਸੇ ਜਾਨ ਦਾ ਮਾਲੀਆ ਅਦਾ ਕਰਦੇ ਹਨ
ਕਿਸੇ ਵੀ ਥਾਣੇ ਕਚਿਹਰੀ ਦੇ ਰੋਜ਼ਾਨਾ ਮਿਚਿਆਂ ਵਿੱਚ
ਸਾਡੇ ਕਤਲਾਂ ਦਾ ਰਿਕਾਰਡ ਕਿਉਂ ਨਹੀਂ
ਕੀ ਰੌਲਟ ਬਿਲ ਫੇਰ ਪਾਸ ਹੋਏ ਸਨ
ਸਾਡੇ ਖ਼ੂਨ ਨਾਲ ਧੋਤੇ ਹੱਥ ਕਿਉਂ
ਅੱਜ ਵੀ ਮੌਲਿਕ ਅਧਿਕਾਰਾਂ ਦਾ ਹੋਕਾ ਦਿੰਦੇ
ਆਪਣੇ ਗੁਨਾਹਾਂ ਨੂੰ ਸੰਵਿਧਾਨਕ ਜਾਮਾ ਪਾਉਂਦੇ ਹਨ
ਇਤਿਹਾਸ ਦੇ ਖ਼ੂਨ ਲਿਬੜੇ ਪੰਨਿਆਂ ਵਿੱਚ
ਏਨਕਾਊਂਟਰਾਂ ਦਾ ਇਨਸਾਫ ਕਿਉਂ ਨਹੀਂ
ਬੇਹੂਦਾ, ਜੰਗਲੀ ਅਤੇ ਅਸਭਿਆ ਪੈੜਾ
ਕੀ ਅੱਜ ਵੀ ਸਿਸਟਮ ਦਾ ਹਿੱਸਾ ਹੈ
ਕੀ ਕਿਸੇ ਨੇ ਮੈਲੇ ਭਾਵਾਂ ਦੇ ਹਿਰਦਿਆਂ ਦਾ
ਨੈਤਿਕ ਸੁਧਾਰ ਕਰਨ ਦੀ
ਅਜੇ ਤੱਕ ਕੋਸ਼ਿਸ਼ ਨਹੀਂ ਕੀਤੀ
ਤੇ ਅਸੀਂ ਮਰ ਕੇ ਫੁੱਲ ਬਣਨੇ ਡਰੀ ਜਾਨੇ ਆਂ
ਪਰ ਜਦ ਵੀ ਬਹਾਰ ਆਉਂਦੀ ਹੈ
ਸੀਨੇ ਅੰਦਰ ਚਾਅ ਖੌਰੂ ਪਾਉਂਦੇ ਹਨ

ਨਹਿਰੀ ਪਾਣੀ ਡੱਕ ਲਓ ਬੇਸ਼ੱਕ
ਬਰਸਾਤਾਂ ਨੂੰ ਕੈਦ ਕਰ
ਪਿੰਜਰੇ ਪਾਉਣਾ ਔਖਾ ਹੈ
ਖੁਸ਼ਹਾਲੀ ਨੂੰ ਬੇਸ ਬਣਾ ਕੇ
ਖੇਤਾਂ ਦੇ ਗਲ਼ ਫੰਦਾ ਪਾਉਣਾ
ਮਾਰ ਮੁਕਾਉਣਾ ਔਖਾ ਹੈ
ਪਾਨੀਪਤ ਦੇ ਯੁੱਧ ਸਨ ਸਾਰੇ
ਤਖ਼ਤਾ ਪਲਟਣ ਵਾਲੇ
ਹੁਣ ਵੀ ਪਾਨੀਪਤ ਨੇੜੇ ਹੀ ਨੇ
ਕਿਰਤੀਆਂ ਦੇ ਟਰਾਲੇ
ਯੁੱਧ ਨਿਰੰਤਰ ਚੱਲ ਰਿਹਾ ਹੈ
ਪਲੜੇ ਦੋਵੇਂ ਭਾਰੇ
ਰਾਜਧਾਨੀ ਦੇ ਉਤਰ ਪੱਛਮ ਤੈਂ
ਚੜ੍ਹਦੇ ਦੋ ਉਹ ਨਾਂ ਹਾਰੇ

ਦਰਦਨਾਕ ਮੌਤ ਉਹ ਨਹੀਂ ਹੁੰਦੀ
ਜਦ ਚੀਰ ਦੇਵੇ ਖੋਪੜੀ
ਜਾਂ ਨੈਸ਼ਨਲ ਹਾਈਵੇ ਤੇ
ਛਾਤੀ ਦਰੜੀ ਜਾਂਦੀ ਹੈ
ਮਰਮਰੀ ਜਿਸਮ ਦੀ ਸੱਤਾ
ਡੁੱਬਦੀ ਹੈ ਸੜਦੀ ਹੈ ਜਾਂ
ਹਾਦਸਿਆਂ ਦਾ ਸ਼ਿਕਾਰ ਹੁੰਦੀ ਹੈ
ਦਰਦਨਾਕ ਮੌਤ ਉਹ ਹੁੰਦੀ ਹੈ
ਜਦ ਛਾਤੀ ਨਾਲ ਚੰਬੜੇ
ਸਾਹਾਂ ਦਾ ਚਾਅ ਬੰਦ ਹੁੰਦਾ ਹੈ
ਤੇ ਬੇਵਸੀ ਦੇ ਕੋਹਲੂ ਵਿਚ
ਪੀੜੀਆਂ ਜਾਂਦੀਆਂ ਨੇ ਮਲੂਕ ਹਸਰਤਾਂ
ਗ਼ੁਰਬਤ ਦੇ ਬੋਝ ਥੱਲੇ
ਜਦ ਦਬਦਾ ਹੈ ਧੀ ਦਾ ਪਿਓ
ਜਾਂ ਕਰਜ਼ਦਾਰ ਕਿਸਾਨ ਕੋਈ
ਜਦ ਫਾਹਾ ਲੈਣ ਖ਼ੁਦਕਸ਼ੀ ਕਰਦਾ ਹੈ
ਸੁਣਿਆ ਬਿਰਖ ਬਣਨ ਤੈਂ
ਉਹਦੇ ਖੇਤ ਦਾ ਬਾਲ ਬੂਟਾ ਡਰਦਾ ਹੈ
ਦਰਦਨਾਕ ਮੌਤ ਹੁੰਦੀ ਹੈ
ਜਦ ਅਣਭੋਲ ਕੰਮੀਆਂ ਨੂੰ
ਡਕਾਰ ਜਾਂਦੀ ਹੈ
ਸੋ ਦੀ ਡੈਣ
ਤੇ ਸਵਾਰਥਾਂ ਦੇ ਮਨਹੂਸ ਪਰਛਾਵੇ

ਨਿਗਲ ਜਾਂਦੇ ਹਨ
ਕਿਰਤ ਠੰਢੇ ਸਾਹ ਵਾਂਗ ਲੁੱਟ ਲਈ ਜਾਂਦੀ ਹੈ
ਪੁੰਗਰਨ ਤੋਂ ਪਹਿਲਾਂ ਹੀ
ਖਵਾਹਿਸ਼ਾਂ ਦੀ ਸਿਰੀ
ਗ਼ੁਰਬਤ ਜਾਂ ਰਵਾਇਤਾਂ ਦੇ ਬੋਝ ਥੱਲੇ
ਮਰੋੜ ਦਿੱਤੀ ਜਾਂਦੀ ਹੈ

ਜਲਾਵਤਨੀ ਹਸਰਤਾਂ ਦਾ
ਨਾਂ ਦੂਜਾ ਮੌਤ ਹੈ
ਦਰਦ ਹੈ ਜਿਉਣਾ ਉਹ
ਜਦ ਰੀਝਾਂ ਮਰ ਜਾਂਦੀਆਂ ਹਨ
ਪਰ ਸਾਹ ਚੱਲਦੇ ਰਹੀ ਜਾਂਦੇ ਹਨ।

## ਮਹਿਰਮ

ਮਨ ਮੋਏ ਦੀ ਖਾਨਗਾਹ ਤੇ
ਮਨ ਦਾ ਮਹਿਰਮ ਜਦ ਵੀ ਆਏ
ਹਰ ਪਲ ਹਰ ਛਿਣ ਇਉਂ ਜਾਪੇ
ਜਿਉਂ ਬੈਕੁੰਠ ਧਾਮ ਥਿਆਏ

ਨੈਣਾਂ ਤੇ ਵਿਸ਼ਵਾਸ ਨਾ ਹੋਵੇ
ਛੋਹ ਮਹਿਰਮ ਦੀ ਪਾ ਕੇ ਵੇਖਾਂ
ਹੱਥਾਂ ਨੂੰ ਹੱਥ ਲਾ ਕੇ ਵੇਖਾਂ
ਪਰ ਹੱਥ ਫੜਿਆ ਨਾ ਜਾਏ

ਕਾਲ ਚੱਕਰ ਦੀ ਅਸਚਰਜ ਲੀਲਾ
ਲਿਵ ਓਹਦੀ ਵਿਚ ਥੰਮ ਗਈ
ਮੁਰਦਾ ਹੋਏ ਦਿਲ ਦੇ ਸਾਰੇ
ਦੀਦ ਮੁੱਕਦਸ ਦੇ ਤਿਰਹਾਏ

ਰੂਹ ਮੇਰੀ ਨੂੰ ਮੁਬਾਰਕ ਬਹੁੜੇ
ਉਹਦੇ ਦਰਸ ਪਿਆਰੇ
ਕਿਤ ਬਿਧ ਰਸਨਾ ਕਰੇ ਇਬਾਰਤ
ਗਾਇਆ ਵੀ ਨਾ ਜਾਏ

ਮਨ ਮੋਏ ਦੀ ਖਾਨਗਾਹ ਤੇ
ਮਨ ਦਾ ਮਹਿਰਮ ਜਦ ਵੀ ਆਏ।

## ਟੱਪਰੀਵਾਸਾਂ ਦੀ ਜ਼ਿੰਦਗੀ

ਟੱਪਰੀਵਾਸਾਂ ਦੀ ਜ਼ਿੰਦਗੀ
ਮਿਹਨਤਾਂ ਦੀ ਬੰਦਗੀ
ਮਲੂਕ ਜਿਹੀਆਂ ਜਿੰਦੜੀਆਂ
ਪਰ ਕਿੰਨੀ ਸਾਦਗੀ
ਨਾ ਕਿਸੇ ਚੀਜ਼ ਦਾ ਮਾਣ
ਨਾ ਕੋਈ ਰੋਹ ਨਾ ਹੰਕਾਰ
ਝਿਜਕ ਰਹੇ ਮਨਾਂ ਦੀ
ਜਿਵੇਂ ਸ਼ਰਮੀਲੀ ਆਵਾਰਗੀ

ਰੋੜਾਂ ਦਾ ਬਿਸਤਰ
ਲੱਕੜ ਦਾ ਸਿਰਹਾਣਾ
ਕੱਪੜੇ ਦਾ ਤੰਬੂ
ਨੈਣਾਂ 'ਚ ਬੇਚਾਰਗੀ
ਕਿੰਨੀ ਮਾਸੂਮੀਅਤ ਤੇ ਭੋਲੀ
ਮੂੰਹੋਂ ਪਰ ਕੁਝ ਨਾ ਬੋਲੀ
ਵਰਣਾਂ ਦਿਆਂ ਕਦਮਾਂ ਵਿਚ ਰੋਲੀ
ਕੈਸੀ ਇਹ ਨਾਦਾਨਗੀ

ਕਿੱਕਰਾਂ ਦੀਆਂ ਛਾਵਾਂ ਵਿਚ
ਸਿਸਕੀਆਂ ਲੈਂਦੇ ਬੱਚੇ
ਬੱਚਿਆਂ ਦੀਆਂ ਕਿਲਕਾਂ ਵਿਚ
ਹੈ ਭੁੱਖ ਕੋਈ ਜਾਗਦੀ
ਪਰ ਕਿੰਨੀ ਅਜ਼ੀਜ਼ ਹੈ
ਕੁਦਰਤ ਦੇ ਕਰੀਬ ਹੈ
ਦਿਲਾਂ ਦੀ ਹਬੀਬ ਹੈ
ਟੱਪਰੀਵਾਸਾਂ ਦੀ ਜ਼ਿੰਦਗੀ।

## ਭਰੂਣ-ਹੱਤਿਆ

ਮਾਂ ਤੇ ਧਰਤੀ ਇਕ ਸਮਾਨ
ਕੁੱਖਾਂ ਨੂੰ ਮਿਲਿਆ ਵਰਦਾਨ
ਕੁੱਖ ਦੀ ਮਿੱਟੀ ਵਿਚੋਂ ਉਪਜਣ
ਮਹਿਕਾਂ ਲੱਦੇ ਸਭ ਇਨਸਾਨ
ਜਿਸਮ, ਖ਼ੂਨ ਤੇ ਆਤਮਾ ਉਪਜੇ
ਕੁੱਖ ਤਾਂ ਹੈ ਰੱਬ ਦੇ ਸਮਾਨ

ਪਰ ਨਹੀਂ ਦੁਨੀਆਂ ਕਦਰਦਾਨ
ਕੁੱਖਾਂ ਦਾ ਹੁੰਦਾ ਅਪਮਾਨ
ਕੁੱਖ ਦੇ ਅੰਦਰ ਕੁੱਖ ਹੈ ਮਰਦੀ
ਕੁੱਖ ਹੀ ਕੁੱਖ ਦਾ ਬਣੇ ਸ਼ਮਸ਼ਾਨ
ਚੰਡੀ, ਕਾਲੀ ਤੇ ਸੀਤਾ ਦੀ ਧਰਤੀ
ਭਰੂਣ ਹੱਤਿਆ ਦਾ ਹੈ ਮੈਦਾਨ
ਆਉਣ ਨਰਾਤੇ ਕੰਜਕਾਂ ਪੂਜਣ
ਕੁੱਖ 'ਚ ਮੋਈ ਹੈ ਹੈਰਾਨ

ਆਪਣੀ ਧਰਤ ਤੋਂ ਬਾਗੀ ਹੋ ਕੇ
ਬ੍ਰਿਖ ਨਹੀਂ ਛੂੰਦੇ ਆਸਮਾਨ
ਝੱਖੜ ਤੇ ਤੂਫਾਨ ਪਏ ਆਵਣ
ਜੜ੍ਹਾਂ ਵਿਚ ਹੈ ਵਸਦੀ ਜਾਨ
ਕੁੱਖ ਵੀ ਜੜ੍ਹ ਜਿੰਨੀ ਮਹਾਨ
ਰੁੱਖ ਤੇ ਪੁੱਤ ਵੀ ਲੱਗਣ ਪਿਆਰੇ
ਧੀਆਂ ਨਾਲ ਵਿਹੜੇ ਦੀ ਸ਼ਾਨ
ਧੀ ਤਾਂ ਹੈ ਜੱਗ ਦਾ ਆਧਾਰ
ਧਰਤੀ ਜਿੰਨਾ ਬਖਸ਼ੋ ਮਾਣ।


# ਕਿੰਝ ਕਰੀਏ ਪ੍ਰੀਖਿਆ ਦੀ ਤਿਆਰੀ



ਪ੍ਰਮੋਦ ਧੀਰ
91-98550-31081

ਪ੍ਰੀਖਿਆਵਾਂ ਦਾ ਸਮਾਂ ਨਜ਼ਦੀਕ ਆਉਂਦਾ ਜਾ ਰਿਹਾ ਹੈ 'ਤੇ ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂ ਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਹੋਏ ਤਾਂ ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ-ਲਿਖਾਈ 'ਚ ਦਿਲ ਨਾਂ ਲੱਗਣਾ, ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ,ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ,ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਦੇ ਪੜ੍ਹਾਈ ਨੂੰ ਬੋਜ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਉ। ਪੜ੍ਹਨ ਨੂੰ ਆਪਣਾ ਸ਼ੌਂਕ ਬਣਾਉ। ਜੋ ਵਿਦਿਆਰਥੀ ਸ਼ੌਂਕ 'ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜਿੰਦਗੀ 'ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਪ੍ਰੀਖਿਆ ਦੀ ਤਿਆਰੀ ਲਈ ਸਭ ਤੋਂ ਜਰੂਰੀ ਕੰਮ ਹੈ ਟਾਈਮ ਟੇਬਲ ਬਣਾਉਣਾ। ਟਾਈਮ ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੇ। ਇਸ ਨੂੰ ਬਣਾਉਣ ਲਈ ਹੇਠਾਂ ਦਿੱਤੇ ਜਾ ਰਹੇ ਬਿੰਦੂਆਂ ਨੂੰ ਧਿਆਨ ਵਿੱਚ ਰੱਖੋ।





**ਆਪਣੇ ਰੋਜ਼ਾਨਾ ਦੇ ਰੁਟੀਨ ਤੇ ਇੱਕ ਦਿਨ ਦਾ ਸਰਵੇ ਕਰੋ:-**

ਇਸ ਦਾ ਮਤਲਬ ਹੈ ਕਿ ਪਹਿਲਾਂ ਤੁਸੀ ਆਪਣੇ ਰੋਜ਼ਾਨਾ ਦੇ ਕੰਮਾਂ 'ਤੇ ਨਰੀਖਣ ਕਰੋ ਤੇ ਪਤਾ ਕਰੋ ਕਿ ਤੁਸੀਂ ਕਿਹੜੇ ਕੰਮ ਕਰਦੇ ਹੋ ਜੋ ਮਹੱਤਵਪੂਰਨ ਹਨ ਤੇ ਮਹੱਤਵਪੂਰਨ ਨਹੀਂ ਹਨ,ਉਨ੍ਹਾਂ ਦੀ ਇੱਕ ਸੂਚੀ ਬਣਾਉ ਅਤੇ ਦਿਨ ਦੇ ਅੰਤਰ ਤੱਕ ਮਹੱਤਵਪੂਰਨ ਕੰਮਾਂ ਤੇ ਟਿਕ (ਧ) ਲਗਾਓ ਤੇ ਜੋ ਕੰਮ ਮਹੱਤਵਪੂਰਨ ਨਹੀਂ ਸਨ ਤੁਹਾਡੇ ਵੱਲੋਂ ਕੀਤੇ ਗਏ ਉਨ੍ਹਾਂ ਕੰਮਾਂ ਸਾਹਮਣੇ ਕਰਾਸ (×) ਦਾ ਨਿਸ਼ਾਨ ਲਗਾਉ। ਅਜਿਹੇ ਕੰਮਾਂ ਨੂੰ ਕਰਨ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਆਪਣੇ ਕਿਸ ਸਮੇਂ ਨੂੰ ਵਿਅਰਥ ਵਿੱਚ ਖਰਚ ਕੀਤਾ ਹੈ ਅਤੇ ਕਿਸ ਸਮੇਂ ਨੂੰ ਸਹੀ ਵਰਤਿਆ ਹੈ, ਦੁਆਰਾ ਸਮਾਂ ਵਿਅਰਥ ਕਰਨ ਤੋਂ ਬਚੋ। ਹੁਣ ਤੁਸੀਂ ਉਨ੍ਹਾਂ ਵਿਸ਼ਿਆਂ ਦੀ ਮੁੜ ਸੂਚੀ ਬਣਾਓ ਜੋ ਤੁਹਾਡੇ ਲਈ ਅਤੇ ਤੁਹਾਡੀ ਪੜ੍ਹਾਈ ਲਈ ਮਹੱਤਵਪੂਰਨ ਹਨ।

**ਆਪਣੇ ਅਧਿਐਨ ਲਈ ਕਮਜ਼ੋਰ ਤੇ ਸ਼ਕਤੀਸ਼ਾਲੀ ਵਿਸ਼ੇ ਚੁਣੋ:-**

ਇਸ ਗੱਲ ਨੂੰ ਹਰ ਵਿਦਿਆਰਥੀ ਚੰਗੀ ਤਰਾਂ ਸਮਝ ਸਕਦਾ ਹੈ ਕਿ ਉਹ ਹਰ ਵਿਸ਼ੇ ਵਿਚ ਕਮਜ਼ੋਰ ਨਹੀਂ ਹੁੰਦਾ। ਜੋ ਵਿਸ਼ੇ ਕਮਜ਼ੋਰ ਹਨ ਜਾਂ ਜਿਨ੍ਹਾਂ ਵਿਸ਼ਿਆਂ ਨੂੰ ਤੁਹਾਡੀ ਮਿਹਨਤ ਦੀ ਸਖਤ ਲੋੜ ਹੈ ਉਹਨਾਂ ਨੂੰ ਆਪਣੇ ਮਹੱਤਵਪੂਰਨ ਬਿੰਦੂਆਂ ਤੇ ਸਿਖਰ ਤੇ ਰੱਖੋ ਤੇ ਵੱਧ ਸਮਾਂ ਦਿਉ ,ਜਿੰਨਾਂ ਤੇ ਤੁਹਾਡੀ ਪਕੜ ਚੰਗੀ ਹੁਦੀ ਹੈ ਉਨ੍ਹਾਂ ਦਾ ਵੀ ਅਧਿਐਨ ਕਰਨਾ ਨਾਂ ਭੁੱਲੋ।

**ਸੁਚੱਜੀ ਪੜ੍ਹਾਈ ਲਈ ਬਣਾਓ ਟਾਈਮ ਟੇਬਲ:-**

ਹੁਣ ਲੋੜ ਹੈ ਤੁਹਾਨੂੰ ਟਾਈਮ ਟੇਬਲ ਦੀ ਚੋਣ ਕਰਨ ਦੀ,ਸਵੇਰੇ ਤੁਹਾਡੇ ਜਾਗਣ ਤੋਂ ਬਾਅਦ ਦੇ ਰੋਜ਼ਾਨਾ ਕੀਤੇ ਜਾ ਰਹੇ ਕੰਮਾਂ ਨੂੰ ਇਸ ਸੂਚੀ ਵਿਚ ਪਾਓ ਤੇ ਹਰ ਵਿਸ਼ੇ ਨੂੰ ਜ਼ਿਆਦਾ ਲੰਮੇ ਸਮੇਂ ਤੱਕ ਨਾਂ ਰੱਖੋ ਕਿਉਂਕਿ ਕਿਸੇ ਵਿਸ਼ੇ ਨੂੰ ਲਗਾਤਾਰ ਲੰਮੇ ਸਮੇਂ ਤੱਕ ਪੜ੍ਹਦੇ ਰਹਿਣ ਦੀ ਵਜ੍ਹਾ ਨਾਲ ਤੁਹਾਡਾ ਦਿਮਾਗ ਤਨਾਅਗ੍ਰਸਤ ਹੋ ਸਕਦਾ ਹੈ। ਇਸ ਲਈ ਪੜ੍ਹਾਈ ਦੇ ਵਿਸ਼ਿਆਂ ਨੂੰ ਸੂਚੀ ਵਿੱਚ 40 ਤੋਂ 50 ਮਿੰਟ ਤੱਕ ਦਾ ਹੀ ਸਮਾਂ ਦਿਓ।

**ਬ੍ਰੇਕ ਟਾਈਮ ਦੀ ਚੋਣ ਕਰੋ:**

ਹਰੇਕ 40-50 ਮਿੰਟ ਦੇ ਫਰਕ ਤੋਂ ਬਾਅਦ 5 ਤੋਂ 10 ਮਿੰਟ ਤੱਕ ਦੀ ਬ੍ਰੇਕ ਦਿਓ। ਇਸਦੀ ਵਜਾ ਨਾਲ ਤੁਸੀਂ ਖੁਦ ਨੂੰ ਮੁੜ ਤਰੋ ਤਾਜ਼ਾ ਜਾਂ ਹਲਕਾ ਮਹਿਸੂਸ ਕਰ ਸਕਦੇ ਹੋ।ਇਸੇ ਦੌਰਾਨ ਜੇਕਰ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ ਤਾਂ ਟੀ.ਵੀ ਆਦਿ ਦੇਖ ਸਕਦੇ ਹੋ, ਗਾਣਾ ਸੁਣ ਕੇ ਡਾਂਸ ਕਰ ਸਕਦੇ ਹੋ,ਤੁਸੀ ਖੁਦ ਲਈ ਚਾਹ ਜਾਂ ਕੌਫ਼ੀ ਤਿਆਰ ਕਰ ਸਕਦੇ ਹੋ। ਪੜ੍ਹਨ ਦੇ ਨਾਲ ਨਾਲ ਤੁਹਾਡੇ ਟਾਈਮ ਟੇਬਲ ਵਿਬ ਬ੍ਰੇਕ ਟਾਈਮ ਦਾ ਹੋਣਾ ਬਹੁਤ ਜਰੂਰੀ ਹੈ।

**ਘਰੇਲੂ ਕੰਮਾਂ ਦੀ ਸੂਚੀ ਬਣਾਓ:-**

ਇਹ ਜਰੂਰੀ ਨਹੀਂ ਕਿ ਤੁਸੀਂ ਧਾਰ ਹੀ ਲਓ ਕਿ ਪੜ੍ਹਾਈ ਅਤੇ ਸਿਰਫ ਪੜ੍ਹਾਈ ਲਈ ਹੀ ਟਾਈਮ ਟੇਬਲ ਵਿੱਚ ਸਮਾਂ ਕੱਢੋਗੇ। ਕੁਝ ਘਰੇਲੂ ਕੰਮਾਂ ਦਾ ਇਸ ਟੇਬਲ ਵਿਚ ਸ਼ਾਮਲ ਹੋਣਾ ਬਹੁਤ ਜਰੂਰੀ ਹੈ ਇਨ੍ਹਾਂ ਕੰਮਾਂ ਲਈ ਤੁਸੀਂ ਵੱਖ ਤੋਂ ਇੱਕ ਦਿਨ ਦਾ ਸਮਾਂ ਵੀ ਕੱਢ ਸਕਦੇ ਹੋ ਜਿਵੇਂ ਐਤਵਾਰ। ਇਸ ਦਿਨ ਪੂਰੇ ਦਿਨ ਤੁਸੀਂ ਚਾਹੋ ਤਾਂ ਆਪਣੇ ਹੋਰ ਜਰੂਰੀ ਕੰਮ ਨਿਪਟਾ ਸਕਦੇ ਹੋ ਜਿਵੇਂ ਬਜ਼ਾਰੋਂ ਸਮਾਨ ਖਰੀਦਣਾ, ਆਪਣੇ ਕੱਪੜੇ ਧੋਣਾ, ਜੁੱਤੇ ਪਾਲਿਸ਼ ਕਰਨਾ, ਕੱਪੜੇ ਪ੍ਰੈੱਸ ਕਰਨਾ, ਆਪਣੇ ਕਮਰੇ ਦੀ ਸਫ਼ਾਈ ਕਰਨਾ, ਕਿਤਾਬਾਂ ਨੂੰ ਸਹੀ ਢੰਗ ਨਾਲ ਰੱਖਣਾ ਆਦਿ। ਇਹ ਸਭ ਲਈ ਤੁਹਾਨੂੰ ਸਮਾਂ ਕੱਢਣਾ ਚਾਹੀਦਾ ਹੈ ਕਿਉਂਕਿ ਇਹ ਉਹ ਕੰਮ ਹੁੰਦੇ ਹਨ ਜੋ ਤੁਹਾਡੇ ਵਿਦਿਆਰਥੀ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।

**ਅੱਜ ਹੀ ਚੰਗੇ ਟਾਈਮ ਟੇਬਲ 'ਤੇ ਨਿਰਭਰ ਹੋਵੋ:-**

ਤੁਹਾਡਾ ਟਾਈਮ ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ ਟੇਬਲ ਦੇ ਅਨੁਸਾਰ ਕਰਨ ਦੀ। ਸੂਚੀ ਵਿਚ ਦਿੱਤੇ ਗਏ ਸਮੇਂ ਦੇ ਨਾਲ ਹੀ ਉਚਿਤ ਕੰਮ ਕਰਨ ਲਈ ਆਪਣੇ ਆਪ ਨੂੰ ਮਜਬੂਤ ਬਣਾਓ ਤੇ ਬਣਾਏ ਟਾਈਮ ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ ਟੇਬਲ ਵਿਚ ਫੇਰ ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਨ੍ਹਾਂ ਕੰਮਾਂ ਨੂੰ ਸੂਚੀ ਵਿਚ ਪਾ ਸਕਦੇ ਹੋ ਤੇ ਆਪਣੇ ਟਾਈਮ ਟੇਬਲ ਨੂੰ ਹੋਰ ਵੀ ਜ਼ਿਆਦਾ ਪ੍ਰਬਲ ਬਣਾ ਸਕਦੇ ਹੋ। ਇਸ ਤਰਾਂ ਉਪਰ ਦਿੱਤੇ ਗਏ ਤਰੀਕਿਆਂ ਨਾਲ ਤੁਸੀਂ ਬਹੁਤ ਹੀ ਆਸਾਨੀ ਨਾਲ ਇੱਕ ਟਾਈਮ ਟੇਬਲ ਬਣਾ ਸਕਦੇ ਹੋ। ਪ੍ਰੀਖਿਆ ਦਾ ਸੀਜਨ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦ ਉਪਯੋਗ ਕਰਦੇ ਹੋਏ ਪੜ੍ਹਾਈ ਕਰੇ। ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਸ ਸੁਝਾਅ ਰਾਹੀਂ ਜਰੂਰ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

# ਵੈਲੇਨਟਾਈਨ ‘ਤੇ ਵਿਸ਼ੇਸ਼



ਰਵਨਜੋਤ ਕੌਰ ਸਿੱਧੂ ਰਾਵੀ
ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ

ਨਿਊ ਯੀਅਰ’ ਦੇ ਤਿਉਹਾਰ ਵਾਂਗ ‘ਵੈਲੇਨਟਾਈਨ ਡੇ’ ਦਾ ਤਿਉਹਾਰ ਵੀ ਪੱਛਮ ਤੋਂ ਆਯਾਤ ਹੋਇਆ ਇੱਕ ਵੱਡਾ ਤਿਉਹਾਰ ਬਣਦਾ ਜਾ ਰਿਹਾ ਹੈ। ਇਹਦੇ ਪਿੱਛੇ - ਪਿੱਛੇ ਹੀ ਤੁਰੇ ਆ ਰਹੇ ਹਨ ‘ਫਾਦਰਜ਼ ਡੇ’ ਤੇ ‘ਮਦਰਜ਼ ਡੇ’ ਵਰਗੇ ਤਿਉਹਾਰ ਵੀ। ਕੁਝ ਕੁ ਸਾਲ ਪਹਿਲਾਂ ਤੱਕ ਸਾਡੇ ਦੇਸ਼ ਵਿੱਚ ‘ਵੈਲੇਨਟਾਈਨ ਡੇ’ ਦਾ ਕਿਸੇ ਨੂੰ ਪਤਾ ਤੱਕ ਨਹੀਂ ਸੀ। ਵੱਡੇ - ਵੱਡੇ ਸ਼ਹਿਰਾਂ ਤੋਂ ਕਾਲਜਾਂ ਵਿੱਚ ਤੇ ਕਾਲਜਾਂ ਤੋਂ ਸਕੂਲਾਂ ਰਾਹੀਂ ਹੁੰਦਾ - ਹੁੰਦਾ ਹੁਣ ਇਹ ਆਪਣੀ ਹੋਂਦ ਪਿੰਡਾਂ ਵਿਚ ਵੀ ਜਿਤਾਉਣ ਲੱਗ ਪਿਆ ਹੈ। ਕਿਵੇਂ ਖਪਤਕਾਰੀ ਮੰਡੀ ਅਤੇ ਖਾਸ ਕਰਕੇ ਕਾਰਡ ਵੇਚਣ ਵਾਲੀਆਂ ਕੰਪਨੀਆਂ ਮਸ਼ਹੂਰੀ ਕਰਨ ਵਾਲੀਆਂ ਏਜੰਸੀਆਂ ਦੀ ਮਦਦ ਨਾਲ ਕਿਸੇ ਨਿੱਕੇ ਜਿਹੇ ਦਿਨ ਨੂੰ ਇੱਕ ਵੱਡੇ ਤਿਉਹਾਰ ਦਾ ਰੂਪ ਦੁਆ ਸਕਦੀਆਂ ਹਨ, ‘ਵੈਲੇਨਟਾਈਨ ਡੇ’ ਇਸ ਗੱਲ ਦਾ ਇਕ ਪ੍ਰਤੱਖ ਸਬੂਤ ਹੈ।

ਪਰ ਵੈਲੇਨਟਾਈਨ ਡੇਅ ਮਨਾਉਣ ਦਾ ਸੱਚ ਕਿ ਬਹੁਤੇ ਲੋਕਾਂ ਨੂੰ ਨਹੀ ਪਤਾ ਹੋਣਾ। ਵੈਲੇਨਟਾਈਨ ਡੇਅ 14 ਫਰਵਰੀ ਨੂੰ ਦੁਨੀਆਂ ਦੇ ਇੰਨੀ ਦੇਸ਼ਾਂ, ਵਿੱਚ ਮੰਨਾਇਆ ਜਾਂਦਾ ਹੈ। ਅਸਲ ਵਿੱਚ 14ਫਰਵਰੀ ਨੂੰ ਸੰਨ 273 ਦੇ ਦਿਨ ਰੋਮ ਰਾਜੇ ਕਲੌਡੀਅਸ ਨੇ ਪਾਦਰੀ ਵੈਲਨਟਾਈਨ ਦਾ ਸਿਰ ਧੜ ਤੋ ਅੱਲਗ ਕਰਨ ਦੀ ਸਜ਼ਾ ਏ ਮੌਤ ਦਿੱਤੀ ਸੀ।

ਰੋਮ ਦਾ ਰਾਜਾ ਇੱਕ ਵੱਡੀ ਫੌਜ ਬਣਾਉਣੀ ਚਾਹੁੰਦਾ ਸੀ ਪਰ ਲੋਕ ਫੌਜ ਵਿੱਚ ਭਰਤੀ ਨਹੀ ਹੌਣਾ ਚਾਹੁੰਦੇ ਸਨ। ਰਾਜੇ ਕਲੌਡੀਅਸ ਨੂੰ ਖਿਆਲ ਸੀ ਕਿ ਲੋਕ ਆਪਣੀਆਂ ਪਤਨੀਆਂ ਤੇ ਪਰਿਵਾਰ ਦੇ ਮੋਹ ਪਿਆਰ ਦੇ ਕਰਨ ਫੌਜ ਵਿੱਚ ਭਰਤੀ ਨਹੀ ਹੁੰਦੇ। ਇਸ ਲਈ ਉਸ ਨੇ ਮੰਗਣੀ, ਵਿਆਹ ਤੇ ਪਾਬੰਦੀ ਲਾ ਦਿੱਤੀ । ਕ੍ਰਿਸਚਿਨਾਂ ਉੱਤੇ ਬਹੁਤ ਜ਼ੁਲਮ ਤਸ਼ਦੱਦ ਢਾਹੇ ਜਾਂਦੇ ਸਨ। ਕ੍ਰਿਸਚਿਨ ਰੀਤੀ -ਰਿਵਾਜ਼ਾਂ ਉੱਤੇ ਪਾਬੰਦੀਆਂ ਲਗਾਈਆਂ ਗਈਆਂ। ਜੋ ਵੀ ਇਹਨਾਂ ਹੁਕਮਾਂ ਦੀ ਉਲੰਘਣਾ ਕਰਦਾ ਉਸ ਨੂੰ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਂਦੀਆਂ। ਇਸ ਲਈ ਪਾਦਰੀ ਵੈਲੇਨਟਾਈਨ ਨੇ ਸ਼ਾਸ਼ਕ ਕਲੋਡਿਅਸ ਦੁਆਰਾ ਕੀਤੇ ਜ਼ੁਲਮਾਂ ਦੇ ਖਿਆਫ਼ ਆਵਾਜ਼ ਬੁਲੰਦ ਕੀਤੀ। ਕ੍ਰਿਸਚੀਅਨ ਰੀਤੀ -ਰਿਵਾਜਾਂ ਨੂੰ ਉਤਸਾਹ ਦਿੱਤਾ ਗਿਆ , ਜਿਸ ਵਿੱਚ ਕ੍ਰਿਸਚੀਅਨ ਰੀਤਾਂ ਅਨੁਸਾਰ ਚੋਰੀ ਚੋਰੀ ਵਿਆਹ ਵੀ ਕੀਤੇ ਜਾਣ ਲੱਗੇ। ਪਾਦਰੀ ਵੈਲੇਨਟਾਈਨ ਹੁਕਮਰਾਨਾਂ ਦੇ ਜ਼ੁਲਮਾਂ ਦੇ ਸ਼ਿਕਾਰ ਹੋਏ ਲੋਕਾਂ ਦੀ ਮਾਲੀ ਤੇ ਰੂਹਾਨੀ ਮਦਦ ਕਰਦੇ। ਆਖਰ ਇਸ ਗੱਲ ਦਾ ਕਲੋਡਿਅਸ ਨੂੰ ਪਤਾ ਲੱਗ ਗਿਆ ਉਸ ਨੇ ਪਾਦਰੀ ਵੈ-ਲੇਨਟਾਈਨ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਪੱਥਰ ਮਾਰ-ਮਾਰ ਕੇ ਮਾਰਨ ਦੀ ਸਜ਼ਾ ਦਿੱਤੀ ਗਈ। ਪਰ ਜਦੋਂ ਪਾਦਰੀ ਵੈਲੇਨਟਾਈਨ ਦੀ ਇਸ ਤਰਾਂ ਮੌਤ ਨਾ ਹੋ ਸਕੀ ਤਾਂ 14ਫਰਵਰੀ ਨੂੰ ਉਹਨਾਂ ਦਾ ਸਿਰ ਧੜ ਤੋਂ ਅੱਲਗ ਕਰ ਦਿੱਤਾ ਗਿਆ। ਕ੍ਰਿਸਚਿਨਾਂ ਦੇ ਅਨੁਸਾਰ ਉਹਨਾਂ ਨੇ ਕ੍ਰਿਸਚਿਨਾਂ ਰੀਤੀ -ਰਿਵਾਜਾਂ ਅਤੇ ਸੱਭਿਆਚਾਰ ਦੀ ਰਾਖੀ ਲਈ ਕਰਦਿਆਂ ਜ਼ੁਲਮਾਂ ਦੇ ਵਿਰੋਧ ਦੀ ਆਵਾਜ਼ ਬੁਲੰਦ ਕਰਦਿਆਂ ਸ਼ਹਾਦਤ ਦਿੱਤੀ। ਮਰਨ ਦੇ ਮਗਰੋਂ ਉਹਨਾਂ ਨੂੰ ਸੰਤ ਦਾ ਰੁਤਬਾ ਦਿੱਤਾ ਗਿਆ।

ਇੱਕ ਹੋਰ ਲੋਕ ਕਥਾ ਅਨੁਸਾਰ ਜਦੋਂ ਪਾਦਰੀ ਵੈਲੇਨਟਾਈਨ ਜੇਲ ਵਿੱਚ ਬੰਦ ਸਨ ਤਾਂ ਉਹਨਾਂ ਦੀ ਮੁਲਕਾਤ ਜੇਲਰ ਦੀ ਅੰਨੀ ਧੀ ਨਾਲ ਹੁੰਦੀ ਹੈ। ਵੈਲੇਨਟਾਈਨ ਨੂੰ ਉਸ ਨਾਲ ਪਿਆਰ ਹੋ ਜਾਂਦਾ ਹੈ । ਜੇਲਰ ਦੀ ਕੁੜੀ ਪ੍ਰੀ ਵੈਲੇਨਟਾਈਨ ਦੇ ਸੱਚੇ ਪਿਆਰ ਤੇ ਅਟੁੱਟ ਵਿਸ਼ਵਾਸ ਨੇ ਅਜਿਹਾ ਜਾਦੂ ਕੀਤਾ ਕਿ ਉਸ ਕੁੜੀ ਦੀਆਂ ਅੱਖਾਂ ਦੀ ਰੋਸ਼ਨੀ ਪਰਤ ਆਈ। ਵੈਲੇਨਟਾਈਨ ਦੇ ਮਾਰੇ ਜਾਣ ਤੋਂ ਪਹਿਲਾਂ ਉਸ ਕੁੜੀ ਦੇ ਨਾਮੇ ਇੱਕ ਖਤ ਲਿਖਿਆ ਸੀ " ਤੇਰੇ ਵੈਲੇਨਟਾਈਨ ਵਲੋਂ ਤੈਨੂੰ ਪਿਆਰ " ਉਦੋਂ ਤੋਂ ਹੀ 14ਫਰਵਰੀ ਪਿਆਰ ਦਿਵਸ ਦੇ ਰੂਪ ਵਿੱਚ ਮੰਨਿਆ ਜਾਣ ਲੱਗਿਆ।

14ਫਰਵਰੀ ਭਾਵ ਵੈਲੇਨਟਾਈਨ ਨੂੰ ਲੈ ਕੇ ਇੱਕ ਹੋਰ ਵੀ ਘਟਨਾ ਪ੍ਰਚਲਿਤ ਹੈ। ਪੇਗਨ ਦੇ ਲੋਕ ਰੱਬ, ਧਰਮ ਤੇ ਵਿਸ਼ਵਾਸ ਨਾਂਹ ਰੱਖਣ ਵਾਲੇ ਲੋਕ ਇਸ ਦਿਨ ਨੂੰ ਫ਼ੀਸਟ ਆਫ਼ ਲੂਪਰਕੈਲੀਆ ਦੇ ਨਾਂ ਨਾਲ ਪਿਆਰ ਦੇ ਤਿਉਹਾਰ ਵਜੋਂ ਮਨਾਉਦੇ ਸਨ। ਫਿਰ ਲੋਕ ਇਸ ਨੂੰ ਨਾਸਤਕਾਂ ਦਾ ਦਿਨ ਸਮਝ ਕੇ ਮਨਾਉਣ ਲੱਗ ਪਏ। 496 ਵਿੱਚ ਪੋਪ ਗੇਲਾਸੀਅਸ ਨੇ ਇਸ ਦਿਨ ਨੂੰ ਸੇਂਟ ਵੈਲੇਨਟਾਈਨ ਦਿਨ ਵਜੋਂ ਮਨਾਉਣਾ ਸ਼ੁਰੂ ਕੀਤਾ ਤਾਂ ਜੋ ਲੋਕ ਨਾਸਤਕਾਂ ਦਾ ਦਿਨ ਨਾਂਹ ਮਨਾਇਆ ਕਰਨ । ਇਸ ਦਿਨ ਸੇਂਟ ਐਂਗਲੀਕਨ ਫਿਰਕੇ ਦੀ ਸਰਕਾਰੀ ਛੁੱਟੀ ਹੁੰਦੀ ਹੈ ਹੁਣ ਕਈ ਹੋਰ ਚਰਚ ਵੀ ਇਸ ਦਿਨ ਨੂੰ ਮਾਨਤਾ ਦਿੰਦੇ ਹਨ। ਜਿਵੇਂ ਲੂਬਰਨ ਚਰਚ, ਈਸਟਰਨ ਚਰਚ।

ਵੈਲੇਨਟਾਈਨ ਦਾ ਦਿਨ ਸੰਸਾਰ ਵਿੱਚ ਵੱਖ ਵੱਖ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਜਿਵੇਂ ਇਟਲੀ ਵਿੱਚ ਵਿਆਹ ਯੋਗ ਲੜਕੀ ਖਿੜਕੀ ਦੇ ਕੋਲ ਬਹਿ ਕੇ ਆਪਣੇ ਜੀਵਨ ਸਾਥੀ ਦਾ ਇੰਤਜ਼ਾਰ ਕਰਦੀਆਂ ਹਨ ਅਤੇ ਸਭ ਤੋਂ ਪਹਿਲਾਂ ਉਹ ਜਿਸ ਨੂੰ ਵੇਖਦੀਆਂ ਹਨ ਉਸ ਨਾਲ ਇੱਕ ਸਾਲ ਦੇ ਅੰਦਰ ਅੰਦਰ ਵਿਆਹ ਕਰਵਾ ਲੈਂਦੀਆ ਹਨ।

ਜਰਮਨੀ ਵਿੱਚ ਇਸ ਦਿਨ ਕੁੜੀਆਂ ਗਮਲੇ ਵਿੱਚ ਪਿਆਜ਼ ਬੀਜਦੀਆਂ ਹਨ। ਪਰ ਪਿਆਜ਼ ਨੂੰ ਉਹ ਕਿਸੇ ਨੌਜਵਾਨ ਦਾ ਨਾਂ ਦੇ ਕੇ ਅੱਗ ਦੇ ਨੇੜੇ ਰੱਖ ਦਿੰਦੀਆ ਹਨ। ਜਿਸ ਗਮਲੇ ਵਿੱਚ ਪਿਆਜ਼ ਸਭ ਤੋਂ ਪਹਿਲਾਂ ਫੁੱਟਦਾ ਹੈ ਉਸੇ ਨਾਮ ਵਾਲਾ ਨੌਜਵਾਨ ਉਸ ਕੁੜੀ ਦਾ ਸੱਚਾ ਜੀਵਨ ਸਾਥੀ ਹੁੰਦਾ ਹੈ।

ਬਾਕੀਆਂ ਦੇਸ਼ਾਂ ਜਿਵੇ ਅਮਰੀਕਾ, ਇੰਗਲੈਂਡ, ਕਨੇਡਾ, ਤੇ ਹੁਣ ਭਾਰਤ ਵਿੱਚ ਵੀ ਲੋਕ ਆਪਣੇ ਸੱਜਣ ਬੇਲੀਆ , ਰਿਸ਼ਤੇਦਾਰਾਂ , ਜੀਵਨ ਸਾਥੀਆਂ ਨੂੰ ਵੈਲੇਨਟਾਈਨ ਗਿਫਟ ਕਾਰਡ ਦਿੰਦੇ ਹਨ।

ਪਰ ਅੱਜ ਵੈਲੇਨਟਾਈਨ ਡੇਅ ਉੱਤੇ ਕੇਵਲ ਅਸ਼ਲੀਲਤਾ ਤੋਂ ਇਲਾਵਾ ਕੁਝ ਹੋਰ ਦੇਖਣ ਨੂੰ ਮਿਲਦਾ ਨਹੀ ਹੈ। ਲੋਕਾਂ ਦੀ ਧੀਆਂ ਭੈਣਾ ਨਾਲ ਛੇੜ ਖਾਨੀ ਕੀਤੀ ਜਾਂਦੀ ਹੈ।

ਸਮਾਜ ਤੇ ਸੱਭਿਆਚਾਰ ਨੂੰ ਗੰਦਾ ਕੀਤਾ ਜਾਂਦਾ ਹੈ। ਵੈਲੇਨਟਾਈਨ ਮਨਾਉਣ ਵਾਲਿਆਂ ਨੂੰ ਇਸ ਦਿਨ ਦੀ ਸ਼ੁਰੂਆਤ ਕਿਵੇ ਹੋਈ ਇਸ ਦਿਨ ਦਾ ਮੱਹਤਵ ਕੀ ਹੈ ਇਹ ਪਤਾ ਨਹੀ ਹੁੰਦਾ।



# ਜ਼ਿੰਦਗੀ ਦੇ ਰੁਝੇਵਿਆਂ ’ਚੋਂ ਪਰਿਵਾਰ ਲਈ ਤੇ ਹਾਸੇ ਮਜਾਕ ਲਈ ਵੀ ਸਮਾਂ ਕੱਢੋ



ਨੀਨਾ ਧੀਰ
neenamoga@gmail.com

ਇਨਸਾਨ ਨੂੰ ਆਪਣੀ ਜਿੰਦਗੀ ਦੇ ਰੁਝੇਵਿਆਂ ਵਿਚੋਂ ਆਪਣੇ ਪਰਿਵਾਰ ਲਈ ਅਤੇ ਹਾਸੇ ਮਜਾਜ ਲਈ ਵੀ ਜਰੂਰ ਸਮ੍ਹਾਂ ਕੱਢਣਾ ਚਾਹੀਦਾ ਹੈ। ਅੱਜ ਹਰ ਇੱਕ ਵਿਅਕਤੀ ਦੀ ਜ਼ਿੰਦਗੀ ਰੁਝੇਵਿਆ ਭਰੀ ਹੋ ਗਈ ਹੈ ਤੇ ਸਾਰੇ ਆਪਣੇ ਕੰਮਾਂ ਕਾਜਾਂ ਲਈ ਭੱਜ ਦੌੜ ਕਰ ਰਹੇ ਹਨ। ਕਿਉਕਿ ਭੌਤਿਕਵਾਦ ਦਾ ਅਸਰ ਹਰ ਇੱਕ ਮਨੁੱਖ ਉਪਰ ਹੈ ਹਰ ਕੋਈ ਇੱਕ ਦੂਸਰੇ ਤੋਂ ਧੰਨ ਦੌਲਤ, ਐਸ਼ੋ ਆਰਾਮ ਤੇ ਸੁੱਖ ਸਹੂਲਤ ਦਾ ਆਨੰਦ ਮਾਨਣ ਵਿੱਚ ਅੱਗੇ ਰਹਿਣਾ ਚਾਹੁੰਦਾ ਹੈ। ਕਿਸੇ ਕੋਲ ਬੈਠਣ, ਗੱਲਾਂ ਕਰਨ, ਦੁੱਖ ਸੁੱਖ ਵੰਡਣ ਤੇ ਹਾਸਾ ਠੱਠਾ ਕਰਨ ਦਾ ਸਮਾਂ ਹੀ ਨਹੀਂ ਰਿਹਾ ਇੱਥੋਂ ਤੱਕ ਕੇ ਅਸੀਂ ਆਪਣੇ ਘਰ-ਪਰਿਵਾਰ,ਬਜੁਰਗਾਂ, ਯਾਰਾਂ ਦੋਸਤਾ ਤੇ ਰਿਸ਼ਤੇਦਾਰਾ ਲਈ ਵੀ ਸਮਾਂ ਨਹੀਂ ਕੱਢ ਪਾਉਦੇ।

ਇਸ ਸਭ ਕੁਝ ਦੇ ਚਲਦੇ- ਲੋਕ ਆਪਣੇ ਆਪ ਵਿੱਚ ਬਹੁਤ ਪ੍ਰੇਸ਼ਾਨ ਰਹਿਣ ਲੱਗ ਪਏ ਹਨ। ਕਿਸੇ ਨੂੰ ਨੌਕਰੀ ਦੀ ਚਿੰਤਾ, ਕਿਸੇ ਨੂੰ ਆਪਣੇ ਅਹੁਦੇ ਸੰਭਾਲ ਦੀ , ਕਿਸੇ ਨੂੰ ਸੱਤਾ ਪ੍ਰਾਪਤ ਜਾਂ ਸੱਤਾ ਖੁਸ ਜਾਣ ਦੀ ਚਿੰਤਾ। ਕੋਈ ਬਹੁਤ ਗਰੀਬ ਹੈ ਤੇ ਕੋਈ ਰਿਸ਼ਤਿਆਂ ਨੂੰ ਲੈ ਕੇ ਬਹੁਤ ਪ੍ਰੇਸ਼ਾਨ ਹੈ। ਇਹਨਾਂ ਕਾਰਨਾ ਕਰਕੇ ਦਿਮਾਗ ਓਵਰ ਲੋੜ ਹੋ ਜਾਂਦਾ ਹੈ ਤੇ ਇਨਸਾਨ ਡਿਪਰੈਸ਼ਨ ਵਿੱਚ ਚਲਾ ਜਾਂਦਾ ਹੈ।

ਇਹਨਾਂ ਗੱਲਾਂ ਕਾਰਨ ਇਨਸਾਨ ਆਪਣੇ ਆਪ ਤੋਂ ਹੀ ਦੁਖੀ ਹੋਣ ਲੱਗਦਾ ਹੈ। ਅੱਜ ਹਰ ਇਨਸਾਨ ਦੇ ਚਿਹਰਾ ਤੇ ਉਦਾਸੀ ਹੈ। ਟੁੱਟਦੇ ਰਿਸ਼ਤੇ, ਬਿਖਰਦੇ ਪਰਿਵਾਰਾ ਦੀ ਸਮੱਸਿਆ ਅੱਜ-ਕੱਲ੍ਹ ਹਰ ਇੱਕ ਘਰ ਦੀ ਸਮੱਸਿਆ ਬਣ ਗਈ ਹੈ। ਪੈਸੇ ਦੀ ਝੂਠੀ ਚਮਕ ਨੇ ਹਰ ਕਿਸੇ ਨੂੰ ਆਪਣਿਆ ਤੋਂ ਵੱਖ ਤੇ ਦੂਰ ਕਰਕੇ ਰੱਖ ਦਿੱਤਾ। ਹਰ ਇੱਕ ਦੀ ਸੋਚ ਆਪਣੇ ਫਾਇਦੇ ਤੱਕ ਹੀ ਸੀਮਤ ਰਹਿ ਗਈ ਹੈ, ਜਿਸ ਕਾਰਨ ਲੋਕ ਇੱਕ ਦੂਜੇ ਨਾਲ ਹਾਸਾ ਠੱਠਾ ਜਾਂ ਮਜ਼ਾਕ ਕਰਨਾ ਹੀ ਭੁੱਲ ਗਏ ਹਨ ਤੇ ਨਾ ਹੀ ਇੱਕ ਦੂਜੇ ਨਾਲ ਦਿਲ ਦੀ ਗੱਲ ਸਾਂਝੀ ਕਰਦੇ ਹਨ। ਬੱਸ ਇੱਕ ਹੀ ਉਦੇਸ਼ ਰਹਿ ਜਾਂਦਾ ਹੈ ਕਿ ਮੈਂ ਦੂਜੇ ਤੋਂ ਵੱਧ ਅਮੀਰ ਹੋ ਜਾਵਾ।

ਜ਼ਿੰਦਗੀ ਦੀ ਵਧਦੀ ਉਥਲ-ਪੁਥਲ ਨੇ ਦੂਜਿਆ ਨਾਲ ਕੀ ਆਪਣੇ ਆਪ ਨਾਲ ਵੀ ਗੱਲ ਕਰਨ ਜੋਗਾ ਨਹੀਂ ਛੱਡਿਆ ਇਨਸਾਨ ਨੂੰ। ਇਹ ਮੰਨਿਆ ਜਾਂਦਾ ਹੈ ਕਿ ਖੁੱਲ ਕੇ ਹੱਸਣਾ ਸਾਡੇ ਜੀਵਨ ਤੇ ਸਿਹਤ ਲਈ ਸਭ ਤੋਂ ਉੱਤਮ ਹੈ। ਇਸ ਦੇ ਨਾਲ ਦਿਮਾਗੀ ਥਕਾਵਟ ਘੱਟ ਜਾਂਦੀ ਹੈ। ਖ਼ੂਨ ਵਿੱਚ ਵਾਧਾ ਹੁੰਦਾ ਹੈ ਅਤੇ ਸਰੀਰ ਨੂੰ ਅਨਰਜ਼ੀ ਪ੍ਰਾਪਤ ਹੁੰਦੀ ਹੈ। ਪਰ ਜ਼ਿੰਦਗੀ ਵਿੱਚ ਹੁਣ ਇਹ ਸਭ ਚੀਜ਼ਾ, ਅਸੀ ਮਜਬੂਰਨ ਕਸਰਤ ਰਾਹੀ ਪ੍ਰਾਪਤ ਕਰਦੇ ਹਾਂ। ਪੈਸੇ ਅਤੇ ਰੁਤਬੇ ਦੇ ਘਮੰਡ ਨੇ ਲੋਕਾਂ ਦਾ ਹਾਸਾਂ ਹੀ ਗਾਇਬ ਕਰ ਦਿੱਤਾ ਹੈ, ਕਿਸੇ ਦੇ ਦੁਖ ਦਰਦ ਨਾਲ ਕਿਸੇ ਨੂੰ ਕੋਈ ਵਾਸਤਾ ਨਹੀਂ ਰਹਿ ਜਾਂਦਾ।

ਪੁਰਾਣੇ ਸਮਿਆਂ ਵਾਲੇ ਵਿਆਹ ਸ਼ਾਦੀਆ ਵਿੱਚ ਹੋਣ ਵਾਲੇ ਹੱਸੀ ਮਜ਼ਾਕ ਗੁਆਚ ਚੁੱਕੇ ਹਨ। ਬਸ ਲੋਕਾਂਚਾਰੀ ਅਤੇ ਖਾਨਾ ਦੀ ਰਸਮ ਹਰ ਇਨਸਾਨ ਨਿਭਾ ਰਹੇ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਇੱਕ ਅਜਿਹਾ ਸ਼ਾਹੂਕਾਰ ਦੇਖਿਆ ਹੈ ਜੋ ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਅਤੇ ਰਾਤ ਤੱਕ ਆਪਣੇ ਕਾਰੋਬਾਰ ਵਿੱਚ ਵਿਆਸਤ ਰਹਿੰਦਾ ਹੈ, ਉਸਨੂੰ ਆਪਣੇ ਬੱਚਿਆ ਦੀ ਉਮਰ ਜਾਂ ਪੜ੍ਹਾਈ ਲਿਖਾਈ ਤੇ ਹੋਰ ਘਰੇਲੂ ਕੰਮਾਂ ਦੀ ਕੋਈ ਜਾਣਕਾਰੀ ਨਹੀਂ ਹੈ ਨਾ ਹੀ ਆਪਣੇ ਪਰਿਵਾਰ ਨੂੰ ਸਮਾਂ ਦੇ ਪਾਉਦਾ ਹੈ, ਫਿਰ ਕੀ ਲੈਣਾ ਐਸੀ ਸ਼ਹੋਰਤ ਤੋਂ ਜੋ ਸਾਡਾ ਪਰਿਵਾਰਕ ਆਨੰਦ ਹੀ ਖ਼ਤਮ ਕਰ ਦੇਵੇ, ਇਨਸਾਨ ਨੂੰ ਆਪਣੇ ਆਉਣ ਵਾਲੇ ਕੱਲ੍ਹ ਦਾ ਪਤਾ ਨੀ, ਪਰ ਕੱਲ੍ਹ ਦੀ ਚਿੰਤਾਂ ਕਾਰਨ ਅੱਜ ਨੂੰ ਆਪਣੇ ਹੱਥੋਂ ਕੱਢ ਰਿਹਾ ਹੈ।

ਸਾਡੇ ਕੋਲ ਮੰਨੋਰੰਜਨ ਦੇ ਸਾਧਨ ਤਾਂ ਹਨ ਪਰ ਇਹਨਾਂ ਨੂੰ ਵਰਤਣ ਦਾ ਸਮਾਂ ਨਹੀਂ। ਨਿੱਜੀ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਜੋੜ ਤਾਂ ਰਹੇ ਹਾਂ ਪਰ ਉਸਨੂੰ ਵਰਤ ਨਹੀਂ ਪਾਉਦੇ ਸਮੇਂ ਦੀ ਘਾਟ ਕਾਰਨ, ਜਦ ਕਿ ਇਸ ਦੇ ਉਲਟ ਹੋਣਾ ਚਾਹੀਦਾ ਹੈ। ਜੇਕਰ ਕੋਈ ਕਿਸੇ ਨੂੰ ਨਿੱਕਾ ਜਿਹਾ ਮਜ਼ਾਕ ਕਰ ਦੇਵੇ ਤਾਂ ਗੱਲ ਲੜਾਈ ਝਗੜੇ ਤੱਕ ਪਹੁੰਚ ਜਾਂਦੀ ਹੈ। ਜਿਸ ਕਾਰਨ ਇਨਸਾਨ ਆਪਣੇ ਹੀ ਸਮਾਜ ਦੇ ਲੋਕਾਂ ਤੋਂ ਦੂਰ ਹੋ ਜਾਂਦਾ ਹੈ। ਡਾਕਟਰਾਂ ਮੁਤਾਬਿਕ ਹੱਸਣਾ ਸਰੀਰ ਲਈ ਬਹੁਤ ਲਾਭਦਾਇਕ ਹੈ। ਇਸ ਨਾਲ ਅਨੇਕਾਂ ਸੂਖ਼ਮ ਨਾ ਦਿਸਣ ਵਾਲੀਆਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ।

ਅਕਸਰ ਜਾਗਰੂਕ ਲੋਕ ਸਵੇਰ ਦੀ ਕਸਰਤ ਸਮੇਂ ਨਕਲੀ ਹਾਸੇ ਦਿਖਾਈ ਦਿੰਦੇ ਹਨ। ਸਮੇਂ ਦੀ ਲੋੜ ਹੈ ਹਾਸ-ਰਾਸ ਤੇ ਚੁਟਕਲਿਆਂ ਦੀਆਂ ਕਿਤਾਬਾਂ ਵੱਧ ਤੋਂ ਵੱਧ ਪੜ੍ਹੀਆਂ ਜਾਣ ਟੈਲੀਵਿਜ਼ਨ ਤੇ ਹਾਸਿਆ ਵਾਲੇ ਪ੍ਰੋਗਰਾਮ ਦੇਖੇ ਜਾਣ। ਘਰਾਂ ਪਰਿਵਾਰਾਂ ਵਿੱਚ ਅਸਲੀ ਹਾਸਾਂ ਹੱਸਿਆ ਜਾਵੇ। ਆਪਣੀ ਜੀਵਨ ਸ਼ੈਲੀ ਨੂੰ ਬਦਲਿਆ ਜਾਵੇ ਤੇ ਬੱਚਿਆ ਦੇ ਬਹੁਪੱਖੀ ਵਿਕਾਸ ਲਈ ਉਹਨਾਂ ਨੂੰ ਹਾਸੇ ਤੇ ਮਨੋਰੰਜਨ ਨਾਲ ਜੋੜਿਆ ਜਾਵੇ। ਯਾਰਾਂ ਦੋਸਤਾਂ ਨਾਲ ਮਜ਼ਾਕ ਕੀਤਾ ਜਾਵੇ ਪਰ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚੇ। ਇਸ ਉੱਦਮ ਨਾਲ ਖ਼ੁਸ਼ ਨੁਮਾ ਜ਼ਿੰਦਗੀ ਤੇ ਖ਼ੁਸ਼ ਨੁਮਾ ਸਮਾਜ ਦੀ ਸਿਰਜਨਾ ਹੋਵੇਗੀ।

ਇਸਦੇ ਨਾਲ ਹੀ ਜਿਸ ਤਰ੍ਹਾਂ ਅਸੀਂ ਆਪਣੇ ਪਰਿਵਾਰ ਲਈ ਦਿਨ ਰਾਤ ਮਿਹਨਤ ਕਰਕੇ ਪਾਲਣ ਪੋਸ਼ਣ ਕਰਦੇ ਹਾਂ ਉਸ ਪਰਿਵਾਰ ਲਈ ਭਾਵ ਬੱਚਿਆਂ, ਬਜੁਰਗਾਂ ਆਦਿ ਲਈ ਵੀ ਜਰੂਰ ਕੁਝ ਸਮਾਂ ਕੱਢਣਾ ਚਾਹੀਦਾ ਹੈ ਤਾਂ ਕਿ ਪਰਿਵਾਰ ਦਾ ਪੂਰਾ ਆਨੰਦ ਪ੍ਰਾਪਤ ਕਰ ਸਕੀਏ।

# ਕਿਸਾਨਾਂ ਦੀ ਟਰੈਕਟਰ ਰੈਲੀ ਨੇ ਮੋਦੀ ਸਰਕਾਰ ਦੀਆਂ ‘ਚੂਲਾਂ’ ਹਿਲਾ ਦਿੱਤੀਆਂ

**(ਸਫਾ 6 ਦੀ ਬਾਕੀ)**

ਦਿੱਤਾ ਹੈ ਕਿ ਭਾਵੇਂ ਇਸ ਅੰਦੋਲਨ ਨੂੰ ਖਦੇੜਨ ਲਈ ਸਰਕਾਰੀ ਤੰਤਰ ਦਾ ਟਿੱਲ ਲੱਗਾ ਹੋਇਆ ਹੈ ਪਰ ਉਨ੍ਹਾਂ ਦੀ ਅਗਲੀ ਰਣਨੀਤੀ ਸਰਕਾਰ ਨੂੰ ਹੋਰ ਖਿੱਚ ਪਾਉਣ ਵਾਲੀ ਹੋਵੇਗੀ।

ਯਾਦ ਰਹੇ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਨੇ ਪਿਛਲੇ 2 ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਡੇਰੇ ਲਾਏ ਹੋਏ ਹਨ। ਇਸ ਸਬੰਧੀ ਕੇਂਦਰ ਸਰਕਾਰ ਨਾਲ ਕਿਸਾਨ ਜਥੇਬੰਦੀਆਂ ਦੀਆਂ 11 ਵਿਸਥਾਰਤ ਮੀਟਿੰਗਾਂ ਹੋ ਚੁੱਕੀਆਂ ਹਨ। ਕੇਂਦਰੀ ਮੰਤਰੀ ਇਨ੍ਹਾਂ ਕਾਨੂੰਨਾਂ ਵਿਚ ਲੋੜ ਅਨੁਸਾਰ ਸੋਧਾਂ ਕਰਨ ਲਈ ਤਾਂ ਤਿਆਰ ਹੋ ਗਏ ਹਨ ਅਤੇ ਇਥੋਂ ਤੱਕ ਕਿ ਉਨ੍ਹਾਂ ਨੂੰ ਡੇਢ ਸਾਲ ਤੱਕ ਇਨ੍ਹਾਂ ਕਾਨੂੰਨਾਂ ਦੇ ਅਮਲ ’ਤੇ ਰੋਕ ਲਗਾਉਣ ਅਤੇ ਇਨ੍ਹਾਂ ਸਬੰਧੀ ਇਕ ਪ੍ਰਤੀਨਿਧੀ ਕਮੇਟੀ ਬਣਾਉਣ ਦਾ ਵੀ ਸੁਝਾਅ ਦਿੱਤਾ ਸੀ।

ਇਸ ਸੁਝਾਅ ਨੂੰ ਕਿਸਾਨ ਜਥੇਬੰਦੀਆਂ ਨੇ ਨਕਾਰ ਦਿੱਤਾ ਸੀ, ਜਿਸ ਕਰਕੇ ਦੋਵਾਂ ਧਿਰਾਂ ਵਿਚਕਾਰ ਹੋਏ ਇਸ ਗੰਭੀਰ ਮਸਲੇ ਸਬੰਧੀ ਕੋਈ ਫੈਸਲਾ ਨਹੀਂ ਹੋ ਸਕਿਆ। ਸਰਕਾਰ ਇਨ੍ਹਾਂ ਕਾਨੂੰਨਾਂ ਵਿਚ ਵੱਡੀਆਂ ਖਾਮੀਆਂ ਮੰਨਣ ਦੇ ਬਾਵਜੂਦ ਇਹ ਸਾਬਤ ਕਰਨ ਉਤੇ ਲੱਗੀ ਹੋਈ ਹੈ ਕਿ ਇਹ ਕਾਨੂੰਨ ਕਿਸਾਨਾਂ ਦਾ ਭਲਾ ਕਰਨਗੇ। ਕਿਸਾਨਾਂ ਨੂੰ ਖਦਸ਼ਾ ਹੈ ਕਿ ਇਹ ਕਾਨੂੰਨ ਜਿਥੇ ਖੇਤੀ ਦਾ ਸਾਰਾ ਤਾਣਾ ਬਾਣਾ ਕਾਰਪੋਰੇਟਾਂ ਦੇ ਹੱਥ ਸੌਂਪ ਦੇਣਗੇ, ਉਥੇ ਸਰਕਾਰ ਖਰੀਦ ਪ੍ਰਬੰਧਾਂ ਤੋਂ ਪੂਰੀ ਤਰ੍ਹਾਂ ਬਾਹਰ ਹੋ ਕੇ ਕਿਸਾਨਾਂ ਦੀ ਲੁੱਟ ਦਾ ਰਾਹ ਖੋਲ੍ਹ ਦੇਵੇਗੀ।

ਪਿਛਲੇ ਕਈ ਦਹਾਕਿਆਂ ਤੋਂ ਭਾਵੇਂ ਕੇਂਦਰ ਵੱਲੋਂ 23 ਫਸਲਾਂ ਦੇ ਸਮਰਥਨ ਮੁੱਲ ਐਲਾਨੇ ਜਾਂਦੇ ਰਹੇ ਹਨ ਪਰ ਖਰੀਦ ਸਿਰਫ ਕਣਕ ਤੇ ਝੋਨੇ ਦੀ ਹੀ ਕੀਤੀ ਜਾਂਦੀ ਰਹੀ ਹੈ। ਕਣਕ ਅਤੇ ਝੋਨੇ ਦੀ ਲਾਜ਼ਮੀ ਖਰੀਦ ਵੀ ਸਿਰਫ ਪੰਜਾਬ, ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਵਿਚ ਹੀ ਵਧੇਰੇ ਹੱਦ ਤੱਕ ਹੁੰਦੀ ਰਹੀ ਹੈ ਪਰ ਸਮੁੱਚੇ ਤੌਰ ਉਤੇ ਦੇਸ਼ ਦੇ ਲਗਭਗ 12 ਫੀਸਦੀ ਕਿਸਾਨਾਂ ਤੋਂ ਹੀ ਸਮਰਥਨ ਮੁੱਲ ’ਤੇ ਸਰਕਾਰੀ ਏਜੰਸੀਆਂ ਵਲੋਂ ਕਣਕ-ਝੋਨੇ ਦੀ ਖਰੀਦ ਕੀਤੀ ਜਾਂਦੀ ਹੈ।

ਦੇਸ਼ ਦੇ ਬਾਕੀ ਸਾਰੇ ਕਿਸਾਨ ਨਿੱਜੀ ਵਪਾਰੀਆਂ ਦੇ ਰਹਿਮੋ-ਕਰਮ ਉਤੇ ਹੀ ਹਨ ਤੇ ਕਾਨੂੰਨਾਂ ਨੇ ਲਾਗੂ ਹੋਣ ਪਿੱਛੋਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦਾ ਵੀ ਇਹੋ ਹਾਲ ਹੋਣ ਵਾਲਾ ਹੈ। ਕਿਸਾਨ ਜਥੇਬੰਦੀਆਂ ਦਾ ਤਰਕ ਹੈ ਕਿ ਸਮੇਂ ਦੇ ਨਾਲ-ਨਾਲ ਡੀਜ਼ਲ, ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਖੇਤੀ ਮਸ਼ੀਨਰੀ ਦੀਆਂ ਕੀਮਤਾਂ ਵਿਚ ਨਿਰੰਤਰ ਵਾਧਾ ਹੁੰਦਾ ਰਿਹਾ ਹੈ, ਪਰ ਸਰਕਾਰ ਨੇ ਉਸ ਹਿਸਾਬ ਨਾਲ ਕਦੇ ਮੁੱਲ ਤੈਅ ਨਹੀਂ ਕੀਤੇ। ਹੁਣ ਨਵੇਂ ਕਾਨੂੰਨ ਲਾਗੂ ਕਰਕੇ ਕਿਸਾਨਾਂ ਨੂੰ ਵਪਾਰੀਆਂ ਦੇ ਰਹਿਮੋ ਕਰਮ ਉਤੇ ਛੱਡਣ ਦੇ ਰਾਹ ਤੁਰੀ ਹੋਈ ਹੈ।

ਇਸ ਸਮੇਂ ਕਿਸਾਨੀ ਦੀ ਤਰਾਸਦੀ ਇਹ ਹੈ ਕਿ ਪੀੜ੍ਹੀ-ਦਰ-ਪੀੜ੍ਹੀ ਜ਼ਮੀਨਾਂ ਵੰਡੀਆਂ ਜਾਣ ਕਾਰਨ ਖੇਤੀ ਜੋਤਾਂ ਵੀ ਛੋਟੀਆਂ ਹੁੰਦੀਆਂ ਗਈਆਂ ਹਨ। ਇਸ ਸਮੇਂ ਦੇਸ਼ ਵਿਚ ਲਗਭਗ 86 ਫੀਸਦੀ ਕਿਸਾਨ 5 ਏਕੜ ਤੋਂ ਵੀ ਘੱਟ ਰਕਬੇ ਉਤੇ ਖੇਤੀ ਕਰਦੇ ਹਨ।

ਦੂਜੇ ਪਾਸੇ ਕਿਸਾਨ ਪਰਿਵਾਰਾਂ ਲਈ ਸਿਹਤ, ਸਿੱਖਿਆ ਅਤੇ ਜੀਵਨ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਦੀਆਂ ਲਾਗਤਾਂ ਵਿਚ ਲਗਾਤਾਰ ਭਾਰੀ ਵਾਧਾ ਹੁੰਦਾ ਗਿਆ ਹੈ। ਇਨ੍ਹਾਂ ਕੌੜੀਆਂ ਹਕੀਕਤਾਂ ਕਾਰਨ ਉਹ ਬੈਂਕਾਂ ਤੋਂ ਲੈ ਆੜ੍ਹਤੀਆਂ ਤੱਕ ਦੇ ਕਰਜ਼ਦਾਰ ਹੋ ਗਏ ਹਨ। ਇਸੇ ਕਾਰਨ 1997 ਤੋਂ ਲੈ ਕੇ ਹੁਣ ਤੱਕ ਲਗਭਗ 4 ਲੱਖ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ।

ਅਜੇ ਵੀ ਇਹ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ। ਸਰਕਾਰ ਇਸ ਕਿੱਤੇ ਨੂੰ ਲਾਹੇਵੰਦ ਬਣਾਉਣ ਦੀ ਥਾਂ ਇਸ ਤੋਂ ਖਹਿੜਾ ਛੁਡਵਾਉਣ ਵਾਲੀ ਰਣਨੀਤੀ ਉਤੇ ਚੱਲ ਰਹੀ ਹੈ ਤੇ ਨਵੇਂ ਕਾਨੂੰਨ ਇਸੇ ਰਣਨੀਤੀ ਦਾ ਹਿੱਸਾ ਹਨ।

**ਟਰੈਕਟਰ ਕਾਫਲਿਆਂ ਨੇ ਸਰਕਾਰ ਦੀ ਗਿਣਤੀ-ਮਿਣਤੀ ਹਿਲਾਈ**

ਕਿਸਾਨਾਂ ਦੇ ਟਰੈਕਟਰ ਮਾਰਚ ਨੂੰ ਮਿਲੇ ਹੁੰਗਾਰੇ ਨੇ ਸਰਕਾਰ ਦੀਆਂ ਗਿਣਤੀਆਂ-ਮਿਣਤੀਆਂ ਹਿਲਾ ਕੇ ਰੱਖ ਦਿੱਤੀਆਂ ਹਨ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਦੀ ਉਮੀਦ ਤੋਂ ਕਈ ਗੁਣਾਂ ਵੱਧ ਕਿਸਾਨ ਆਪਣੇ ਟਰੈਕਟਰ ਲੈ ਕੇ ਦਿੱਲੀ ਪਹੁੰਚ ਗਏ।

ਟਰੈਕਟਰਾਂ ਦੀ ਗਿਣਤੀ ਇੰਨੀ ਸੀ ਦਿੱਲੀ ਤੋਂ ਇਲਾਵਾ ਹਰਿਆਣਾ ਵਿਚ ਵੀ ਕਈ ਕਿਲੋਮੀਟਰ ਜਾਮ ਲੱਗ ਗਿਆ। ਇਹ ਗਿਣਤੀ ਲੱਖਾਂ ਵਿਚ ਦੱਸੀ ਜਾ ਰਹੀ ਹੈ। ਜਥੇਬੰਦੀਆਂ ਦੇ ਸੱਦੇ ਉਤੇ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਤੇ ਦਿੱਲੀ ਦੀਆਂ ਹੱਦਾਂ ਉਤੇ ਡੇਰੇ ਜਮਾ ਲਏ।

****

# ਪੰਜਾਬ ਵਿੱਚ ਰੁੱਤ ਵੋਟਾਂ ਦੀ ਆਈ



ਕੁਲਦੀਪ ਚੰਦ
91-9417563054

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਇੱਥੇ ਪਿੰਡ ਦੇ ਇੱਕ ਪੰਚਾਇਤ ਮੈਂਬਰ ਤੋਂ ਲੈਕੇ ਦੇਸ਼ ਦੇ ਪ੍ਰਧਾਨਮੰਤਰੀ ਅਤੇ ਰਾਸ਼ਟਰਪਤੀ ਤੱਕ ਦੀ ਚੋਣ ਵੋਟਿੰਗ ਦੇ ਵੱਖ ਵੱਖ ਤਰੀਕਿਆਂ ਨਾਲ ਹੀ ਹੁੰਦੀ ਹੈ। 18 ਸਾਲ ਤੋਂ ਵੱਧ ਉਮਰ ਦਾ ਵਿਅੱਕਤੀ ਇਸ ਦੇਸ਼ ਵਿੱਚ ਵੋਟ ਪਾ ਸਕਦਾ ਹੈ ਅਤੇ 25 ਸਾਲ ਤੋਂ ਵੱਧ ਉਮਰ ਦਾ ਵਿਅੱਕਤੀ ਚੋਣ ਲੜ੍ਹ ਸਕਦਾ ਹੈ। ਭਾਰਤੀ ਸੰਵਿਧਾਨ ਅਨੁਸਾਰ ਇਸ ਸਬੰਧੀ ਸਾਰੇ ਨਾਗਰਿਕ ਬਰਾਬਰ ਹਨ ਅਤੇ ਸਭਨੂੰ ਵੋਟ ਦਾ ਬਰਾਬਰ ਅਧਿਕਾਰ ਹੈ। ਸਾਡੇ ਦੇਸ਼ ਵਿੱਚ ਹਰ ਪੰਜ ਸਾਲ ਬਾਦ ਚੋਣਾਂ ਦਾ ਨਿਯਮ ਹੈ। ਬਹੁਤੇ ਲੋਕ ਇਹ ਮੰਨਦੇ ਹਨ ਕਿ ਸਾਡੇ ਦੇਸ ਵਿੱਚ ਬੇਸ਼ੱਕ ਚਾਰ ਰੁੱਤਾਂ ਹੁੰਦੀਆਂ ਹਨ ਗਰਮੀ, ਸਰਦੀ, ਬਸੰਤ, ਬਹਾਰ ਪਰ ਪੰਜਵੀਂ ਰੁੱਤ ਵੋਟਾਂ ਦੀ ਮੰਨੀ ਜਾਂਦੀ ਹੈ। ਆਣ ਵਾਲੀ ਮਿਤੀ 14 ਫਰਵਰੀ 2021 ਨੂੰ ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ ਹੋ ਰਹੀਆਂ ਚੋਣਾਂ ਪੰਜਾਬ ਲਈ ਇੱਕ ਟਰੇਲਰ ਹੋਵੇਗਾ ਅਤੇ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਰੁਝਾਨ ਤਹਿ ਕਰਨਗੀਆਂ। ਚੋਣ ਆਯੋਗ ਪੰਜਾਬ ਨੇ 16 ਜਨਵਰੀ 2021 ਨੂੰ ਬਕਾਇਦਾ ਇਨ੍ਹਾਂ ਚੋਣਾਂ ਦੀ ਘੋਸਣਾ ਕੀਤੀ ਹੈ ਅਤੇ ਉਸਤੋਂ ਬਾਦ ਹੀ ਆਦਰਸ਼ ਚੋਣ ਜਾਬਤਾ ਲਾਗੂ ਹੋ ਗਿਆ ਹੈ। ਪੰਜਾਬ ਵਿੱਚ 08 ਨਗਰ ਨਿਗਮਾਂ 109 ਨਗਰ ਪ੍ਰੀਸ਼ਦਾਂ ਅਤੇ ਨਗਰ ਪੰਚਾਇਤਾਂ ਦੇ ਪ੍ਰਬੰਧ ਲਈ ਲੱਗਭੱਗ 2302 ਮੈਂਬਰਾਂ ਦੀ ਚੋਣ ਲਈ ਮਿਤੀ 14 ਫਰਵਰੀ 2021 ਨੂੰ ਵੋਟਾਂ ਪੈਣਗੀਆਂ ਅਤੇ ਇਨ੍ਹਾਂ ਦੇ ਨਤੀਜੇ 17 ਫਰਵਰੀ 2021 ਨੂੰ ਆਣਗੇ। ਇਨ੍ਹਾਂ ਚੋਣਾਂ ਲਈ 30 ਜਨਵਰੀ 2021 ਤੋਂ ਲੈਕੇ 03 ਫਰਵਰੀ 2021 ਤੱਕ ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਨੇ ਆਪਣੀਆਂ ਨਾਮਜ਼ਦਗੀਆਂ ਦਾਖਲ ਕੀਤੀਆਂ ਹਨ ਅਤੇ 04 ਫਰਵਰੀ 2021 ਨੂੰ ਉਮੀਦਵਾਰਾਂ ਦੀਆਂ ਅਰਜੀਆਂ ਦੀ ਜਾਂਚ ਪੜਤਾਲ ਕੀਤੀ ਗਈ ਅਤੇ ਅਧੂਰੀਆਂ ਅਤੇ ਗੱਲਤ ਅਰਜੀਆਂ ਰੱਦ ਕੀਤੀਆਂ ਗਈਆਂ ਹਨ। 05 ਫਰਵਰੀ 2021 ਤੱਕ ਨਾਮਜਦਗੀਆਂ ਵਾਪਸ ਲਈਆਂ ਗਈਆਂ ਹਨ ਅਤੇ ਉਸੇ ਦਿਨ ਹੀ ਚੋਣ ਨਿਸ਼ਾਨ ਅਲਾਟ ਕੀਤੇ ਗਏ ਹਨ ਅਤੇ ਉਸਦੇ ਨਾਲ ਹੀ ਚੋਣ ਪ੍ਰਚਾਰ ਸ਼ੁਰੂ ਹੋ ਗਿਆ ਹੈ। ਇਨ੍ਹਾਂ ਚੋਣਾਂ ਵਿੱਚ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਸ਼੍ਰੋਮਣੀ ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਕਾਂਗਰਸ ਪਾਰਟੀ, ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਆਦਿ ਭਾਗ ਲੈ ਰਹੀਆਂ ਹਨ ਅਤੇ ਇਨ੍ਹਾਂ ਦੇ ਉਮੀਦਵਾਰ ਪਾਰਟੀ ਚੋਣ ਨਿਸ਼ਾਨ ਤੇ ਹੀ ਚੋਣ ਲੜ੍ਹ ਰਹੇ ਹਨ। ਇਸਤੋਂ ਇਲਾਵਾ ਕਈ ਉਮੀਦਵਾਰ ਅਜਾਦ ਵਜੋਂ ਚੋਣ ਲੜ੍ਹ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਲੱਗਭੱਗ 3915280 ਵੋਟਰ ਜਿਨ੍ਹਾਂ ਵਿੱਚ 2049777 ਮਰਦ ਅਤੇ 1865354 ਮਹਿਲਾ ਵੋਟਰ ਅਤੇ 149 ਟਰਾਂਸਜੈਂਡਰ ਵੋਟਰ ਸ਼ਾਮਿਲ ਹਨ 08 ਨਗਰ ਨਿਗਮਾਂ ਦੇ ਲੱਗਭੱਗ 400 ਅਤੇ 109 ਨਗਰ ਪ੍ਰੀਸ਼ਦਾਂ ਅਤੇ ਨਗਰ ਪੰਚਾਇਤਾਂ ਦੇ ਲੱਗਭੱਗ 1902 ਮੈਂਬਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਇਨ੍ਹਾਂ ਚੋਣਾਂ ਲਈ ਚੋਣ ਆਯੋਗ ਵਲੋਂ 145 ਰਿਟਰਨਿੰਗ ਅਫਸਰ ਅਤੇ 145 ਅਸਿਸਟੈਂਟ ਰਿਟਰਨਿੰਗ ਅਫਸਰ ਨਿਯੁੱਕਤ ਕੀਤੇ ਗਏ ਹਨ। ਇਨ੍ਹਾਂ ਚੋਣਾਂ ਲਈ ਲੱਗਭੱਗ 30 ਆਈ ਏ ਐਸ ਅਤੇ ਪੀ ਸੀ ਐਸ ਅਫਸਰ ਆਬਜਰਬਰ ਵਜੋਂ ਨਿਯੁਕਤ ਕੀਤੇ ਗਏ ਹਨ ਜਦਕਿ 06 ਆਈ ਪੀ ਐਸ ਅਫਸਰ ਪੁਲਿਸ ਆਬਜਰਬਰ ਵਜੋਂ ਨਿਯੁਕਤ ਕੀਤੇ ਗਏ ਹਨ ਤਾਂ ਜੋ ਚੋਣਾਂ ਨਿਰਪੱਖ ਅਤੇ ਸਾਂਤੀਪੂਰਵਕ ਤਰੀਕੇ ਨਾਲ ਹੋ ਸਕਣ। ਇਨ੍ਹਾਂ ਚੋਣਾਂ ਲਈ 4102 ਪੋਲਿੰਗ ਬੂਥ ਬਣਾਏ ਗਏ ਹਨ ਅਤੇ ਲੱਗਭੱਗ 7000 ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਲੱਗਭੱਗ 18000 ਕਰਮਚਾਰੀ ਚੋਣ ਡਿਊਟੀ ਤੇ ਲਗਾਏ ਗਏ ਹਨ। ਚੋਣ ਆਯੋਗ ਵਲੋਂ ਇਨ੍ਹਾਂ ਚੋਣਾਂ ਵਿੱਚ ਨਗਰ ਨਿਗਮ ਦੇ ਉਮੀਦਵਾਰ ਲਈ ਚੋਣਾਂ ਵਾਸਤੇ 03 ਲੱਖ ਰੁਪਏ ਤੱਕ ਖਰਚ ਕਰਨ, ਕਲਾਸ ਨੰਬਰ ਇੱਕ ਦੀ ਨਗਰ ਪ੍ਰੀਸ਼ਦ ਦੇ ਉਮੀਦਵਾਰ ਲਈ ਚੋਣਾਂ ਵਾਸਤੇ 2.70 ਲੱਖ ਰੁਪਏ ਤੱਕ ਖਰਚ ਕਰਨ,




ਕਲਾਸ ਨੰਬਰ ਦੋ ਦੀ ਨਗਰ ਪ੍ਰੀਸ਼ਦ ਦੇ ਉਮੀਦਵਾਰ ਲਈ ਚੋਣਾਂ ਵਾਸਤੇ 1.70 ਲੱਖ ਰੁਪਏ ਤੱਕ ਖਰਚ ਕਰਨ, ਕਲਾਸ ਨੰਬਰ ਤਿੰਨ ਦੀ ਨਗਰ ਪ੍ਰੀਸ਼ਦ ਦੇ ਉਮੀਦਵਾਰ ਲਈ ਚੋਣਾਂ ਵਾਸਤੇ 1.45 ਲੱਖ ਰੁਪਏ ਤੱਕ ਖਰਚ ਕਰਨ ਅਤੇ ਨਗਰ ਪੰਚਾਇਤ ਦੇ ਉਮੀਦਵਾਰ ਲਈ ਚੋਣਾਂ ਵਾਸਤੇ 1.05 ਲੱਖ ਰੁਪਏ ਤੱਕ ਖਰਚ ਕਰਨ ਦੀ ਹੀ ਇਜਾਜਤ ਦਿੱਤੀ ਗਈ ਹੈ। ਇਨ੍ਹਾਂ ਚੋਣਾਂ ਲਈ ਸਰਕਾਰ ਵਲੋਂ ਅਨੁਸੂਚਿਤ ਜਾਤਾਂ, ਪੱਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਣ ਤੋਂ ਇਲਾਵਾ 50 ਫਿਸਦੀ ਸੀਟਾਂ ਮਹਿਲਾਵਾਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਬੇਸ਼ੱਕ ਇਹ ਚੋਣਾਂ ਅਕਸਰ ਸਥਾਨਕ ਪੱਧਰ ਦੇ ਮੁੱਦਿਆਂ ਤੇ ਹੀ ਲੜੀਆਂ ਜਾਂਦੀਆਂ ਹਨ ਪਰ ਇਸ ਵਾਰ ਇਨ੍ਹਾਂ ਚੋਣਾਂ ਵਿੱਚ ਰਾਸਟਰੀ ਪੱਧਰ ਤੇ ਚੱਲ ਰਿਹਾ ਕਿਸਾਨ ਅੰਦੋਲਨ ਦਾ ਪ੍ਰਭਾਵ ਹੀ ਵਿਸੇਸ ਤੋਰ ਤੇ ਨਜਰ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਜੋਕਿ ਲੰਬੇ ਸਮੇਂ ਤੱਕ ਇਕੱਠੇ ਹੀ ਚੋਣ ਲੜਦੇ ਰਹੇ ਹਨ ਪਹਿਲੀ ਵਾਰ ਇਨ੍ਹਾਂ ਚੋਣਾਂ ਵਿੱਚ ਅਲੱਗ ਅਲੱਗ ਚੋਣ ਲੜ ਰਹੇ ਹਨ ਅਤੇ ਬਹੁਤੀਆਂ ਥਾਵਾਂ ਤੇ ਇਨ੍ਹਾਂ ਨੂੰ ਯੋਗ ਉਮੀਦਵਾਰ ਵੀ ਨਹੀਂ ਮਿਲੇ ਹਨ। ਭਾਰਤੀ ਜਨਤਾ ਪਾਰਟੀ ਜੋ ਕਿ ਸ਼ਹਿਰਾਂ ਵਿੱਚ ਅਪਣਾ ਠੋਸ ਪ੍ਰਭਾਵ ਹੋਣ ਦਾ ਦਾਅਵਾ ਕਰਦੀ ਰਹੀ ਹੈ ਨੂੰ ਵੀ ਇਨ੍ਹਾਂ ਚੋਣਾਂ ਵਿੱਚ ਕਈ ਥਾਵਾਂ ਤੇ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕਈ ਥਾਵਾਂ ਤੇ ਇਸ ਪਾਰਟੀ ਦੇ ਉਮੀਦਵਾਰਾਂ ਨੇ ਪਾਰਟੀ ਦੀਆਂ ਟਿਕਟਾਂ ਵਾਪਿਸ ਕਰਕੇ ਅਜਾਦ ਉਮੀਦਵਾਰ ਵਜੋਂ ਹੀ ਪੇਪਰ ਫਾਇਲ ਕੀਤੇ ਹਨ। ਭਾਰਤੀ ਜਨਤਾ ਪਾਰਟੀ ਦੇ ਆਗੂ ਜੋਕਿ ਇਨ੍ਹਾਂ ਖੇਤੀ ਬਿੱਲਾਂ ਨੂੰ ਕਿਸਾਨਾਂ ਲਈ ਲਾਹੇਵੰਦ ਹੋਣ ਦਾ ਦਾਅਵਾ ਕਰਦੇ ਰਹੇ ਹਨ ਅਤੇ ਇਸ ਕਿਸਾਨ ਅੰਦੋਲਨ ਨੂੰ ਕੁੱਝ ਰਾਜਨੀਤਿਕ ਪਾਰਟੀਆਂ ਅਤੇ ਦੇਸ਼ ਵਿਰੋਧੀ ਸੰਸਥਾਵਾਂ ਦੀ ਚਾਲ ਮੰਨਦੇ ਹਨ। ਸ਼੍ਰੋਮਣੀ ਅਕਾਲੀ ਦੱਲ ਜਿਸਨੇ ਪੰਜਾਬ ਵਿੱਚ ਲੰਬਾ ਸਮਾਂ ਰਾਜ ਕੀਤਾ ਹੈ ਅਤੇ ਖੇਤੀ ਬਿੱਲਾਂ ਨੂੰ ਲੈਕੇ ਭਾਰਤੀ ਜਨਤਾ ਪਾਰਟੀ ਤੋਂ ਨਾਤਾ ਤੋੜਿਆ ਹੈ ਨੂੰ ਵੀ ਕਈ ਇਲਾਕਿਆਂ ਵਿੱਚ ਉਮੀਦਵਾਰ ਨਹੀਂ ਮਿਲੇ ਹਨ। ਸ਼੍ਰੋਮਣੀ ਅਕਾਲੀ ਦੱਲ ਦੇ ਆਗੂ ਕਿਸਾਨ ਅੰਦੋਲਨ ਕਾਰਨ ਇਨ੍ਹਾਂ ਚੋਣਾਂ ਨੂੰ ਕੁੱਝ ਸਮੇਂ ਲਈ ਰੱਦ ਕਰਨ ਦੀ ਮੰਗ ਕਰਦੇ ਰਹੇ ਹਨ। ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਆਮ ਆਦਮੀ ਪਾਰਟੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਲੋਕਾਂ ਵਿੱਚ ਚੱਲ ਰਹੀ ਗੁੱਸੇ ਦੀ ਲਹਿਰ ਨੂੰ ਇਨ੍ਹਾਂ ਚੋਣਾਂ ਵਿੱਚ ਅਪਣੇ ਹੱਕ ਵਿੱਚ ਭੁਗਤਾਉਣ ਦੀ ਕੋਸਿਸ਼ ਕਰ ਰਹੀ ਹੈ। ਬਹੁਜਨ ਸਮਾਜ ਪਾਰਟੀ ਜੋਕਿ ਮੁੱਖ ਤੋਰ ਤੇ ਦੁਆਬੇ ਵਿੱਚ ਹੀ ਕੰਮ ਕਰ ਰਹੀ ਹੈ ਨੇ ਕਈ ਥਾਵਾਂ ਤੇ ਅੰਦਰੋਖਾਤੇ ਅਜਾਦ ਉਮੀਦਵਾਰ ਅਤੇ ਕਈ ਥਾਵਾਂ ਤੇ ਦੂਜੀਆਂ ਹੱਮਖਿਆਲੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਮੱਰਥਨ ਦਿੱਤਾ ਹੋਇਆ ਹੈ। ਇਨ੍ਹਾਂ ਚੋਣਾਂ ਵਿੱਚ ਸੀ ਪੀ ਆਈ , ਸੀ ਪੀ ਆਈ ਐਮ ਅਤੇ ਹੋਰ ਕਈ ਪਾਰਟੀਆਂ ਨਾਲ ਜੁੜ੍ਹੇ ਆਗੂ ਅਤੇ ਵੋਟਰ ਅੰਦਰਖਾਤੇ ਹੀ ਦੂਜੇ ਉਮੀਦਵਾਰਾਂ ਦੀ ਮੱਦਦ ਕਰ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਸੱਤਾਧਾਰੀ ਕਾਂਗਰਸ ਪਾਰਟੀ ਸਭ ਤੋਂ ਵੱਧ ਆਸਵੰਦ ਹੈ। ਕਾਂਗਰਸ ਪਾਰਟੀ ਦੇ ਆਗੂਆਂ ਨੂੰ ਆਸ ਹੈ ਕਿ ਇਨ੍ਹਾਂ ਚੋਣਾਂ ਵਿੱਚ ਵੋਟਰ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ ਅਤੇ ਇਸ ਨਾਲ ਲੰਬਾ ਸਮਾਂ ਗੱਠਜੋੜ੍ਹ ਰੱਖਣ ਵਾਲੇ ਸ਼੍ਰੋਮਣੀ ਅਕਾਲੀ ਦੱਲ ਦੇ ਖਿਲਾਫ ਹੀ ਭੁਗਤਣਗੇ ਅਤੇ ਕਾਂਗਰਸ ਪਾਰਟੀ ਨੂੰ ਹੀ ਵੋਟ ਦੇਣਗੇ। ਚੋਣ ਆਯੋਗ ਅਤੇ ਸਰਕਾਰ ਵਲੋਂ ਇਨ੍ਹਾਂ ਚੋਣਾਂ ਨੂੰ ਨਿਰਪੱਖ ਅਤੇ ਸਾਂਤੀਪੂਰਬਕ ਕਰਵਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰੰਤੂ ਇਨ੍ਹਾਂ ਚੋਣਾਂ ਵਿੱਚ ਸੱਤਾਧਾਰੀ ਕਾਂਗਰਸ ਪਾਰਟੀ ਵਲੋਂ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨਾਲ ਧੱਕੇਸ਼ਾਹੀ ਕਰਨ ਦੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਚੋਣਾਂ ਨੂੰ ਜਿੱਤਣ ਲਈ ਵੱਖ ਵੱਖ ਉਮੀਦਵਾਰ ਹਰ ਪ੍ਰਕਾਰ ਦੇ ਹੱਥਕੰਡੇ ਵਰਤ ਰਹੇ ਹਨ। ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਬਹੁਤੀਆਂ ਥਾਵਾਂ ਤੇ ਅੰਦਰਖਾਤੇ ਇੱਕ ਦੂਜੇ ਨੂੰ ਹੀ ਹਰਾਉਣ ਲਈ ਹੀ ਕੰਮ ਕਰ ਰਹੇ ਹਨ ਜਿਸਦਾ ਸਿੱਧਾ ਲਾਭ ਕਾਂਗਰਸ ਪਾਰਟੀ ਨੂੰ ਹੀ ਪਹੁੰਚੇਗਾ। ਕਾਂਗਰਸ ਪਾਰਟੀ ਦੇ ਕਈ ਥਾਵਾਂ ਤੇ ਟਿਕਟ ਤੋਂ ਬਾਂਝੇ ਰਹੇ ਆਗੂਆਂ ਵਲੋਂ ਅਜਾਦ ਚੋਣ ਲੜ੍ਹੀ ਜਾ ਰਹੀ ਹੈ ਅਤੇ ਕਈ ਥਾਵਾਂ ਤੇ ਬਗਾਬਤ ਕਰਕੇ ਪਾਰਟੀ ਉਮੀਦਵਾਰ ਨੂੰ ਸਬਕ ਸਿਖਾਉਣ ਲਈ ਦੂਜੇ ਵਿਰੋਧੀ ਉਮੀਦਵਾਰਾਂ ਦੀ ਮੱਦਦ ਵੀ ਕੀਤੀ ਜਾ ਰਹੀ ਹੈ। ਮਹਿਲਾਵਾਂ ਅਤੇ ਹੋਰ ਵਰਗਾਂ ਨੂੰ ਰਾਖਵਾਂਕਰਣ ਅਧੀਨ ਮਿਲੀਆਂ ਟਿਕਟਾਂ ਦਾ ਵੀ ਕਈ ਥਾਵਾਂ ਤੇ ਵਿਰੋਧ ਵੇਖਣ ਨੂੰ ਮਿਲ ਰਿਹਾ ਹੈ ਅਤੇ ਇਸ ਲਈ ਬਹੁਤੇ ਲੋਕ ਸੱਤਾਧਾਰੀ ਪਾਰਟੀ ਦੇ ਆਗੂਆਂ ਨੂੰ ਦੋਸ਼ੀ ਮੰਨਕੇ ਵਿਰੋਧ ਕਰਦੇ ਨਜਰ ਆ ਰਹੇ ਹਨ। ਕਈ ਇਲਾਕਿਆਂ ਵਿੱਚ ਸਰਕਾਰ ਵਲੋਂ ਕੀਤੀ ਗਈ ਨਵੀਂ ਵਾਰਡਵੰਦੀ ਦਾ ਵੀ ਲੋਕ ਵਿਰੋਧ ਕਰਦੇ ਨਜਰ ਆ ਰਹੇ ਹਨ ਅਤੇ ਇਸ ਲਈ ਸੱਤਾਧਾਰੀ ਪਾਰਟੀ ਨੂੰ ਦੋਸ਼ੀ ਮੰਨਕੇ ਵਿਰੋਧ ਕਰ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਬੇਸ਼ੱਕ ਸਥਾਨਕ ਮੁੱਦੇ ਨਜਰਅੰਦਾਜ ਹੋ ਰਹੇ ਹਨ ਫਿਰ ਵੀ ਪੰਜਾਬ ਵਿੱਚ ਫੈਲਿਆ ਭ੍ਰਿਸਟਾਚਾਰ, ਬੇਰੋਜਗਾਰੀ, ਨਸ਼ਿਆਂ ਦੀ ਸਮੱਸਿਆ, ਦਲਿੱਤ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਵਿੱਚ ਘਪਲੇਬਾਜੀ, ਪੰਜਾਬ ਵਲੋਂ ਪਾਸ ਕੀਤੇ ਗਏ ਕਿਸਾਨ ਬਿੱਲ, ਪੰਜਾਬ ਵਿੱਚ ਵੱਧ ਰਹੇ ਅਪਰਾਧ, ਸਰਕਾਰੀ ਸਕੀਮਾਂ ਦਾ ਹੋ ਰਿਹਾ ਰਾਜਨੀਤਿਕਰਣ ਆਦਿ ਵਿਰੋਧੀਆ ਦੀ ਬਿਆਨਵਾਜੀ ਦਾ ਹਿੱਸਾ ਬਣ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਕਿਸ ਪਾਰਟੀ ਅਤੇ ਉਮੀਦਵਾਰ ਨੂੰ ਸਮੱਰਥਨ ਦਿੰਦੇ ਹਨ ਅਤੇ ਕਿਸਦੇ ਹੱਥ ਇਨ੍ਹਾਂ ਸ਼ਹਿਰੀ ਸੰਸਥਾਵਾਂ ਦੀ ਕਮਾਂਡ ਸੋਂਪਦੇ ਹਨ ਇਹ ਤਾਂ 17 ਫਰਵਰੀ 2021 ਮਾਰਚ ਨੂੰ ਚੋਣ ਨਤੀਜਿਆਂ ਤੋਂ ਹੀ ਪਤਾ ਚੱਲੇਗਾ ਪ੍ਰੰਤੂ ਇਨ੍ਹਾਂ ਚੋਣਾਂ ਵਿੱਚ ਵੋਟਰਾਂ ਨੂੰ ਭਰਮਾਉਣ ਲਈ ਵੱਖ ਵੱਖ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਵਲੋਂ ਅਪਣਾਏ ਜਾ ਰਹੇ ਗੱਲਤ ਹੱਥਕੰਡੇ ਸਮਾਜ ਦੇ ਬੁੱਧੀਜੀਵੀਆਂ ਨੂੰ ਸੋਚਣ ਲਈ ਮਜਬੂਰ ਕਰ ਰਿਹਾ ਹੈ ਕਿ ਸਾਡਾ ਦੇਸ਼ ਅਤੇ ਸਮਾਜ ਕਿਸ ਪਾਸੇ ਜਾ ਰਿਹਾ ਹੈ।

## 20 ਫਰਵਰੀ, 2021 ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਸਬੰਧੀ ਵਿਸ਼ੇਸ਼

# ਕਦੋਂ ਰੁਕੇਗੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਤੇ ਸਮਾਜਿਕ ਅਨਿਆਂ ਦੀ ਗੱਡੀ

ਸਮਾਜਿਕ ਨਿਆਂ ਦੀ ਨੀਂਹ ਸਾਰੇ ਮਨੁੱਖਾਂ ਨੂੰ ਕੁਦਰਤ ਦੇ ਸਿਧਾਂਤ ਅਨੁਸਾਰ ਇੱਕ ਬਰਾਬਰ ਮੰਨਣ ਤੇ ਅਧਾਰਿਤ ਹੈ। ਇਸ ਅਨੁਸਾਰ ਕਿਸੇ ਵੀ ਵਿਅੱਕਤੀ ਨਾਲ ਸਮਾਜਿਕ, ਧਾਰਮਿਕ, ਸਭਿੱਆਚਾਰਕ ਆਦਿ ਪੱਧਰ ਤੇ ਕਿਸੇ ਵੀ ਕਿਸਮ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ ਹੈ। ਇਹ ਮੁੱਖ ਤੋਰ ਤੇ ਤਿੰਨ ਸਿਧਾਂਤਾ ਨੂੰ ਲੈਕੇ ਹੀ ਅੱਗੇ ਵੱਧਦਾ ਹੈ ਪ੍ਰਤੀਨਿਧਤਾ ਕਰਨਾ, ਸਾਧਨਾ ਦੀ ਵੰਡ ਅਤੇ ਬਰਾਬਰਤਾ ਅਤੇ ਜੇਕਰ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਵੀ ਖਤਮ ਕੀਤਾ ਜਾਂਦਾ ਹੈ ਜਾਂ ਪਾਸੇ ਰੱਖਿਆ ਜਾਂਦਾ ਹੈ ਤਾਂ ਆਰਥਿਕ ਅਤੇ ਸਮਾਜਿਕ ਨਿਆਂ ਵਿੱਚ ਸਬੰਧ ਵਾਲਾ ਸਾਰਾ ਢਾਂਚਾ ਹੀ ਨਸ਼ਟ ਹੋ ਜਾਂਦਾ ਹੈ। ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ ਹੈ ਤਾਂ ਜੋ ਸਮਾਜ ਦਾ ਕੋਈ ਵੀ ਵਰਗ ਵਿਕਾਸ ਦੀ ਦੋੜ ਵਿੱਚ ਪਿੱਛੇ ਨਾਂ ਰਹਿ ਜਾਵੇ ਪਰੰਤੂ ਸਮਾਜ ਵਿੱਚ ਫੈਲੀ ਸਮਾਜਿਕ, ਆਰਥਿਕ ਅਤੇ ਧਾਰਮਿਕ ਤੋਰ ਤੇ ਊਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾਂ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ ਹੈ। ਸਮਾਜਿਕ ਨਿਆਂ ਬਹੁਤ ਹੀ ਵਿਆਪਕ ਸ਼ਬਦ ਹੈ ਅਤੇ ਇਸ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੋਂ ਲੈਕੇ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰਨ ਸਬੰਧੀ ਸਭ ਕੁੱਝ ਸ਼ਾਮਿਲ ਹੈ। ਇਸਦਾ ਭਾਵ ਸਿਰਫ ਕਨੂੰਨ ਸਾਹਮਣੇ ਸਭਦਾ ਬਰਾਬਰ ਹੋਣਾ ਅਤੇ ਸੁਤੰਤਰ ਨਿਆਂਪਾਲਿਕਾ ਹੋਣਾ ਹੀ ਨਹੀਂ ਹੈ ਸਗੋਂ ਇਸਦਾ ਸਬੰਧ ਸਮਾਜਿਕ ਕੁਰੀਤੀਆਂ ਗਰੀਬੀ, ਬੇਕਾਰੀ, ਭੁੱਖਮਰੀ, ਬਿਮਾਰੀ, ਧਰਮ-ਜਾਤ ਆਦਿ ਤੇ ਅਧਾਰਿਤ ਵਿਤਕਰਾ, ਮਹਿਲਾਵਾਂ ਨਾਲ ਹੁੰਦਾ ਵਿਤਕਰਾ ਆਦਿ ਜਿਸ ਨਾਲ ਵਿਕਾਸਸ਼ੀਲ ਦੇਸ਼ ਪ੍ਰਭਾਵਿਤ ਹੋ ਰਹੇ ਹਨ ਨੂੰ ਵੀ ਦੂਰ ਕਰਨਾ ਹੈ। ਸਮਾਜਿਕ ਨਿਆਂ ਦਾ ਮੋਜੂਦਾ ਸੰਕਲਪ 1840 ਵਿੱਚ ਜੇਸੂਇਟ ਲੁਣਗੀ ਟਪਰੇਲੀ ਨੇ ਥਾਮਸ ਏਕਵੈਨਸ ਦੀ ਸਿੱਖਿਆ ਨੀਤੀ ਦੇ ਅਧਾਰ ਤੇ ਪੇਸ਼ ਕੀਤਾ ਸੀ ਜਿਸਨੂੰ ਬਾਦ ਵਿੱਚ ਐਨਟਾਨੀਓ ਰੋਸਮਿਨੀ ਸਰਵਾਤੀ ਨੇ ਵੀ 1848 ਵਿੱਚ ਪੇਸ਼ ਕੀਤਾ ਸੀ। ਸੰਖੇਪ ਵਿੱਚ ਸਮਾਜਿਕ ਨਿਆਂ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੇ ਸੰਕਲਪ ਤੇ ਹੀ ਅਧਾਰਿਤ ਹੈ ਅਤੇ ਇਸ ਵਿੱਚ ਸਾਧਨਾ ਦੀ ਬਰਾਬਰ ਵੰਡ, ਸਮਾਜਿਕ, ਸ਼ਰੀਰਕ, ਆਰਥਿਕ, ਮਾਨਸਿਕ ਵਿਕਾਸ ਆਦਿ ਸ਼ਾਮਲ ਹੈ। ਸੰਯੁਕਤ ਰਾਸ਼ਟਰ ਨੇ 20 ਫਰਵਰੀ ਦਾ ਦਿਨ ਸਮਾਜਿਕ ਨਿਆਂ ਦਿਵਸ ਦੇ ਤੋਰ ਤੇ ਘੋਸ਼ਿਤ ਕੀਤਾ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਵਲੋਂ 2007 ਵਿੱਚ ਇਸਦੀ ਸਥਾਪਨਾ ਕੀਤੀ ਗਈ ਅਤੇ 24ਵੇਂ ਅਜਲਾਸ ਵਿੱਚ ਸਮਾਜਿਕ ਨਿਆਂ ਵਿਕਾਸ ਸੰਮੇਲਨ ਆਯੋਜਿਤ ਕਰਵਾਉਣ ਲਈ ਘੋਸ਼ਣਾ ਕੀਤੀ ਗਈ। ਇਸ ਮੌਕੇ ਸੰਯੁਕਤ ਰਾਸਟਰ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਇਸ ਦਿਵਸ ਤੇ ਅੰਤਰਰਾਸ਼ਟਰੀ ਸਮੁਦਾਇ ਨੂੰ ਗਰੀਬੀ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਸਭ ਜਗ੍ਹਾ ਸਭ ਲਈ ਯੋਗਤਾ ਅਨੁਸਾਰ ਕੰਮ ਅਤੇ ਰੋਜ਼ਗਾਰ ਉਪਲੱਭਦ ਹੋਣ ਨਾਲ ਹੀ ਸਮਾਜਿਕ ਨਿਆਂ ਸੰਭਬ ਹੋਵੇਗਾ। ਸੰਖੇਪ ਸ਼ਬਦਾਂ ਵਿੱਚ ਰੋਟੀ, ਕੱਪੜਾ, ਮਕਾਨ, ਸੁਰੱਖਿਆ, ਸਿਹਤ, ਸਿੱਖਿਆ, ਗਰੀਬੀ, ਬੇਰੋਜਗਾਰੀ, ਸਮਾਜਿਕ ਬਾਈਕਾਟ ਆਦਿ ਮੁੱਦਿਆਂ ਨੂੰ ਲੈਕੇ ਹੀ ਸਮਾਜਿਕ ਨਿਆਂ ਦਿਵਸ ਦੀ ਸ਼ੁਰੂਆਤ ਹੋਈ ਸੀ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਸਮਾਗਮਾਂ ਵਿੱਚ ਹਰ ਦੇਸ਼ ਅਪਣੇ ਆਪ ਨੂੰ ਸਮਾਜਿਕ ਨਿਆਂ ਦੇ ਮੁੱਦੇ ਤੇ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਸਾਲ 2021 ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਦਾ ਮੁੱਖ ਉਦੇਸ਼ ਹੈ ਡਿਜਿਟਲ ਆਰਥਿਕਤਾ ਵਿੱਚ ਸਮਾਜਿਕ ਨਿਆਂ ਲਈ ਇੱਕ ਅਵਾਜ।

ਪਿਛਲੇ ਇੱਕ ਦਹਾਕੇ ਵਿੱਚ ਆਰਥਿਕ ਮਾਮਲਿਆਂ ਲਈ ਡਿਜਿਟਲ ਪਲੇਟਫਾਰਮ ਦਾ ਵੱਡੇ ਪੱਧਰ ਤੇ ਪ੍ਰਸਾਰ ਹੋਇਆ ਹੈ ਅਤੇ ਪਿਛਲੇ ਸਾਲ ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਉਸਤੋਂ ਬਾਦ ਡਿਜਿਟਲ ਆਰਥਿਕਤਾ ਵਿੱਚ ਅਥਾਹ ਵਾਧਾ ਹੋਇਆ ਹੈ। ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਲਈ ਸਮਾਜਿਕ ਨਿਆਂ ਸਿਰਫ ਇੱਕ ਸੁਪਨਾ ਬਣਕੇ ਰਹਿ ਗਿਆ ਹੈ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਮੇ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾਂ ਬਣ ਰਹੀਆਂ ਸਮੱਸਿਆਵਾਂ ਵੱਲ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਹੈ।

ਸਾਡਾ ਦੇਸ਼ ਜੋਕਿ ਇੱਕ ਵੱਡਾ ਲੋਕਤੰਤਰਿਕ ਦੇਸ਼ ਹੈ ਵਿੱਚ ਸਮਾਜਿਕ ਢਾਂਚਾ ਇਸ ਤਰਾਂ ਦਾ ਹੈ ਕਿ ਕਈ ਵਰਗਾਂ ਦੇ ਲੋਕ ਸਮਾਜਿਕ ਅਨਿਆਂ ਦੇ ਸ਼ਿਕਾਰ ਹੋ ਰਹੇ ਹਨ। ਅਜਾਦੀ ਦੇ ਸੱਤ ਦਹਾਕੇ ਬੀਤਣ ਦੇ ਬਾਬਜੂਦ ਬਹੁਤੇ ਲੋਕ ਗਰੀਬੀ, ਅਸਿੱਖਿਆ, ਕੁਪੋਸ਼ਣ, ਹਿੰਸਾ, ਅਸੁਰਖਿੱਆ, ਸਮਾਜਿਕ ਅਤੇ ਧਾਰਮਿਕ ਭੇਦਭਾਵ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਦੇਸ਼ ਦੇ ਕਈ ਹਿਸਿੱਆਂ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਤੇ ਹੋ ਰਹੇ ਹਮਲੇ, ਮਹਿਲਾਵਾਂ ਨਾਲ ਹੋ ਰਿਹਾ ਵਿਤਕਰਾ ਅਤੇ ਵਾਪਰਦੀਆਂ ਅਤਿੱਆਚਾਰ ਦੀਆਂ ਘਟਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾ ਹਨ। ਸਾਡੇ ਦੇਸ਼ ਵਿੱਚ ਵੀ ਸਮੇਂ ਸਮੇਂ ਤੇ ਸਮਾਜ ਦੇ ਰਹਿਵਰਾਂ ਨੇ ਸਮਾਜ ਵਿੱਚ ਫੈਲੀਆਂ ਸਮਾਜਿਕ ਕੁਰੀਤੀਆਂ ਅਤੇ ਗੈਰ ਬਰਾਬਰੀ ਕਾਰਨ ਵੱਧ ਰਹੇ ਸਮਾਜਿਕ ਅਨਿਆਂ ਦਾ ਡਟਕੇ ਵਿਰੋਧ ਕੀਤਾ। ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤਿ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ ਪਰ ਕੁੱਝ ਲੋਕ ਭਾਰਤੀ ਸੰਵਿਧਾਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ ਜਿਸ ਕਾਰਨ ਸਾਡੇ ਦੇਸ਼ ਵਿੱਚ ਫੈਲੀ ਜਾਤਿ ਪ੍ਰਥਾ, ਧਾਰਮਿਕ ਵੰਡ ਕਾਰਨ ਸਮਾਜਿਕ ਅਨਿਆਂ ਅਤੇ ਨਾਂ ਬਰਾਬਰੀ ਵਧ ਰਹੀ ਹੈ। ਬੇਸ਼ੱਕ ਇੱਕ ਪਾਸੇ ਦੁਨੀਆਂ ਦੇ ਅਮੀਰ ਲੋਕਾਂ ਵਿੱਚ ਕੁੱਝ ਭਾਰਤੀਆਂ ਦੇ ਨਾਮ ਸ਼ਾਮਲ ਹੋ ਚੁੱਕੇ ਹਨ ਜੋਕਿ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ ਗਰੀਬੀ, ਭੁੱਖਮਰੀ, ਇਲਾਜ਼ ਤੋਂ ਬਿਨ੍ਹਾਂ ਤੜਫਦੇ ਮਰੀਜ਼, ਛੱਤ ਬਿਨ੍ਹਾਂ ਰਾਤਾਂ ਕੱਟਦੇ ਲੋਕ, ਸਿੱਖਿਆਂ ਤੋਂ ਬਾਂਝੇ ਬੱਚੇ, ਕੁਪੋਸ਼ਣ ਦਾ ਸ਼ਿਕਾਰ ਬੱਚੇ, ਮੁੱਢਲੀਆਂ ਜਰੂਰਤਾਂ ਲਈ ਜਿਸਮਫਰੋਸ਼ੀ ਦਾ ਧੰਦਾ ਕਰਦੀਆਂ ਦੇਸ਼ ਦੀਆਂ ਬੱਚੀਆਂ, ਬਾਲ ਮਜ਼ਦੂਰ, ਬਾਲ ਵਿਆਹ ਦੀ ਕੁਪ੍ਰਥਾ ਦਾ ਸ਼ਿਕਾਰ ਹੋ ਰਹੇ ਬੱਚੇ, ਬਲਾਤਕਾਰ ਦੀਆਂ ਵੱਧ ਰਹੀਆਂ ਘਟਨਾਵਾਂ, ਦਾਜ ਦਾ ਸ਼ਿਕਾਰ ਹੋ ਰਹੀਆਂ ਮਹਿਲਾਵਾਂ, ਇਨਸਾਫ ਦੀ ਲੰਬੀ ਉਡੀਕ ਵਿੱਚ ਬੈਠੇ ਲੋਕ ਸਮਾਜ ਨੂੰ ਝੰਜੋੜਕੇ ਰੱਖਦੇ ਹਨ ਅਤੇ ਸਮਾਜਿਕ ਨਿਆਂ ਦਾ ਮਜਾਕ ਉਡਾਂਉਦੇ ਨਜਰ ਆਂਦੇ ਹਨ।

ਪਿਛਲੇ ਕੁੱਝ ਸਾਲਾਂ ਦੌਰਾਨ ਹੀ ਇੱਕ ਵਿਸੇਸ ਫਿਰਕੇ ਵਲੋਂ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਕੁੱਝ ਰਾਜਨੀਤੀਵਾਨਾਂ ਦੀ ਸਹਿ ਤੇ ਪੱਖਪਾਤ ਅਤੇ ਅਤਿਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੋਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ।

ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਜੱਜ, ਦੇਸ ਦੇ ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਵਿਦਿੱਅਕ ਅਦਾਰਿਆਂ ਦੇ ਅਧਿਆਪਕ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਸਮਾਜਿਕ ਨਿਆਂ ਦੀ ਖਸਤਾ ਹਾਲਤ ਬਿਆਨ ਕਰਦੀ ਹੈ। ਬਹੁਤੇ ਲੋਕਾਂ ਦੀ ਮਹੱਤਤਾ ਜਾਨਵਰਾਂ ਤੋਂ ਵੀ ਘੱਟ ਹੈ। ਪਿਛਲੇ ਸਾਲ ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਉਸਤੋਂ ਬਾਦ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਗਰੀਬ ਲੋਕਾਂ ਦੀ ਖਸਤਾ ਹਾਲਤ, ਗਰੀਬ ਪ੍ਰਵਾਸੀ ਮਜਦੂਰਾਂ ਵਲੋਂ ਸਾਧਨਾਂ ਦੀ ਅਣਹੋਂਦ ਕਾਰਨ ਭੁੱਖੇ ਰਹਿਣਾ, ਪਰਿਵਾਰਾਂ ਸਮੇਤ ਹਜਾਰਾਂ ਕਿ-ਲੋਮੀਟਰ ਸਫਰ ਪੈਦਲ ਤਹਿ ਕਰਨਾ, ਪੁਲਿਸ ਪ੍ਰਸ਼ਾਸਨ ਵਲੋਂ ਇਨ੍ਹਾਂ ਤੇ ਅਤਿੱਆਚਾਰ ਕਰਨ ਸਮਜਿਕ ਅਨਿਆਂ ਦੀ ਮੂਹ ਬੋਲਦੀ ਤਸਵੀਰ ਹੈ। ਸਰਕਾਰਾਂ ਵਲੋਂ ਜਾਨਵਰਾਂ ਤੇ ਅਤਿਆਚਾਰਾਂ ਨੂੰ ਰੋਕਣ ਲਈ ਬੇਸ਼ੱਕ ਵਿਸ਼ੇਸ ਕਰਵਾਈ ਕੀਤੀ ਜਾਂਦੀ ਹੈ ਪਰ ਗਰੀਬ ਲੋਕਾਂ ਤੇ ਅਤਿੱਆਚਾਰਾਂ ਦੀਆਂ ਘਟਨਾਵਾ ਰੋਕਣ ਲਈ ਖਾਸ ਕਾਰਵਾਈ ਨਹੀਂ ਕੀਤੀ ਜਾਂਦੀ ਹੈ। ਧਰਮ, ਜਾਤ, ਲਿੰਗ ਅਧਾਰ ਤੇ ਕਈ ਸਰਵਜਨਿਕ ਸਥਾਨਾਂ ਤੇ ਅਜ਼ਾਦੀ ਦੇ ਸੱਤ ਦਹਾਕਿਆਂ ਬਾਦ ਵੀ ਸ਼ੂਦਰਾਂ ਅਤੇ ਮਹਿਲਾਵਾਂ ਦੇ ਦਾਖਲੇ ਦੀ ਮਨਾਹੀ ਵਰਗੀਆਂ ਘਟਨਾਵਾਂ ਸਮਾਜਿਕ ਨਿਆਂ ਦਾ ਮੂੰਹ ਚਿੜਾਉਂਦੀਆਂ ਹਨ ਅਤੇ ਸਮਾਜਿਕ ਨਿਆਂ ਦੇ ਰਾਹ ਵਿੱਚ ਵੱਡਾ ਰੋੜਾ ਹਨ।

ਸਾਡੇ ਦੇਸ਼ ਦਾ ਨਿਆਇਕ ਢਾਂਚਾ ਜੋਕਿ ਬਹੁਤ ਹੀ ਲਚਕੀਲਾ ਅਤੇ ਖਰਚੀਲਾ ਹੈ ਅਤੇ ਬਹੁਤ ਸਮਾਂ ਲੈਂਦਾ ਹੈ ਕਾਰਨ ਬਹੁਤੇ ਸਾਧਨਹੀਣ ਲੋਕ ਇਨਸਾਫ ਲੈਣ ਲਈ ਤੜਫਦੇ ਰਹਿੰਦੇ ਹਨ ਜਦਕਿ ਸਾਧਨ ਸੰਪਨ ਲੋਕ ਇਸਦਾ ਦੁਰਉਪਯੋਗ ਕਰਦੇ ਹਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ। ਬਹੁਤੇ ਥਾਵਾਂ ਤੇ ਨਾਗਰਿਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਹੀ ਅਪਣੇ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਿੱਚ ਮੋਹਰੀ ਰਹਿੰਦੀ ਹੈ ਅਤੇ ਇਸ ਵਿੱਚ ਕਈ ਵਾਰ ਸਾਡੇ ਦੇਸ਼ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨੇਤਾ ਵੀ ਹੱਲਾ ਸ਼ੇਰੀ ਦਿੰਦੇ ਹਨ। ਸਰਕਾਰ ਵਲੋਂ ਲਿਤਾੜ੍ਹੇ ਅਤੇ ਪੱਛੜ੍ਹੇ ਵਰਗਾਂ ਨੂੰ ਸਮਾਜਿਕ ਨਿਆਂ ਦੇਣ ਲਈ ਬੇਸ਼ੱਕ ਵੱਖ ਵੱਖ ਆਯੋਗ ਜਿਵੇਂ ਮਨੁਖੀ ਅਧਿਕਾਰ ਆਯੋਗ, ਬਾਲ ਅਧਿਕਾਰ ਆਯੋਗ, ਮਹਿਲਾ ਆਯੋਗ, ਅਨੂਸੂਚਿਤ ਜਾਤਿ ਆਯੋਗ, ਅਨੂਸੂਚਿਤ ਜਨਜਾਤਿ ਆਯੋਗ, ਘੱਟ ਗਿਣਤੀ ਆਯੋਗ, ਪੱਛੜੀਆਂ ਸ਼੍ਰੇਣੀਆਂ ਆਯੋਗ ਆਦਿ ਬਣਾਏ ਗਏ ਹਨ ਪਰੰਤੂ ਇਹ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਹੇ ਹਨ ਜਿਸ ਕਾਰਨ ਅੱਜ ਵੀ ਦੇਸ਼ ਦੇ ਕਈ ਭਾਗਾਂ ਵਿੱਚ ਸਮਾਜਿਕ ਅਨਿਆਂ ਤੋਂ ਦੁਖੀ ਲੋਕ ਨਿਆਂ ਪਾਣ ਲਈ ਗੈਰ ਕਨੂੰਨੀ ਢੰਗ ਅਪਣਾ ਰਹੇ ਹਨ ਅਤੇ ਦੇਸ਼ ਵਿੱਚ ਹਾਲਾਤ ਵਿਗੜ ਰਹੇ ਹਨ। ਅੱਜ ਵਿਸ਼ਵ ਨਿਆਂ ਦਿਵਸ ਮੌਕੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਮਾਜਿਕ ਨਿਆਂ ਸਬੰਧੀ ਸਮਾਗਮ ਕੀਤੇ ਜਾ ਰਹੇ ਹਨ ਪਰ ਸਮਾਜਿਕ ਨਿਆਂ ਦੀ ਖਸਤਾ ਹਾਲਤ ਨੂੰ ਵੇਖਕੇ ਲੱਗਦਾ ਹੈ ਕਿ ਸਾਡੇ ਦੇਸ਼ ਵਿੱਚ ਸਮਾਜਿਕ ਨਿਆਂ ਦਾ ਸੁਪਨਾ ਪੂਰਾ ਕਰਨ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ।

# ਸੌਦਾ ਵੇਚਣ ਵਾਲੇ

ਫਿਕਰ ਤੌਂਸਵੀ



**ਸੰਗ੍ਰਹਿ ਕਰਤਾ– ਹਰਮੇਸ਼ ਜੱਸਲ**

ਈਮਾਨ ਵੇਚਦਾ ਹਾਂ, ਹੈ ਕੋਈ ਲੈਣ ਵਾਲਾ?
ਕਿਸ ਭਾਅ ਦਿੱਤਾ ਹੈ, ਓ ਛਾਬੜੀ ਵਾਲੇ!

ਕਿਹੜਾ ਇਮਾਨ, ਵੇਚਦੇ ਹੋ? ਧਾਰਮਿਕ ਇਮਾਨ, ਸਿਆਸੀ ਈਮਾਨ? ਜ਼ਰਾ ਨਮੂਨਾ ਤਾਂ ਚਿਖਾਵੋ, ਜ਼ਰਾ ਵੰਨਗੀ ਤਾਂ ਦਿਖਾਓ?

ਅਜ਼ੀ ਕੇਹਾ ਭਾਅ ਕੇਹੀ ਵੰਨਗੀ? ਮੇਰੇ ਕੋਲ ਤਾਂ ਹਰ ਤਰ੍ਹਾਂ ਦਾ ਮਾਲ ਮੌਜੂਦ ਹੈ ਪਰ ਅੱਜਕਲ੍ਹ ਤਾਂ ਸਿਆਸੀ ਈਮਾਨ ਦੇ ਮਾਲ ਦੀ ਮੰਡੀ ਵਿਚ ਬਹੁਤ ਪੁੱਛਗਿੱਛ ਹੈ। ਗਾਹਕ ਹੱਥੋ-ਹੱਥੀ ਚੁੱਕ ਲੈਂਦੇ ਹਨ। ਬੋਲੋ ਕਿਹੜਾ ਇਮਾਨ ਖਰੀਦੋਗੇ? ਐਮ. ਪੀ. ਦਾ ਜਾਂ ਐਮ. ਐਲ. ਏ. ਦਾ? ਜ਼ਰਾ ਕੋਈ ਐਮ. ਐਲ. ਏ. ਦਿਖਾਣਾ, ਮੈਂ ਜ਼ਰਾ ਵਜ਼ਾਰਤ ਬਣਾਉਣ ਦੀ ਦਾਅਵਤ ਲੈਣੀ ਹੈ ਪਰ ਦੇਖਣਾ ਕੋਈ ਸਾਫ-ਸੁਥਰਾ ਖਾਲਿਸ ਐਮ. ਐਲ. ਏ. ਦਿਖਾਣਾ, ਕੱਲ੍ਹ ਇਕ ਛਾਬੜੀ ਵਾਲੇ ਤੋਂ ਇਕ ਐਮ. ਐਲ. ਏ. ਖਰੀਦਿਆ ਸੀ, ਚੱਖਿਆ ਤਾਂ ਮਿਲਾਵਟੀ ਨਿਕਲਿਆ। ਮੈਂ ਚੱਖ ਕੇ ਬਾਹਰ ਕੂੜੇ ਵਿਚ ਸੁੱਟ ਦਿੱਤਾ।

ਸਸਤੇ ਭਾਅ ਲਿਆ ਹੋਵੇਗਾ। ਖਾਲਿਸ ਐਮ. ਐਲ. ਏ. ਅੱਜਕਲ੍ਹ ਮਿਲਦਾ ਕਦੋਂ ਹੈ? ਅੱਜ ਖਰੀਦੋ, ਦੁਪਹਿਰ ਤੱਕ ਇਸ ਵਿਚ ਕੀੜੇ ਪੈ ਜਾਂਦੇ ਹਨ ਅਤੇ ਚਾਰ ਦਿਨ ਪਹਿਲਾਂ ਤਾਂ ਮੇਰੇ ਨਾਲ ਵੀ ਧੋਖਾ ਹੋ ਗਿਆ। ਉਹ ਇਹ ਕਿ ਇਕ ਐਮ. ਐਲ. ਏ. ਜ਼ਰਾ ਸਸਤੇ ਭਾਅ ਵੇਚਿਆ ਯਾਨਿ ਕੇਵਲ ਡਿਪਟੀ ਵਜ਼ੀਰੇ ਵੱਟੇ ਪਰ ਉਹ ਫਿਰ ਲੁੜਕ ਕੇ ਮੇਰੇ ਪਾਸ ਪਰਤ ਆਇਆ। ਹੁਣ ਉਸਨੂੰ ਕੋਈ ਟਰੱਕ ਦੇ ਪਰਮਿਟ ਵੱਟੇ ਵੀ ਨਹੀਂ ਖਰੀਦਦਾ, ਮੇਰੇ ਸਟੋਰ ਵਿਚ ਪਿਆ-ਪਿਆ ਸੜ ਰਿਹਾ ਹੈ।

ਕੋਈ ਹਰਜ਼ ਨਹੀਂ, ਮੈਂ ਉਸਨੂੰ ਖਰੀਦ ਲਵਾਂਗਾ।

ਹੈ ਤਾਂ ਹੁਣ ਤੱਕ ਐਮ. ਐਲ. ਏ. ਨਾ? ਅਸੈਂਬਲੀ ਤੋਂ ਅਸਫੀਤਾ ਤਾਂ ਨਹੀਂ ਦਿੱਤਾ। ਗਵਰਨਰ ਕੋਲ ਜੋ ਸੂਚੀ ਹੈ, ਉਸ ਵਿਚ ਤਾਂ ਨਾਂ ਦਰਜ ਹੈ ਨਾ?

ਹਾਂ ਜੀ, ਬਕਾਇਦਾ ਮੈਂਬਰ ਅਸੈਂਬਲੀ ਹੈ। ਅਸੈਂਬਲੀ ਕੌਣ ਛੱਡਦਾ ਹੈ ਜੀ, ਅੱਜਕਲ੍ਹ ਤਾਂ ਪਾਰਟੀ ਛੱਡਣ ਦਾ ਰਿਵਾਜ਼ ਹੈ, ਅਸੈਂਬਲੀ ਛੱਡਣ ਦਾ ਨਹੀਂ।

ਤਾਂ ਫਿਰ ਠੀਕ ਹੈ, ਉਹ ਚੱਲ ਜਾਵੇਗਾ, ਮੈਂ ਤਾਂ ਭਰਤੀ ਪੂਰਾ ਕਰਨੀ ਹੈ। ਕਵਾਲਟੀ ਤੇ ਮਾਰੋ ਲੱਤ। ਮੈਂ ਗਵਰਨਰ ਅਕੜਾ ਕੇ, ਬਹੁਤ ਫਖਰ ਨਾਲ ਕਿਹਾ ਕਰਦਾ ਹੈ, ਸਾਡਾ ਈਮਾਨ ਵਿਕ ਸਕਦਾ ਹੈ, ਧੌਣ ਨਹੀਂ ਝੁਕ ਸਕਦੀ।

ਫੂੰ! ਉਹ ਭੁਰ ਜੀ ਮਲ। ਮੇਰੀ ਪਿਛਲੀ ਵਜ਼ਾਰਤ ਵਿਚ ਮੇਰੀਆਂ ਤਲੀਆਂ ਚੱਟਦਾ ਫਿਰਦਾ ਸੀ। ਮੈਂ ਖਰੀਦ ਕੇ ਉਸਨੂੰ ਵਜ਼ੀਰ ਬਣਾ ਦਿੱਤਾ। ਪਰ ਇਕੋ ਹਫਤੇ ਵਿਚ ਮੇਰੀ ਵਜ਼ਾਰਤ 'ਚੋਂ ਨਿਕਲ ਕੇ ਦੁਸ਼ਮਣ ਪਾਰਟੀ ਨਾਲ ਜਾ ਮਿਲਿਆ ਅਤੇ ਮੇਰੀ ਵਜ਼ਾਰਤ ਤੁੜਵਾ ਦਿੱਤੀ ਅਤੇ ਉਥੇ ਜਾ ਕੇ ਖਜ਼ਾਨਾ ਵਜ਼ੀਰ ਬਣ ਗਿਆ। ਫੂੰ! ਇਹ ਤਾਂ ਉਹੀਓ ਭੱਦਰ ਪੁਰਸ਼ ਹੈ। ਜੋ ਹੁਣ ਇਹਨਾਂ ਦੀ ਵਜ਼ਾਰਤ ਨਾਲ ਗਦਾਰੀ ਕਰਕੇ ਇਹਨਾਂ ਦਾ ਤਖਤਾ ਉਲਟਣਾ ਚਾਹੁੰਦੇ ਹਨ। ਮੈਨੂੰ ਨਹੀਂ ਚਾਹੀਦਾ, ਇਹੋ ਜਿਹਾ ਘਟੀਆ, ਤੀਜੇ ਦਰਜੇ ਦਾ ਈਮਾਨ ਫਰੋਸ਼! ਹੋਵੇਗਾ ਸ਼ਾਹੀ ਖਾਨਦਾਨ ਵਿਚੋਂ। ਮੈਂ ਤਾਂ ਉਸਨੂੰ ਵਿਸਕੀ ਦੇ ਇਕ ਅਧੀਏ ਤੋਂ ਵੀ ਨਾ ਖਰੀਦਾਂਗਾ। ਭਈ ਛਾਬੜੀ ਵਾਲੇ ਲਾਲ ਕੋਈ ਪੱਕਾ ਈਮਾਨ ਫਰੋਸ਼ ਦੱਸੋ, ਜੋ ਘੱਟੋ ਘੱਟ ਛੇ ਮਹੀਨੇ ਤਾਂ ਚੱਲ ਸਕੇ। ਅਜਿਹਾ ਬੰਦਾ ਤਾਂ ਲੱਭਣਾ ਔਖਾ ਹੈ ਜਨਾਬ! ਜਮਾਨਾ ਤਾਂ ਵੇਖੋ ਕਿਧਰ ਜਾ ਰਿਹਾ ਹੈ? ਅੱਜਕਲ੍ਹ ਤਾਂ ਇਹੋ ਜਿਹੇ ਡੰਗ ਟਪਾਊ ਈਮਾਨ ਫਰੋਸ਼ਾਂ ਨਾਲ ਹੀ ਸਾਰੇ ਗੁਜ਼ਾਰਾ ਚਲਾ ਰਹੇ ਹਨ। ਤਾਂ ਦੱਸੋ, ਤੋਲਦਿਆਂ?

ਜ਼ਰਾ ਸੋਚਣ ਦੇਵੋ।

ਹੂ-ਹੂ-ਹੂ! ਸੋਚਣ ਦਾ ਭਲਾ ਜ਼ਮਾਨਾ ਹੈ। ਇੱਥੇ ਤਾਂ ਝੱਟ ਖਰੀਦੋ ਪੱਟ ਵਜ਼ੀਰੀ। ਇੱਧਰ ਤੁਸੀਂ ਸੋਚਦੇ ਰਹੋਗੇ, ਉਧਰ ਕੋਈ ਦੂਜਾ ਆ ਕੇ ਖਰੀਦ ਲਵੇਗਾ ਅਤੇ ਤੁਸੀਂ ਕੁਦੱਦ ਹੀ ਰਹਿ ਜਾਵੋਗੇ।

ਦੇਖ ਭਾਈ, ਛਾਬੜੀ ਵਾਲੇ ਭਰਾ! ਤੂੰ ਆਪਣਾ ਮਾਲ ਵੇਚਣ ਖਾਤਰ ਹੀ ਇਹ ਪ੍ਰਚਾਰ ਕਰ ਰਹੇ ਹੋ ਪਰ ਇਸ ਵਾਰ ਮੈਂ ਇਹ ਧਾਰ ਲਿਆ ਹੈ ਕਿ ਬਹੁਤ ਮਜ਼ਬੂਤ ਵਜ਼ਾਰਤ ਬਣਾਵਾਂਗਾ, ਜਿਸਦਾ ਈਮਾਨ ਖਰੀਦਾਂਗਾ, ਉਸਨੂੰ ਪਹਿਲਾਂ ਠੋਕ ਵਜਾ ਕੇ ਦੇਖ ਲਵਾਂਗਾ, ਇਸ ਵਾਰ ਮੈਂ ਸੱਚੀ-ਮੁੱਚੀ ਜਨਤਾ ਦੀ ਸੇਵਾ ਕਰਨਾ ਚਾਹੁੰਦਾ ਹਾਂ।

ਅਜ਼ੀ, ਛੱਡੋ, ਨਰਕ ਵਿਚ ਜਾਵੇ ਜਨਤਾ, ਉਹਨਾਂ ਨੂੰ ਕੌਣ ਪੁੱਛਦਾ ਹੈ। ਉਹਨਾਂ ਨੇ ਕਾਂਗਰਸ ਨੂੰ ਵੋਟ ਦਿੱਤਾ ਤਾਂ ਉਹ ਕਾਂਗਰਸੀ, ਜਨਸੰਘ ਵਿਚ ਚਲਾ ਗਿਆ। ਜਨਸੰਘ ਨੂੰ ਦਿੱਤਾ ਤਾਂ ਉਹ ਖੂਬ ਕਮਿਊਨਿਸਟ ਹੋ ਗਿਆ। ਖੂਬ ਕਮਿਊਨਿਸਟ ਅਕਾਲੀਆਂ ਨਾਲ, ਅਕਾਲੀ ਕਾਂਗਰਸ ਨਾਲ, ਜਨਤਾ ਦੀ ਜੋ ਗਤ ਹੋਈ ਹੈ, ਉਸਨੂੰ ਹੁਣ 'ਦੁਰਗਤ' ਬਣਨ ਦਿਓ ਅਤੇ ਵਜ਼ਾਰਤ ਬਣਾ ਕੇ ਚਾਰ ਦਿਨ ਦੀ ਚਾਂਦਨੀ ਦੇਖ ਲਵੋ। ਪੰਜਵੇਂ ਦਿਨ ਅਮਾਵਸ ਦੀ ਰਾਤ ਆਵੇਗੀ ਹੀ।

ਅੱਛਾ ਬਾਬਾ! ਤੂੰ ਦਿਖਾ ਉਹ ਜ਼ਰਾ, ਐਮ. ਐਲ. ਏ.। ਮੈਂ ਉਸਨੂੰ ਡਿਪਟੀ ਵਜ਼ੀਰ ਬਣਾ ਦੇਵਾਂਗਾ।

ਨਹੀਂ ਸਾਹਿਬ! ਭਾਅ ਘੱਟ ਨਹੀਂ ਹੋ ਸਕਦਾ। ਦੂਜੇ ਗਰੁੱਪ ਵਾਲੇ ਉਸਨੂੰ ਖਜ਼ਾਨਾ ਵਜ਼ੀਰੀ ਪੇਸ਼ ਕਰ ਰਹੇ ਹਨ। ਇਸਦੇ ਨਾਲ ਹੀ ਸੈਰ ਦਾ ਵਾਪਸੀ ਟਿਕਟ ਵੀ ਦੇ ਰਹੇ ਹਨ। ਅਮਰੀਕਾ ਦੀ ਸੀ. ਆਈ. ਏ. ਵਾਲਿਆਂ ਦੀ ਦੌਲਤ ਵੀ ਤਾਂ ਉਸਦੀ ਪਿੱਠ ਉਤੇ ਹੈ।

ਊ ਹੂੰ! ਕੀ ਰੇਟ ਵਧਾ ਦਿੱਤਾ ਹੈ, ਭੁਰਜੀ ਚੰਦ ਨੇ। ਕੌਮਾਂਤਰੀ ਬਜ਼ਾਰ ਵਿਚ ਵੀ ਵਿਕਣ ਲੱਗਾ ਨਹੀਂ ਭਾਈ! ਨਾ ਦਿਖਾਓ। ਮੈਂ ਉਸਨੂੰ ਯੂਰਪ ਦਾ ਟਿਕਟ ਤਾਂ ਇਕ ਪਾਸੇ ਆਗਰੇ ਦਾ ਟਿਕਟ ਵੀ ਨਾ ਦਿਆਂ। ਅਜਿਹੇ ਆਦਮੀ ਤਾਂ ਪੂਰੇ ਦੇਸ਼ ਨੂੰ ਦੂਜਿਆਂ ਪਾਸ ਵੇਚ ਦੇਣਗੇ। ਲੱਗਦਾ ਹੈ ਤੂੰ ਮੂਰਖ ਹੈਂ, ਆਪਣੀ ਚਿੰਤਾ ਕਰ। ਦੇਸ਼ ਦੀ ਚਿੰਤਾ, ਭਗਵਾਨ ਕਰੂੰਗਾ।

ਗੈਟ ਆਊਟ! ਚਲਦੇ ਫਿਰਦੇ ਨਜ਼ਰ ਆਵੋ!

ਆਲ ਰਾਈਟ! ਬਿਲਕੁਲ ਠੀਕ, ਆਪਣਾ ਸੌਦਾ ਕੋਈ ਖੋਟਾ ਥੋੜ੍ਹਾ ਹੈ, ਮੰਡੀ ਵਿਚ ਇਸ ਦੀ ਮੰਗ ਹੈ, ਤੁਸੀਂ ਨਹੀਂ ਖਰੀਦੋਗੇ ਤਾਂ ਕੋਈ ਹੋਰ ਖਰੀਦ ਲਵੇਗਾ। ਮੈਂ ਤਾਂ ਕੇਵਲ ਤੁਹਾਡੇ ਭਲੇ ਦੀ ਗੱਲ ਕਹਿੰਦਾ ਹਾਂ, ਤਾਂ ਫਿਰ ਜਾਵਾਂ। ਚਲੋ ਕੋਆਪਰੇਟਿਵ ਸੁਸਾਇਟੀਆਂ ਦਾ ਮਹਿਕਮਾ ਹੀ ਦੇ ਦੇਵੋ, ਮਨਜ਼ੂਰ ਹੈ।

ਹਾਂ, ਇਕ ਸ਼ਰਤ ਹੈ, ਮੇਰੇ ਕੋਲ ਵਿਕ ਕੇ ਹੋਰ ਕਿਸੇ ਕੋਲ ਨਹੀਂ ਵਿਕੇਗਾ। ਊ ਹੂੰ! ਇਹ ਸ਼ਰਤ ਤਾਂ ਡਿਕਟੇਟਰਾਨਾ ਹੈ। ਜਮਹੂਰੀਅਤ ਦੀ ਗੱਲ ਕਰੋ। ਇਸ ਨਾਲ ਪੰਜ ਐਮ. ਐਲ. ਏ. ਵੀ ਝੂੰਗੇ ਵਿਚ ਮਿਲਣਗੇ। ਮੈਂ ਹੁਣ ਚੱਲਿਆ, ਸੋਚ ਲਵੋ।

ਓ. ਭਾਈ ਛਾਬੜੀ ਵਾਲੇ! ਅਰੇ ਓ ਝੂੰਗੇ ਦੇ ਪੰਜ ਅਸੈਂਬਲੀ ਮੈਂਬਰਾਂ ਵਾਲੇ! ਜ਼ਰਾ ਰੁਕ ਜਾ।

ਕੱਲ੍ਹ ਆਵਾਂਗਾ ਜਨਾਬ! (ਉਚੀ ਆਵਾਜ਼ ਨਾਲ ਹਾਕਾਂ ਮਾਰਦੇ ਹੋਏ) ਲੈ ਲਵੋ ਭਾਈ, ਇਮਾਨ ਵੇਚਦਾ ਹਾਂ, ਹਿੰਦੂ ਦਾ ਇਮਾਨ, ਮੁਸਲਮਾਨ ਦਾ ਇਮਾਨ, ਸਿੱਖ ਦਾ ਇਮਾਨ, ਹੈ ਕੋਈ ਲੈਣ ਵਾਲਾ?

**(ਹਵਾਲਾ– ਕਿਰਤੀ (ਹਫਤਾਵਾਰ), 22 ਅਪ੍ਰੈਲ 1967)**

# ਪੰਜਾਬੀ ਫਿਲਮ ਖ਼ਬਰਨਾਮਾ – ਅੰਮ੍ਰਿਤ ਪਵਾਰ

## 'ਰੰਗ ਬਰੰਗੀ' ਵੈਬ ਸੀਰੀਜ ਪੰਜਾਬੀ ਮਨੋਰੰਜਨ ਵਿਚ ਸ਼ਾਨਦਾਰ ਤਹਿਲਕਾ ਹੋਊ : ਅਨੂ ਚੌਧਰੀ










ਇਸ ਸਮੇਂ ਰਾਜਪਾਲ ਬਾਦਲ ਨਾਲ 'ਮਿੱਠੂ ਸੁਕਰ ਗੁਜਾਰ ਹੈ ਬਲਿਊ ਡਾਇਮੰਡ ਫਿਲਮਜ ਤੇ ਸੰਦੀਪ ਸਿੰਘ ਦੀ ਜਿਸਨੇ ਪ੍ਰੀਤ ਸਿੱਧੂ ਨਿਰਦੇਸ਼ਤ 'ਰੰਗ ਬਰੰਗੀ' ਵੈਬ-ਸੀਰੀਜ ਵਿੱਚ ਉਸਨੂੰ ਹੀਰੋਇਨ ਲਿਆ ਅਨੂ ਨੇ ਮੁੰਬਈ ਤੋਂ ਦੱਸਿਆ ਕਿ 'ਰੰਗ ਬਰੰਗੀ' 'ਚ ਸਾਨਦਾਰ ਕੱਪੜੇ, ਮਨਮੋਹਤ ਲੋਕੇਸ਼ਨਾ ਤੇ ਰੁਮਾਟਿਕ ਦ੍ਰਿਸ਼ ਨੌਜਵਾਨਾ ਨੂੰ ਮੋਹ ਲੈਣਗੇ ਆਪਣੇ ਸਾਥੀ ਸਿਤਾਰੇ ਸੰਦੀ ਸੰਧੂ ਅਨੂ ਚੌਧਰੀ ਨੇ ਮੁਸਕਰਾ ਕਿ ਕਿਹਾ ਕਿ ਇਹ ਪਿਆਰਾ ਜਿਹਾ ਮੁੰਡਾ ਇਕ ਦਿਨ ਆਪਣੀ ਇਮਾਨਦਾਰੀ ਨਾਲ ਸਟਾਰ ਐਕਟਰ ਬਣੇਗਾ । ਨਿਰਦੇਸ਼ਕ ਦੀ ਤਾਂ ਅਨੂ ਨੇ ਕਿਹਾ ਪ੍ਰੀਤ ਸਰ ਦਾ ਕੰਮ ਕਰਵਾਉਣ ਦਾ ਅੰਦਾਜ ਬਹੁਤ ਹੀ ਵਧੀਆ ਰਿਹਾ । ਅਨੂ ਚੌਧਰੀ ਨਾਲ 'ਰੰਗ ਬਰੰਗੀ' 'ਚ ਪ੍ਰੀਤ ਸਿੱਧੂ, ਸੋਨਮ ਕੌਰ, ਦਲੇਰ ਮਹਿਤਾ ਦੂਸਰੇ ਪ੍ਰਮੁੱਖ ਸਿਤਾਰੇ ਹਨ।

ਅਨੂ ਚੌਧਰੀ 'ਰੰਗ ਬਰੰਗੀ' ਦੇ ਮੇਕਅੱਪ ਮੈਨ ਰਵੀ ਦੀ ਸਿਫਤ ਕਰਦੀ ਕਹਿ ਰਹੀ ਹੈ ਕਿ ਸੋਹਣਾ ਬਣਾਇਆ ਉਸਨੇ ਹਰ ਕਲਾਕਾਰ ਨੂੰ ਤੇ ਕੈਮਰਾ ਮੈਨ ਰੈਂਬੋ ਨੇ ਇੱਕ-ਇਕ ਦ੍ਰਿਸ਼ ਹੁਸ਼ਿਆਰੀ ਨਾਲ ਲਿਆ ਜਿਵੇਂ ਉਸਦੀ ਸਾਨਦਾਰ ਸਰੀਰਕ ਬਣਤਰ ਨੂੰ ਕੈਮਰੇ ਦੇ ਹਰ ਹੋਣ ਤੋਂ ਲੈ ਕਿ ਲੋਕਾਂ ਨੂੰ ਰਮਾਂਚਿਤ ਕਰਨ ਲਈ ਖਿੱਚਵੇਂ, ਕਾਮੁਕ ਪਰ ਪਿਆਰੇ ਦ੍ਰਿਸ਼ ਲਏ । ਅਨੂ ਨੇ ਪੂਜਾ ਗੋਦਾਰ, ਦੀਆਂ ਨਗਮਾ, ਰਮਨ ਮੁਟਿਆਰ, ਦਿਲ ਆਦਿ ਸਾਥਦ ਕੁੜੀਆ ਦੇ ਸੁਬਾਓ ਦੀ ਤਾਰੀਫ ਵੀ ਕੀਤੀ । ਅਨੂ ਚੋਧਰੀ ਅਨੁਸਾਰ ਪ੍ਰੀਤ ਸਿੱਧੂ ਦੀ ਕਹਾਣੀ ਸੱਚੀ 'ਰੰਗ ਬਰੰਗੀ' ਹੈ । ਇਸੰਟਾਗਰਾਮ ਤੇ ਦਿਵਾਨੇ ਅਨੂ ਤੋਂ ਵਾਰ-ਵਾਰ ਪੁੱਛਦੇ ਹਨ ਕਿ ਕਦ ਇਹ ਸੀਰੀਜ ਆਏਗੀ, ਅਨੂ ਚੋਧਰੀ, ਸੰਦੀਪ ਸਿੰਘ, ਪ੍ਰੀਤ ਸਿੱਧੂ, ਸੋਨਮ ਕੌਰ ਦੀਆਂ ਰੁਮਾਂਟਿਕ ਲੁਕਣ ਮੀਚੀਆਂ ਦੇ ਨਾਲ ਤੁਸੀ ਵਾਰਿਸ ਆਂਲੀ ਦੇ ਐਕਸਨ ਸੋਹਰਾਬ ਦੀ ਐਡੀਟਿੰਗ ਤੇ ਦੁਲੇਰ ਮਹਿਤਾ, ਲਾਡਾ, ਪੂਜਾ, ਸੁੱਖੀ ਧੀਮਾਨ, ਅਮਨ, ਅਮਿਤ, ਵਤਰਪਾਲ, ਗੁਰਪਾਲ ਦਾ ਕੰਮ ਵੀ ਦੇਖੋਗੇ। ਸਭ ਤੋਂ ਵੱਧ 'ਰੰਗ ਬਰੰਗੀ' ਅਨੂ ਚੌਧਰੀ!












**ਸਿਮੀ ਚਾਹਲ ਦੀ ਭੂਸ਼ਨ ਮਦਾਨ ਵੱਲੋਂ ਸਿਫਤ**

'ਬੰਬੂਕਾਟ' ਫਿਲਮ ਨਾਲ ਸਪੁਰ ਨਾਇਕਾ ਬਣੀ ਸਿਮੀ ਚਾਹਲ ਦੀ ਐਕਟਿੰਗ ਦਾ ਮੁਰੀਦ ਹੈ । ਭੂਸ਼ਨ ਮਦਾਨ ਜਿਸ 12 ਦੇ ਕਰੀਬ ਸੁੱਪਰ ਹਿੱਟ ਫਿਲਮਾ ਬਣਾਈਆਂ ਜੱਦ ਗੱਗੂ - ਯੋਗਰਾਜ ਦਾ ਜਵਾਨੀ ਦੌਰ ਸੀ 'ਸਰਵਣ' 'ਗੋਲਕ ਬੁਗਨੀ ਬਟੂਆ ਬੈਂਕ' ਫਿਲਮ 'ਚ ਸਿਮੀ ਨੂੰ ਦੇਖ ਭੂਸ਼ਨ ਮਦਾਨ ਨੇ ਕਿਹਾ ਸੀ ਕਿ ਇਹ ਦੂਸਰੀ ਨੀਰੂ ਬਾਜਵਾ ਹੈ । 'ਚਲ ਮੇਰਾ ਪੁੱਤ' ਵਾਲੀ ਸਿਮੀ ਚਾਹਲ ਨੂੰ ਲੈ ਕਿ ਭੂਸ਼ਨ ਮਦਾਨ ਫਿਲਮ ਕਰੇਗਾ ।

**ਗੁਰੀ ਸਿੰਘ 'ਟਿਕ ਟਾਕ' ਵਾਲਾ**

'ਟਿਕ ਟਾਕ' ਗਈ ਪਰ ਗੁਰੀ ਸਿੰਘ ਨੂੰ 'ਰੰਗ ਬਰੰਗੀ' ਪੰਜਾਬੀ ਵੈਬ ਲੜੀ ਦਿਵਾ ਗਈ । ਮਤਲਬ ਬਲਿਊ ਡਾਇਮੰਡ ਫਿਲਮਜ ਦੇ ਗੁਰੀ ਸਿੰਘ ਨੂੰ ਸੀਰੀਜ 'ਚ 'ਟਿਕ ਟਾਕ' ਤੇ ਉਸਦਾ ਕੰਮ ਦੇਖ ਲਿਆ ਗੁਰੀ ਸਿੰਘ ਆਸਵੰਦ ਹੈ ਕਿ 'ਰੰਗ ਬਰੰਗੀ' ਪੰਜਾਬ ਦੀ ਸੁਪਰ ਵੈਬ - ਸੀਰੀਜ ਹੋਏਗੀ 'ਦਿਲਪ੍ਰੀਤ ਦੀਪੀ ਇਸ 'ਚ ਗੁਰੀ ਦੇ ਨਾਲ ਹੈ।

**ਗੋਪੀ ਢਿੱਲੋਂ ਮਾਡਲ?**

ਅੱਜ ਦੇ ਕਾਮਯਾਬ ਵੀਡਿਉ ਨਿਰਦੇਸ਼ਕ ਗੋਪੀ ਢਿੱਲੋਂ ਨੇ ਹੁਣ ਮਾਡਲਿੰਗ ਵੀ ਸ਼ੁਰੂ ਕੀਤੀ ਹੈ । ਹਰ ਮਾਡਲ ਆਖਦੀ ਹੈ ਕਿ ਗੋਪੀ ਦੀ 'ਲੁੱਕ' ਤੇ 'ਸਟਾਇਲ' ਗੀਤ ਤੇ ਅਨੁਕੂਲ ਹੁੰਦਾ ਹੈ । 400 ਦੇ ਕਰੀਬ ਪੰਜਾਬੀ ਵੀਡਿਉ ਉਹ ਕਰ ਚੁੱਕਾ ਹੈ । ਗੋਪੀ ਢਿਲੋਂ ਨੇ ਹੁਣ ਅਗਲੀ ਯੋਜਨਾ ਪੰਜਾਬੀ ਫਿਲਮ ਦੀ ਬਣਾਈ ਹੈ, ਐਲਾਨ ਜਲਦੀ ਹੋਵੇਗਾ।

**ਰਾਣਾ ਸੰਧੂ ਹੋਰੀ 'ਘੱਟ ਬੋਲਦੇ'**

ਸਟਾਰ ਗਾਇਕ ਰਾਣਾ ਸੰਧੂ ਦੀ ਗਾਇਕੀ ਦੀ ਉਪਾਸ਼ਕ 5 ਸਟਾਰ ਮਿਊਜਿਕ ਹੈ ਤੇ 'ਘੱਟ ਬੋਲਦੇ' ਗਾਣਾ 5 ਸਟਾਰ ਨੇ ਰਾਣਾ ਸੰਧੂ ਦਾ ਬਾਇਰਡ ਦੋ ਸੰਗੀਤ 'ਚ ਜਾਰੀ ਕੀਤਾ ਹੈ । ਰਾਣਾ ਸੰਧੂ 'ਗੋਲਕ' ਤੋਂ ਬਾਅਦ 'ਘੱਟ ਬੋਲਦੇ' ਨਾਲ ਫਿਰ ਪੰਜਾਬੀ ਗਾਇਕੀ 'ਚ ਤੇਜੀ ਨਾਲ ਅਗਾਂਹ ਆਇਆ ਹੈ ।

**ਹੁਣ ਸੰਦੀਪ ਭੁੱਲਰ**

ਹੀਰੋ ਸੰਦੀਪ ਸਿੰਘ ਨੂੰ ਸੰਦੀਪ ਕੰਬੋਜ ਨਾਲ 'ਮਜਾਜਣ' ਫਿਲਮ 'ਚ ਤੇ ਸੰਦੀਪ ਸਿੰਘ ਨਾਲ 'ਸ਼ੂਦਰ ਸੇ ਖਾਲਸਾ' 'ਚ ਤੱਕਿਆ ਗਿਆ ਹੁਣ ਗਾਇਕ ਵੀ ਬਣੇ ਅਭਿਨੇ ਸੰਦੀਪ ਨੇ ਆਪਣਾ ਫਿਲਮੀ/ ਗਾਇਕੀ ਨਾਂਅ ਸੰਦੀਪ ਭੁੱਲਰ ਰੱਖਿਆ ਹੈ । ਅਸਲ 'ਚ ਉਹ ਪ੍ਰਸਿੱਧ ਗਾਇਕ ਸੁਰਜੀਤ ਭੁੱਲਰ ਦਾ ਸ਼ਗਿਰਦ ਤੇ ਭਾਣਜਾ ਹੈ।

**ਸੰਦੀਪ ਕੌਰ ਸੰਧੂ 'ਜੱਟੀ ਦੀ ਯਾਰੀ'**

ਯੰਗਜ ਸਟਾਰ ਦੇ ਸੁਰਮਈ ਸੰਗੀਤ 'ਚ 'ਜੱਟੀ ਦੀ ਯਾਰੀ' ਮਿੱਠਾ ਗੀਤ ਹੈ ਜੋ ਸੰਦੀਪ ਕੌਰ ਦੀ ਅਵਾਜ 'ਚ ਹੈ । ਜੈਗਜ ਧਾਲੀਵਾਲ ਦੇ ਇਸ ਗੀਤ ਨਾਲ ਸੰਦੀਪ ਕੌਰ ਸੰਧੂ ਫਿਰ ਆ ਕਿ ਚਮਕ ਪਈ ਹੈ।

## ਦਿਨ ਕਾਲੇ ਤੇਰੇ ਨਾ ਆ ਜਾਵਣ

ਸਾਨੂੰ ਜਿਨ੍ਹਾਂ ਦੱਬੋਗੇ,
ਅਸੀਂ ਉਨ੍ਹੇਂ ਉੱਗਾਗੇ,
ਠਾਣ ਲਈ ਸਰਕਾਰੇ,
ਤੇਰੇ ਅੱਗੇ ਨਾ ਝੁਕਾਂਗੇ,
ਦੇਖ ਲੋਕਾਂ ਦਾ ਏਕਾ ਨੀ,
ਦਿੱਲੀ ਕਿਤੇ ਘਰ ਨਾ ਪਾ ਜਾਵਣ,
ਕਰ ਵਾਪਿਸ ਕਾਲੇ ਕਾਨੂੰਨਾਂ ਨੂੰ,
ਦਿਨ ਕਾਲੇ ਤੇਰੇ ਨਾ ਆ ਜਾਵਣ .

ਜ਼ੁਲਮ ਦੀ ਵੀ ਹੱਦ ਹੁੰਦੀ ਏ,
ਤੇਰੀ ਅਨਪੜ੍ਹਤਾ ਦੀ ਗੱਲ ਹੁੰਦੀ ਏ,
ਜੇ ਹੁੰਦੀ ਸੂਝਵਾਨ ਸਰਕਾਰੇ,
ਫੇਰ ਕਰਦੀ ਕਿਉਂ ਕਾਰੇ,
ਸਾਡੇ ਸ਼ੇਰ ਪੁੱਤ ਕਿਸਾਨ ਨੀ,
ਤੈਨੂੰ ਨਾ ਕਿਤੇ ਪੜ੍ਹਾ ਜਾਵਣ,
ਕਰ ਵਾਪਿਸ ਕਾਲੇ ਕਾਨੂੰਨਾਂ ਨੂੰ,
ਦਿਨ ਕਾਲੇ ਤੇਰੇ ਨਾ ਆ ਜਾਵਣ .

ਹੁਣ ਹੋਰ ਵੀ ਜੋਸ਼ ਆ ਗਿਆ,
ਟਿਕੈਤ ਨੇ ਜੋ ਹੰਬਲਾ ਮਾਰ ਲਿਆ,
ਸਾਡੇ ਟੁੱਟਦੇ ਹੋਏ ਹੌਂਸਲੇ ਨੂੰ,
ਆਕੇ ਉਸਨੇ ਸੰਭਾਲ ਲਿਆ,
ਹੁਣ ਪਿੰਡਾਂ ਦੇ ਪਿੰਡ ਆਕੇ,
ਦਿੱਲੀ ਨੂੰ ਚੱਕਰਾਂ ਚ ਨਾ ਪਾ ਜਾਵਣ,
ਕਰ ਵਾਪਿਸ ਕਾਲੇ ਕਾਨੂੰਨਾਂ ਨੂੰ,
ਦਿਨ ਕਾਲੇ ਤੇਰੇ ਨਾ ਆ ਜਾਵਣ .

**ਕਰਮਜੀਤ ਕੌਰ ਸਮਾਓਂ**
91-78889-00620



## ਕਿੱਲਾਂ ਦਾ ਕਬਿੱਤ !

ਹੌਂਸਲੇ ਵਧਾਏ ਨੇ ਅੰਬਾਨੀਆਂ ਅਡਾਨੀਆਂ ਦੇ
ਦੇਸ ਨੂੰ ਲੁਟਾਉਂਦੇ 'ਚੌਕੀਦਾਰ' ਵਾਲ਼ੀ ਢਿੱਲ ਨੇ।

ਖੁਲ੍ਹੇ ਆਸਮਾਨ ਠੰਢ ਵਿਚ ਲੋਕੀ ਸੜ੍ਹਕਾਂ 'ਤੇ
ਹਾਕਮਾਂ ਦੀ ਛਾਤੀ ਵਿਚ ਦਿਲ ਨਹੀਉਂ ਸਿੱਲ ਨੇ।

ਜ਼ੁਲਮੋ-ਸਿਤਮ ਢਾਹੁਣ ਵਾਲ਼ੇ ਅਗਿਆਨੀ ਲੋਕ
ਲੋਕ-ਘੋਲ਼ਾਂ ਵਾਲ਼ੇ ਇਤਿਹਾਸ ਪੱਖੋਂ 'ਨਿੱਲ' ਨੇ।

ਅੰਦਰੋਂ ਹੁਕਮਰਾਨ 'ਹਿੱਲੇ ਹੁੰਦੇ' ਜਾਣਿਉਂ ਜੀ
ਕਾਫਲੇ ਵਿਰੋਧ ਵਿਚ ਜਦੋਂ ਪੈਣ ਠਿੱਲ੍ਹ ਜੀ।

ਭੰਡੀ-ਪ੍ਰਚਾਰ ਦਾ ਮੂੰਹ-ਤੋੜਵਾਂ ਜਵਾਬ ਦਿੰਦੇ
ਜਾਪਦਾ ਕਿਸਾਨਾਂ ਹੁਣ ਕੱਢਣੇ ਕੜਿੱਲ ਨੇ।

ਠੋਕੇ ਤਾਨਾਸ਼ਾਹੀ ਜਾਣੋ ਆਪਣੇ ਕਫਨ ਵਿਚ
ਕਿਰਤੀ ਕਿਸਾਨਾਂ ਦੁਆਲ਼ੇ ਗੱਡੇ ਜਿਹੜੇ ਕਿੱਲ ਨੇ !



**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਦਿੱਲੀ- ਸਾਜਿਸ਼ਾਂ

ਕਿਸਾਨ ਨਾ ਕਰਨ ਅਪਮਾਨ ਸਦਾ ਸਤਿਕਾਰ ਤਾਂ ਕਰਦੇ ਝੰਡੇ ਦਾ
ਕੁਝ ਲੋਕੀ ਤਾਂ ਲੈ ਕੇ ਬਹਿ ਗਏ ਮਸਲਾ ਜਦੋਂ ਤਿਰੰਗੇ ਦਾ
ਹੁਣ ਫਿਰਨ ਤਾੜਦੇ ਮੌਕਾ ਤੇ ਨਿੱਤ ਬਿਨਾਂ ਵਜ੍ਹਾ ਹੀ ਲੜਦੇ
ਦਿਲ ਰੱਖਿਓ ਸੂਰਮਿਓ ਨਿੱਤ ਨਵੀਆਂ ਸਾਜ਼ਿਸ਼ਾਂ ਘੜਦੇ।

ਰੋਕ ਸਕਦੀ ਸਰਕਾਰ ਸਦਾ ਪਰ ਸੈਂਟਰ ਦੀ ਬਦਨੀਤੀ
ਉਹਨਾਂ ਰਾਤ ਬਰਾਤੇ ਹਮਲਾ ਕੀਤਾ ਪੁਲਿਸ ਖੜੀ ਚੁੱਪ ਕੀਤੀ
ਸਦਾ ਪੰਜਾਬੀ ਮੌਕਾ ਦਿੰਦੇ ਪਹਿਲ ਕਦੇ ਨਾ ਕਰਦੇ
ਦਿਲ ਰੱਖਿਓ ਸੂਰਮਿਓ ਨਿੱਤ ਨਵੀਆਂ ....

ਮੀਂਹ ਜਾਵੇ ਜਾਂ ਹਨੇਰੀ ਤੇ ਜਦੋਂ ਬਹਿ ਗਏ ਤੰਬੂ ਲਾ ਕੇ
ਮੋੜ ਦੇਣੀ ਫਿਰ ਭਾਜੀ ਛੇਤੀ ਛੱਡਣੇ ਬੰਬ ਬੁਲਾ ਕੇ
ਹੱਕ ਜਿਨ੍ਹਾਂ ਦੇ ਖੋਹੇ ਜਾਂਦੇ ਉਹ ਮੌਤੋਂ ਮੂਲ ਨਾਂ ਡਰਦੇ
ਦਿਲ ਰੱਖਿਓ ਸੂਰਮਿਓ ਨਿੱਤ ਨਵੀਆਂ ...

ਕੌਮ ਗਦਾਰਾਂ ਘੱਟ ਨਾ ਕੀਤੀ ਜਿੰਦ ਸੂਲੀ ਤੇ ਚਾੜ੍ਹੀ
ਜਿਵੇਂ ਲਾਲ ਡੋਗਰੇ ਕਰੀ ਗਦਾਰੀ ਕੀਤੀ ਸੀ ਗੱਲ ਮਾੜੀ
ਇਹੋ ਜਿਹੇ ਫਿਰ ਲੋਕ ਸਦਾ ਹੀ ਮੌਤ ਕੁੱਤੇ ਦੀ ਮਰਦੇ
ਦਿਲ ਰੱਖਿਓ ਸੂਰਮਿਓ ਨਿੱਤ ਨਵੀਆਂ ...

ਬਾਲ ਬੱਚੇ ਘਰ-ਬਾਰ ਛੱਡ ਹੁਣ ਹੱਦਾਂ ਤੇ ਸਾਰੇ ਬਹਿ ਗਏ
ਕਾਰਪੋਰੇਟ ਘਰਾਣਿਆਂ ਦਾ
ਪੂਰਾ ਪੱਖ ਮੋਦੀ ਹੋਰੀ ਲੈ ਗਏ
ਕਿੱਲ ਵਿਛਾ ਕੇ ਸੜਕਾਂ ਤੇ ਕਿਵੇਂ
ਥਾਂ-ਥਾਂ ਕੰਧਾਂ ਕੱਢਦੇ
ਦਿਲ ਰੱਖਿਓ ਸੂਰਮਿਓ ਨਿੱਤ
ਨਵੀਆਂ ਸਾਜਿਸ਼ਾਂ ਘੜਦੇ।



**- ਦੇਵ**
**ਘੋਲੀਆ ਖੁਰਦ**
559-232-7764

## ਅੰਬਰ ਦੇ ਅੱਥਰੂ



**ਕੇਹਰ ਸ਼ਰੀਫ**
+49 173 3546050

ਸੁਣਿਆਂ ਹੈ, ਦੇਖਿਆ ਹੈ
ਮਹਾ-ਮਾਨਵ ਵਰਗਾ ਕੋਈ
ਸਬਰ ਦਾ ਬੰਨ ਤੋੜ ਕੇ
ਸਿਦਕ ਦਾ ਲੜ ਫੜ ਕੇ
ਉੱਠਿਆ ਤੇ ਦਹਾੜਿਆ,
ਧਰਤ ਝੰਜੋੜੀ ਗਈ
ਅੰਬਰ ਦਾ ਕੜ ਪਾਟਿਆ
ਤਾਂ ਕੁੱਝ ਅੱਥਰੂ ਡਿਗੇ।

ਉਹ ਰੋਇਆ ਨਹੀਂ
ਧਰਤੀ ਵਰਗੇ, ਜਿਗਰੇ ਵਾਲੇ
ਸਿਦਕੀ ਰੋਂਦੇ ਨਹੀਂ ਹੁੰਦੇ
ਉਹਦੀ ਲਲਕਾਰ ਨੇ
ਚੁਫੇਰੇ ਗੂੰਜ ਪੈਦਾ ਕੀਤੀ
ਖਾਰੇ ਹੰਝੂਆਂ ਦੇ ਸੈਲਾਬ ਨਾਲ
ਅਸਮਾਨ ਸ਼ਰਮਿੰਦਾ ਹੋ ਗਿਆ
ਧਰਤੀ ਗੀਤ ਗਾਉਣ ਲੱਗੀ।

ਲਾਵੇ ਵਰਗਾ, ਉਬਲਦਾ ਗੁੱਸਾ
ਆਕਾਸ਼ੀ ਬਿਜਲੀ ਵਾਂਗ
ਚੁਫੇਰੇ ਲਿਸ਼ਕੋਰ ਬਣ ਫੈਲਿਆ
ਦੂਰੋਂ-ਪਾਰੋਂ ਆਵਾਜ਼ਾਂ ਆਈਆਂ
ਜੀਅ ਓਏ ਯੋਧਿਆ, ਜੀਅ !
ਘਾਬਰੀਂ ਨਾ, ਅਸੀਂ ਆਏ ਕਿ ਆਏ,
'ਤੇ ਜੁੜ ਗਿਆ ਹਜੂਮ
ਧਰਤੀ ਦੇ ਜਾਇਆਂ ਦਾ
ਆਪਣਿਆਂ ਤੇ 'ਪਰਾਇਆਂ' ਦਾ
ਦੂਰ ਤੱਕ ਅਣਗਿਣਤ, ਬੇ-ਹਿਸਾਬ
ਧਰਤੀ ਤੋਂ ਅਸਮਾਨ ਤੱਕ
ਗੂੰਜਣ ਲੱਗਿਆ ਟਿਕੈਤ, ਟਿਕੈਤ।

ਵਿਰਸਾ ਜੀਵਤ ਹੋਇਆ
ਵਿਰਾਸਤ ਸਾਂਭੀ ਗਈ
ਜਿਹੜਾ ਭਾਈਚਾਰਾ ਕਦੇ
ਉਰੇ-ਪਰੇ ਹੋ ਗਿਆ ਸੀ
ਸਿਆਸੀ ਚਾਲਾਂ ਤੇ ਧੱਕੇ ਨਾਲ
ਵੰਡ ਦਿੱਤਾ ਗਿਆ ਸੀ ਸਾਂਝਾ ਸਮਾਜ
ਕਿਰਤੀਆਂ ਦਾ ਭਾਈਚਾਰਾ
ਉਹ ਮੁੜ ਜੁੜ ਗਿਆ ਹੈ

ਘਰਾਂ ਤੋਂ ਨਿਕਲ ਤੁਰੇ ਮਿਹਨਤੀ ਲੋਕ
ਆਪਣੇ ਹੱਕਾਂ ਦੀ ਰਾਖੀ ਲਈ
ਭਾਈਚਾਰਾ ਜੁੜ ਬੈਠਿਆ
ਸਾਂਝੇ ਨਾਅਰੇ ਉੱਚੇ ਹੋ ਰਹੇ ਹਨ
ਲਹਿਰ ਜਿੱਤ ਵੱਲ ਅੱਗੇ ਵਧ ਰਹੀ ਹੈ।
ਹੁਣ ਅੰਬਰ ਵੀ
ਜਿੱਤ ਦਾ ਜਸ਼ਨ ਦੇਖੇਗਾ।

ਸੂਰਬੀਰ ਟਿਕੈਤ ਨੇ
ਆਪਣੇ ਅੱਥਰੂਆਂ ਨਾਲ
ਉੱਜਲ ਭਵਿੱਖ ਦਾ
ਮੂੰਹ ਧੋ ਦਿੱਤਾ ਹੈ
ਆਸ ਦਾ - ਉਮੀਦ ਦਾ
ਬੂਹਾ ਖੜਕਾ ਦਿੱਤਾ ਹੈ।
ਪਿੰਡਾਂ ਤੋਂ ਤੁਰੇ, ਹੋਰ ਕਿਰਤੀਆਂ ਦੇ ਜਥੇ
ਮੋਰਚਿਆਂ ਵਿਚ ਪਹੁੰਚ ਰਹੇ ਹਨ
ਸੰਘਰਸ਼ ਵਿਚ ਜੁੜ ਬੈਠਿਆਂ ਦੇ
ਨਾਅਰੇ ਹੋਰ ਉੱਚੇ ਹੋ ਗਏ ਹਨ
ਸਭ ਨੂੰ ਵਿਸ਼ਵਾਸ ਹੈ , ਜਲਦ ਹੀ
ਧਰਤ ਦੇ ਵਿਹੜੇ
ਜਿੱਤ ਦੀ ਧਮਾਲ ਪਵੇਗੀ।

## ਮਿਹਨਤ ਦਾ ਫਲ




ਇੱਕ ਬੁੱਢੀ ਔਰਤ ਬਜਾਰ ਵੱਲ ਜਾ ਰਹੀ ਸੀ।ਬਜਾਰ ਜਾਣ ਦੇ ਸਾਰੇ ਰਸਤੇ ਬੰਦ ਹੋਏ ਪਏ ਸਨ। ਸਿਰਫ ਇੱਕ ਹੀ ਰਸਤਾ ਖੁੱਲਾ ਸੀ। ਦੂਜੇ ਰਸਤਿਆਂ ਵਿੱਚ ਬਹੁਤ ਸਾਰੇ ਟੋਏ ਅਤੇ ਇੱਟਾਂ -ਰੋੜੇ ਪਏ ਹੋਏ ਸਨ, ਕਿਉਂਕਿ ਉਸ ਰਸਤੇ ਨੂੰ ਠੀਕ ਕੀਤਾ ਜਾ ਰਿਹਾ ਸੀ। ਉਹ ਬੁੱਢੀ ਔਰਤ ਸੋਚਣ ਲੱਗੀ ਕਿ ਉਸਨੂੰ ਹੁਣ ਸੁੰਨੇ ਰਸਤੇ ਵਿਚੋਂ ਹੀ ਲੰਘ ਕੇ ਜਾਣਾ ਪਵੇਗਾ ।ਉਸ ਬੁੱਢੀ ਔਰਤ ਨੂੰ ਸੁਣਦਾ ਵੀ ਘੱਟ ਸੀ ਅਤੇ ਦਿਖਾਈ ਵੀ ਘੱਟ ਦਿੰਦਾ ਸੀ। ਅਖੀਰ ਉਹ ਸੁੰਨੇ ਰਸਤੇ ਵਿੱਚ ਹੀ ਚੱਲ ਪਈ। ਉਸ ਰਸਤੇ ਵਿੱਚ ਇੱਕ ਪੱਥਰ ਪਿਆ ਸੀ। ਉਹ ਤੁਰਦੇ-ਤੁਰਦੇ ਰਸਤੇ ਵਿੱਚ ਪਏ ਪੱਥਰ ਕੋਲ ਪਹੁੰਚ ਕੇ ਉਸ ਵਿੱਚ ਅੜਕ ਕੇ ਡਿੱਗਣ ਵਾਲੀ ਸੀ। ਉਸ ਦੇ ਪਿੱਛੇ -ਪਿੱਛੇ ਇੱਕ ਕੁੜੀ ਆ ਰਹੀ ਸੀ। ਉਸਨੇ ਬਜੁਰਗ ਔਰਤ ਨੂੰ ਬਹੁਤ ਅਵਾਜਾਂ ਮਾਰੀਆਂ। ਪਰ ਬੁੱਢੀ ਔਰਤ ਨੂੰ ਘੱਟ ਸੁਣਾਈ ਦਿੰਦਾ ਹੋਣ ਕਰ ਕੇ ਕੁੱਝ ਵੀ ਨਹੀਂ ਸੁਣਿਆਂ।ਕੁੜੀ ਸੋਚਣ ਲੱਗੀ ਜੇ ਕਰ ਮੈਂ ਤੇਜ ਦੌੜ ਕੇ ਉਸ ਔਰਤ ਕੋਲ ਪਹੁੰਚ ਜਾਵਾਂ ਤਾਂ ਮੈਂ ਉਸਨੂੰ ਡਿੱਗਣ ਤੋਂ ਬਚਾ ਸਕਦੀ ਹਾਂ। ਫਿਰ ਉਹ ਕੁੜੀ ਬਹੁਤ ਤੇਜੀ ਨਾਲ ਭੱਜ ਕੇ ਉਸ ਬੁਢੀ ਔਰਤ ਕੋਲ ਪਹੁੰਚ ਗਈ ਜਦੋਂ ਤੱਕ ਬੁੱਢੀ ਔਰਤ ਪੱਥਰ ਕੋਲ ਪਹੁੰਚੀ ਅਤੇ ਉਸ ਨੇ ਬੁੱਢੀ ਔਰਤ ਨੂੰ ਡਿਗਣ ਤੋਂ ਬਚਾ ਲਿਆ। ਬੁੱਢੀ ਔਰਤ ਨੇ ਉਸ ਕੁੜੀ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਉਹ ਬੁੱਢੀ ਔਰਤ ਬਹੁਤ ਦਿਆਲੂ ਔਰਤ ਸੀ। ਉਹ ਕੁੜੀ ਨੂੰ ਕਿਹਾ ਕਿ ਮੇਰੀ ਪਿਆਰੀ ਬੱਚੀ ਤੂੰ ਅੱਜ ਮੇਰੇ ਕੋਲੋਂ ਕੁੱਝ ਮੰਗ ਸਕਦੀ ਹੈਂ। ਉਹ ਕੁੜੀ ਨੇ ਕਿਹਾ ਕਿ ਮੈਨੂੰ ਹੋਰ ਕੁੱਝ ਨਹੀਂ ਚਾਹੀਦਾ, ਮੈਂ ਆਈ.ਏ.ਐਸ. ਬਣਨਾ ਚਾਹੁੰਦੀ ਹਾਂ ਮੈਨੂੰ ਅਸ਼ੀਰਵਾਦ ਦਿਉ ਕਿ ਮੈਂ ਆਪਣਾ ਇਹ ਸੁਪਨਾ ਪੂਰਾ ਕਰ ਸਕਾਂ। ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰ ਸਕਾਂ।ਇਹ ਸੁਣਦਿਆਂ ਹੀ ਬੁੱਢੀ ਔਰਤ ਨੇ ਉਸ ਕੁੜੀ ਨੂੰ ਇਕ ਮੰਤਰ ਦੱਸਿਆ।ਉਹ ਮੰਤਰ ਸੀ ਪੂਰੀ ਲਗਨ ਨਾਲ ਆਪਣੇ ਸੁਪਨੇ ਪੂਰੇ ਕਰਨ ਲਈ ਮਿਹਨਤ ਕਰਨੀ। ਕੁੜੀ ਨੇ ਇਹੀ ਮੰਤਰ ਅਪਣਾਇਆ ਅਤੇ ਉਹ ਆਉਦੇ ਦਸ ਸਾਲਾਂ ਨੂੰ ਅਈ.ਏ.ਐਸ ਬਣ ਗਈ।

**ਜਪਜੀਤ ਕੌਰ**
91-85690-01590

# ਵਿਰਸਾ : ਘਰਾਂ ਵਿੱਚੋਂ ਅਲੋਪ ਹੋ ਰਿਹਾ 'ਹਾਰਾ'



**ਤਸਵਿੰਦਰ ਸਿੰਘ ਬੜੈਚ**
91-98763-22677



ਪਿੰਡਾਂ ਵਿੱਚ ਮਿੱਟੀ ਨਾਲ ਕੀਤਾ ਜਾਂਦਾ ਕਲਾਤਮਕ ਕੰਮ ਲੋਕ-ਕਲਾ ਦੇ ਘੇਰੇ ਵਿੱਚ ਆਉਂਦਾ ਹੈ। ਲੋਕ -ਕਲਾ ਨੂੰ ਸਿੱਧੇ-ਸਾਦੇ ਲੋਕਾਂ ਦੀ ਕਲਾ ਆਖਿਆ ਜਾਂਦਾ ਹੈ। ਇਹ ਕਿਸਾਨ ਜਾਂ ਪੇਂਡੂ ਕਲਾ ਦਾ ਹੀ ਨਾਂਅ ਹੈ ਜਾਂ ਉਨ੍ਹਾਂ ਲੋਕਾਂ ਦੀ ਕਲਾ, ਜਿਨ੍ਹਾ ਨੂੰ ਕਿਸੇ ਵਿਸ਼ੇਸ਼ ਸੰਸਥਾ ਅਧੀਨ ਸਿਖਲਾਈ ਨਾ ਦਿੱਤੀ ਗਈ ਹੋਵੇ। ਕੁਝ ਸਾਲ ਪਹਿਲਾਂ ਤੱਕ ਪੰਜਾਬ ਦੇ ਘਰਾਂ ਦੀ ਰਸੋਈ ਨੇੜੇ ਹੀ ਕੰਧ ਵਿੱਚ ਇੱਕ ਆਲੇ ਵਾਂਗ ਆਕਾਰ ਬਣਿਆ ਹੁੰਦਾ ਸੀ। ਜਿਸ 'ਚ ਢੋਲ ਦੀ ਸ਼ਕਲ ਦਾ ਪਾਤਰ ਡੂੰਘਾਈ ਰੂਪ ਵਿੱਚ ਬਣਿਆ ਹੁੰਦਾ ਸੀ ਜਾਂ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਵਾਲੀ ਇੱਕ ਢੋਲ ਦੀ ਸ਼ਕਲ ਦੀ ਮਿੱਟੀ ਦੀ ਭੜੋਲੀ ਬਣੀ ਹੁੰਦੀ ਸੀ, ਜਿਸ ਨੂੰ 'ਹਾਰਾ' ਕਹਿੰਦੇ ਸਨ। ਹਾਰਾ ਪਿੰਡਾਂ ਦੀਆਂ ਔਰਤਾਂ ਦੀ ਹਸਤ ਕਲਾ ਦਾ ਗਵਾਹ ਤਾਂ ਸੀ ਹੀ, ਨਾਲ ਹੀ ਇਸ ਵਿੱਚ ਰਿੰਨ੍ਹੀਆਂ ਦਾਲਾਂ ਅਤੇ ਹੋਰ ਚੀਜਾਂ ਦਾ ਸਵਾਦ ਗੈਸ ਦੀ ਅੱਗ 'ਤੇ ਛੇਤੀ-ਛੇਤੀ ਰਿੱਝਣ ਵਾਲੀਆਂ ਦਾਲਾਂ, ਸਬਜ਼ੀਆਂ ਤੋਂ ਕਾਫੀ ਭਿੰਨ ਹੁੰਦਾ ਸੀ। ਹਾਰੇ ਵਿੱਚ ਪਾਥੀਆ ਆਦਿ ਜਲ਼ਾ ਕੇ ਦੁੱਧ, ਸਾਗ, ਖਿਚੜੀ, ਦਾਲ ਜਾਂ ਜਿਹੜੀ ਵੀ ਹੋਰ ਚੀਜ਼ ਬਣਾਉਣੀ ਹੁੰਦੀ ਧਰ ਦਿੱਤੀ ਜਾਂਦੀ ਸੀ। ਸਾਰੇ ਦਿਨ 'ਚ ਇੱਕ-ਦੋ ਵਾਰੀ ਅੱਗ ਦਾ ਸੇਕ ਜਾਰੀ ਰੱਖਣ ਲਈ ਹੋਰ ਗੋਹੇ ਭੰਨ ਕੇ ਲਾ ਦਿੱਤੇ ਜਾਂਦੇ। ਭੋਜਨ ਬਣਾਉਣ ਦਾ ਇਹ ਕੰਮ ਮੱਠੀ ਅੱਗ ਉੱਤੇ ਹੁੰਦਾ ਸੀ। ਹਾਰੇ ਵਿੱਚ ਪਾਏ ਗੋਹੇ ਹੌਲੀ-ਹੌਲੀ ਸਾਰਾ ਦਿਨ ਧੁਖਦੇ ਰਹਿੰਦੇ ਤੇ ਜਿਹੜੀ ਵੀ ਚੀਜ਼ ਬਣਨੀ ਧਰੀ ਹੋਣੀ, ਬਹੁਤ ਹੀ ਸੁਆਦਲੀ ਬਣਦੀ ਸੀ। ਹਾਰੇ ਦੀ ਘਰ ਵਿੱਚ ਉਪਯੋਗਤਾ ਹੋਣ ਦੇ ਨਾਲ - ਨਾਲ ਇਸ ਨੂੰ ਕਈ ਵਾਰ ਸਜਾਵਟੀ ਤੱਤਾਂ ਨਾਲ ਸ਼ਿੰਗਾਰਿਆ ਵੀ ਜਾਂਦਾ ਸੀ। ਜਿਹੜੀਆਂ ਸੁਆਣੀਆਂ ਹਸਤ-ਕਲਾ ਦੇ ਨਮੂਨਿਆਂ 'ਚ ਜਿਆਦਾ ਮਾਹਿਰ ਹੁੰਦੀਆਂ ਸਨ, ਉਹ ਹਾਰੇ ਦੇ ਬਾਹਰਲੇ ਸਿਰੇ ਉੱਤੇ ਮੋਰ - ਘੁੱਗੀਆਂ, ਮਣਕਿਆਂ ਵਾਂਗ ਮਿੱਟੀ ਦੀ ਮਾਲਾ, ਪਸ਼ੂ-ਪੰਛੀਆਂ ਨੂੰ ਦਰਸਾਉਂਦੀਆਂ ਆਕ੍ਰਿਤੀਆਂ ਬਣਾ ਲੈਂਦੀਆਂ ਸਨ। ਪਿੰਡਾਂ ਵਿੱਚ ਮਿੱਟੀ ਦਾ ਅਜਿਹਾ ਕੰਮ, ਜੋ ਕੇਵਲ ਨਾਰੀਆਂ ਹੀ ਕਰਦੀਆਂ ਸਨ, ਕਿਸੇ ਕਲਾਤਮਿਕ ਰਚਨਾ ਤੋਂ ਘੱਟ ਨਹੀਂ ਆਖਿਆ ਜਾ ਸਕਦਾ। ਹਾਰੇ ਦਾ ਜਿਕਰ ਗੀਤਾਂ ਵਿੱਚ ਵੀ ਆਉਂਦਾ ਹੈ, "ਰੀਝਾਂ ਨਾਲ ਜਿਹੜਾ ਮੈਂ ਬਣਾਇਆ ਸੀ ਹਾਰਾ, ਮਾਹੀ ਉਹਦੇ 'ਚ ਅੜਕ ਕੱਲ੍ਹ ਡਿੱਗ ਪਿਆ ਵਿਚਾਰਾ....।" ਹੁਣ ਨਾ ਹਾਰੇ ਨਾਲ ਜੁੜੇ ਗਾਣੇ ਸੁਣਨ ਨੂੰ ਮਿਲਦੇ ਹਨ ਨਾ ਹੀ ਦੇਖਣ ਨੂੰ ਹਾਰੇ। ਲੰਘੇ ਵੇਲੇ ਇਹ ਹਾਰੇ ਸਾਡੇ-ਤੁਹਾਡੇ ਸਾਰਿਆਂ ਦੇ ਘਰਾਂ ਵਿੱਚ ਦੇਖਣ ਨੂੰ ਮਿਲਦੇ ਸਨ, ਜੋ ਹੁਣ ਘਰਾਂ ਵਿੱਚੋਂ ਅਲੋਪ ਹੋ ਰਹੇ ਹਨ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**

Across the Street from TA Truck Stop